# PUNJAB VIDHAN SABHA

## DEBATES

*Saturday, the 24th March, 2018*

*Vol.IV- No.5*

*OFFICIAL REPORT*

## CONTENTS


| | PAGE(s) |
|---|---|
| Starred Questions and Answers | (5) 1 |
| Written Answer to Starred Question laid on the Table of the House under Rule 38 | (5) 35 |
| Unstarred Questions and Answers | (5) 35 |
| Presentation of Budget Estimates for the year 2018-19 | (5) 44 |
| Walk-out | (3) 57 |
| Presentation of Budget Estimates for the year 2018-19 *(Resumption)* | (3) 57 |
| Walk-out | (3) 61 |
| Presentation of Budget Estimates for the year 2018-19 *(Resumption)* | (3) 61 |
| Appendix | (i-iv) |


---


**Punjab Vidhan Sabha Secretariat, Chandigarh**
**Price: Rs. .................**

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਲੜੀ ਨੰ. | ਮੰਤਰੀ ਦਾ ਨਾਂ | ਵਿਭਾਗ |
|---|---|---|
| 1. | ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ | ਆਮ ਪ੍ਰਸ਼ਾਸਨ, ਪਰਸੋਨਲ, ਗ੍ਰਹਿ ਮਾਮਲੇ ਅਤੇ ਨਿਆਂ, ਚੌਕਸੀ, ਸਿੰਜਾਈ ਅਤੇ ਬਿਜਲੀ ਅਤੇ ਹੋਰ ਸਾਰੇ ਵਿਭਾਗ ਜਿਹੜੇ ਕਿਸੇ ਹੋਰ ਮੰਤਰੀ ਨੂੰ ਨਹੀਂ ਦਿੱਤੇ ਗਏ |
| **ਕੈਬਨਿਟ ਮੰਤਰੀ** | | |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ |
| 3. | ਸਰਦਾਰ ਨਵਜੋਤ ਸਿੰਘ ਸਿੱਧੂ | ਸਥਾਨਕ ਸਰਕਾਰ ਅਤੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ |
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ | ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ |
| 5. | ਸਰਦਾਰ ਸਾਧੂ ਸਿੰਘ | ਜੰਗਲਾਤ, ਛਪਾਈ ਤੇ ਲਿਖਣ ਸਮੱਗਰੀ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ |
| 6. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ | ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਲਪਾਈ ਤੇ ਸੈਨੀਟੇਸ਼ਨ |
| 7. | ਸਰਦਾਰ ਚਰਨਜੀਤ ਸਿੰਘ ਚੰਨੀ | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ |
| **ਰਾਜ ਮੰਤਰੀ** | | |
| 8. | ਸ਼੍ਰੀਮਤੀ ਅਰੁਨਾ ਚੌਧਰੀ | ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ |
| 9. | ਸ਼੍ਰੀਮਤੀ ਰਜ਼ੀਆ ਸੁਲਤਾਨਾ | ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ), ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ |

# PUNJAB VIDHAN SABHA

*Saturday, the 24th March, 2018*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Rana Kanwar Pal Singh) in the Chair.*

---

## STARRED QUESTIONS AND ANSWERS

**ਨਿਸ਼ਾਨ ਵਾਲਾ ਪ੍ਰਸ਼ਨ ਨੰ:** 1190

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

### ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸਵੱਛ ਭਾਰਤ ਤਹਿਤ ਮਨਜ਼ੂਰ ਕੀਤੇ ਪਖਾਨਿਆਂ ਦੀ ਗਿਣਤੀ

***840. ਸਰਦਾਰ ਬਿਕਰਮ ਸਿੰਘ ਮਜੀਠੀਆ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸਵੱਛ ਭਾਰਤ ਮਿਸ਼ਨ ਤਹਿਤ ਹੁਣ ਤੱਕ ਕਿੰਨੇ ਪਖਾਨੇ ਮਨਜ਼ੂਰ ਹੋ ਚੁੱਕੇ ਹਨ ਅਤੇ ਮਨਜ਼ੂਰ ਹੋਏ ਪਖਾਨਿਆਂ ਵਿੱਚੋਂ ਬਲਾਕ ਮਜੀਠਾ ਅਤੇ ਤਰਸਿੱਕਾ ਦੇ ਕਿੰਨੇ ਪਿੰਡਾਂ ਨੂੰ ਕਵਰ ਕੀਤਾ ਗਿਆ ਹੈ ;

(ਅ) ਮਨਜ਼ੂਰੀ ਦੀ ਮਿਤੀ ਅਤੇ ਹੁਣ ਤੱਕ ਮੁਕੰਮਲ ਹੋ ਚੁੱਕੇ ਪਖਾਨਿਆਂ ਦੀ ਗਿਣਤੀ ਕਿੰਨੀ ਹੈ ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** (ੳ) ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸਾਲ 2011 ਵਿੱਚ ਕਰਵਾਏ ਬੇਸ ਲਾਈਨ ਸਰਵੇ ਤਹਿਤ ਕੁੱਲ 64,440 ਲਾਭਪਾਤਰੀਆਂ ਦੇ ਘਰਾਂ ਵਿੱਚ ਪਖਾਨੇ ਬਣਾਉਣ ਦੀ ਸ਼ਨਾਖਤ ਕੀਤੀ ਗਈ ਸੀ, ਜਿਸ ਵਿੱਚ ਬਲਾਕ ਮਜੀਠਾ ਦੇ 92 ਪਿੰਡਾਂ ਅਤੇ ਬਲਾਕ ਤਰਸਿੱਕਾ ਦੇ 89 ਪਿੰਡਾਂ ਨੂੰ ਕਵਰ ਕੀਤੇ ਜਾਣ ਦੀ ਤਜਵੀਜ਼ ਹੈ।

(ਅ) ਜ਼ਿਲ੍ਹਾ ਅੰਮ੍ਰਿਤਸਰ ਵਿੱਚ 26.6.2015 ਨੂੰ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਅਧੀਨ ਪਖਾਨੇ ਤਿਆਰ ਕਰਵਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸ਼ੁਰੂ ਕਰਵਾਏ 22,850 ਪਖਾਨਿਆਂ ਵਿੱਚੋਂ 10,090 ਪਖਾਨੇ ਮੁਕੰਮਲ ਕੀਤੇ ਜਾ ਚੁੱਕੇ ਹਨ ਅਤੇ 12,760 ਪਖਾਨੇ ਪ੍ਰਗਤੀ ਅਧੀਨ ਹਨ। ਇਨ੍ਹਾਂ ਵਿੱਚੋਂ ਬਲਾਕ ਮਜੀਠਾ ਵਿੱਚ ਸ਼ੁਰੂ ਕਰਵਾਏ 2056 ਪਖਾਨਿਆਂ ਵਿੱਚੋਂ 811 ਪਖਾਨੇ ਮੁਕੰਮਲ ਹੋ ਚੁੱਕੇ ਹਨ ਅਤੇ 1245 ਪਖਾਨੇ ਪ੍ਰਗਤੀ ਅਧੀਨ ਹਨ। ਬਲਾਕ ਤਰਸਿੱਕਾ ਵਿੱਚ ਸ਼ੁਰੂ ਕਰਵਾਏ 2207 ਪਖਾਨਿਆਂ ਵਿੱਚੋਂ 428 ਪਖਾਨੇ ਮੁਕੰਮਲ ਹੋ ਚੁੱਕੇ ਹਨ ਅਤੇ 1779 ਪਖਾਨੇ ਪ੍ਰਗਤੀ ਅਧੀਨ ਹਨ ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸਪੀਕਰ ਸਾਹਿਬ, ਸਪਲੀਮੈਂਟਰੀ। ਵਜ਼ੀਰ ਸਾਹਿਬ ਕੀ ਤੁਸੀਂ ਇਸ ਗੱਲ ਦੀ ਐਸ਼ੋਰੈਂਸ ਦਿੰਦੇ ਹੋ ਕਿ ਇਹ ਕਿਹੜੀ ਤਰੀਕ ਤੱਕ ਕੰਪਲੀਟ ਹੋ ਜਾਣਗੇ? ਕਿਰਪਾ ਕਰਕੇ ਇਹ ਵੀ ਦੱਸ ਦਿਓ ਕਿ ਇਹ ਟੋਟਲ ਕਿੰਨੀ ਕੋਸਟ ਨਾਲ ਬਣਨਗੇ? ਉਸ ਵਿੱਚ ਸਟੇਟ ਸ਼ੇਅਰ ਕਿੰਨਾ ਹੈ ਅਤੇ ਗੌਰਮਿੰਟ ਆਫ ਇੰਡੀਆ ਦਾ ਸ਼ੇਅਰ ਕਿੰਨਾ ਹੈ?

**ਮੰਤਰੀ** : ਸਪੀਕਰ ਸਾਹਿਬ, 31.8.2018 ਤੱਕ ਅਸੀਂ ਇਹ ਮੁਕੰਮਲ ਕਰ ਦੇਵਾਂਗੇ। ਇਸ ਸਕੀਮ ਵਿੱਚ ਅਸੀਂ 15,000 ਰੁਪਿਆ ਲਗਾਉਂਦੇ ਹਾਂ। ਇਸ ਦੇ ਨਾਲ ਹੀ ਅਸੀਂ ਲਾਭਪਾਤਰੀ ਨੂੰ ਵੀ ਰਿਕੁਐਸਟ ਕਰਦੇ ਹਾਂ ਕਿ ਉਹ ਵੀ ਆਪਣੇ ਕੋਲੋਂ 4,000-5,000 ਰੁਪਿਆ ਲਗਾਉਣ ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸਪੀਕਰ ਸਾਹਿਬ, ਜੋ ਮੰਤਰੀ ਸਾਹਿਬ ਨੇ ਵਿਸ਼ਵਾਸ ਦਿਵਾਇਆ ਹੈ, ਇਹ ਐਸ਼ੋਰੈਂਸ ਦੇ ਰਹੇ ਹਨ ਕਿ 31.8.2018 ਤੱਕ ਇਹ ਸਾਰੇ ਪਖਾਨੇ ਕੰਪਲੀਟ ਹੋ ਜਾਣਗੇ ਪਰ ਮੈਂ ਤੁਹਾਨੂੰ ਨਾਲ ਹੀ ਇਹ ਬੇਨਤੀ ਕਰ ਰਿਹਾ ਹਾਂ ਕਿ ਇਸ ਕੰਮ ਦੀ ਰਫਤਾਰ ਘਟੀ ਕਿਉਂ ਹੈ? ਬਾਦਲ ਸਾਹਿਬ ਨੇ ਆਪਣੀ ਸਰਕਾਰ ਵੇਲੇ ਇਹ ਸਕੀਮ ਅਪਰੂਵ ਕਰਵਾਈ ਸੀ, ਉਸ ਦਾ ਕੰਮ ਇਸ ਲਈ ਘਟਿਆ ਹੈ ਕਿਉਂਕਿ ਜਿਹੜਾ ਸਟੇਟ ਸ਼ੇਅਰ ਬਣਦਾ ਹੈ, ਉਹ ਤੁਸੀਂ ਨਹੀਂ ਦੇ ਰਹੇ। ਜੇਕਰ ਤੁਸੀਂ ਉਹ ਸਟੇਟ ਸ਼ੇਅਰ ਦਿਓਗੇ ਤਾਂ ਹੀ ਇਹ ਮੁਕੰਮਲ ਹੋਣਗੇ...

**ਮਾਨਯੋਗ ਸਪੀਕਰ** : ਮਜੀਠੀਆ ਸਾਹਿਬ, ਸਵਾਲ ਪੁੱਛੋ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸਪੀਕਰ ਸਾਹਿਬ, ਇਹ ਐਸ਼ੋਰੈਂਸ ਦੇ ਦੇਣ ਕਿ ਇਹ ਪਖਾਨੇ 31.8.2018 ਨੂੰ ਕੰਪਲੀਟ ਹੋ ਜਾਣਗੇ ?

**ਮਾਨਯੋਗ ਸਪੀਕਰ**: ਉਹ ਦੇ ਦਿੱਤੀ ਹੈ। ਤੁਸੀਂ ਸਵਾਲ ਪੁੱਛੋ।

**ਸਰਦਾਰ ਬਿਕਰਮ ਸਿੰਘ ਮਜੀਠੀਆ**: ਮੈਂ ਸਵਾਲ ਹੀ ਪੁੱਛ ਰਿਹਾ ਹਾਂ। ਪਤਾ ਨਹੀਂ ਤੁਸੀਂ ਕਿਹੜੇ ਲਿਹਾਜ਼ੇ ਨਾਲ ਪੁਛਾਉਣਾ ਚਾਹੁੰਦੇ ਹੋ। ਮੈਂ ਤਾਂ ਜੋ ਅਸਲੀਅਤ ਹੈ, ਉਹ ਦੱਸ ਰਿਹਾ ਹਾਂ। ਮੇਰੀ ਬੇਨਤੀ ਸਿਰਫ ਇੰਨੀ ਹੈ ਕਿ ਇਹ ਕਹਿ ਰਹੇ ਹਨ ਕਿ ਕੰਮ ਚੱਲ ਰਿਹਾ ਹੈ। ਕੰਮ ਚੱਲ ਰਿਹਾ ਸੀ ਅਤੇ ਹੁਣ ਰੁਕ ਗਿਆ ਹੈ। Firstly, I want an assurance ਕਿ 31.8.2018 ਤੱਕ ਸਾਰੇ ਪਖਾਨੇ ਕੰਪਲੀਟ ਹੋ ਜਾਣਗੇ।

**Mr Speaker** : That he has given.

**Sardar Birkam Singh Majithia** : No, he doesn't say that he has given an assurance.

**ਮੰਤਰੀ** : ਸਪੀਕਰ ਸਾਹਿਬ, 31.8.2018 ਤੱਕ ਸਾਰੇ ਪਖਾਨੇ ਬਣ ਜਾਣਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਬਹੁਤ ਧੰਨਵਾਦ। Speaker Sahib, my second supplementary. ਮੈਂ ਤੁਹਾਡੇ ਵਰਗੇ ਕਾਬਲ ਵਜ਼ੀਰ ਤੋਂ ਇਹੀ ਆਸ ਕਰਦਾ ਹਾਂ। ਬਹੁਤ ਧੰਨਵਾਦ। ਸਪੀਕਰ ਸਾਹਿਬ, ਮੇਰਾ ਦੂਜਾ ਸਵਾਲ ਇਨ੍ਹਾਂ ਨੂੰ ਇਹ ਹੈ ਕਿ ਪੰਜਾਬ ਦੇ ਕਿੰਨੇ ਜ਼ਿਲ੍ਹੇ ਅਜਿਹੇ ਹਨ, ਜਿਹੜੇ ਆਲਰੇਡੀ ਇਨ੍ਹਾਂ ਨੇ Open Defecation Free ਕਰ ਦਿੱਤੇ ਹਨ? ਕਿਰਪਾ ਕਰਕੇ ਉਹ ਵੀ ਦੱਸ ਦੇਣ।

**ਮੰਤਰੀ** : ਸਪੀਕਰ ਸਾਹਿਬ, ਇਹ ਸੈਪਰੇਟ ਸਵਾਲ ਬਣਦਾ ਹੈ। ਜੇਕਰ ਮੈਨੂੰ ਆ ਕੇ ਮਿਲ ਲਓ ਤਾਂ ਤੁਹਾਨੂੰ ਸਾਰੀ ਡਿਟੇਲ ਦੱਸ ਦੇਵਾਂਗਾ।

**ਸ਼੍ਰੀ ਅਰੁਣ ਨਾਰੰਗ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਬੋਹਰ ਹਲਕੇ ਵਿੱਚ ਵੀ ਇਹ ਕੰਮ ਬੰਦ ਪਿਆ ਹੈ। ਕਈ ਪਿੰਡਾਂ ਵਿੱਚ ਇੱਕ ਇੱਕ ਕਿਸ਼ਤ ਗਈ ਹੈ ਅਤੇ ਉਸ ਤੋਂ ਬਾਅਦ ਪਖਾਨਿਆਂ ਦਾ ਕੰਮ ਬੰਦ ਪਿਆ ਹੈ। ਇਸ ਲਈ ਕਿਰਪਾ ਕਰਕੇ ਇਹ ਐਸ਼ੋਰੈਂਸ ਵੀ ਦੇ ਦੇਣ ਕਿ ਅਬੋਹਰ, ਜ਼ਿਲ੍ਹਾ ਫਾਜ਼ਿਲਕਾ ਦਾ ਕੰਮ ਕਦੋਂ ਤੱਕ ਪੂਰਾ ਹੋ ਜਾਵੇਗਾ? ਵੈਸੇ ਇਹ ਕਾਂਗਰਸ ਪਾਰਟੀ ਦੇ ਪ੍ਰਧਾਨ ਜੀ ਦਾ ਹਲਕਾ ਵੀ ਹੈ।

**ਮਾਨਯੋਗ ਸਪੀਕਰ** : ਨਾਰੰਗ ਸਾਹਿਬ, ਵੈਸੇ ਇਹ ਵੱਖਰਾ ਸਵਾਲ ਬਣਦਾ ਹੈ, ਜੇਕਰ ਵਜ਼ੀਰ ਸਾਹਿਬ ਚਾਹੁਣ ਤਾਂ ਜਵਾਬ ਦੇ ਸਕਦੇ ਹਨ ਪਰ ਇਹ ਵੱਖਰਾ ਸਵਾਲ ਬਣਦਾ ਹੈ।

**ਸ਼੍ਰੀ ਅਰੁਣ ਨਾਰੰਗ** : ਸਰ, ਇਹ same question ਹੈ।

**ਮਾਨਯੋਗ ਸਪੀਕਰ** : ਨਹੀਂ ਜੀ।

**ਸ਼੍ਰੀ ਅਰੁਣ ਨਾਰੰਗ** : ਅਬੋਹਰ ਹਲਕੇ ਦਾ ਕੰਮ ਬੰਦ ਪਿਆ ਹੈ। ਮੰਤਰੀ ਜੀ, ਐਸ਼ੋਰੈਂਸ ਦੇ ਦੇਣ ਕਿ ਉਥੇ ਵੀ ਕੰਮ ਪੂਰਾ ਹੋ ਜਾਵੇਗਾ।

**ਮਾਨਯੋਗ ਸਪੀਕਰ** : ਉਨ੍ਹਾਂ ਦਾ ਸਵਾਲ ਅੰਮ੍ਰਿਤਸਰ ਜ਼ਿਲ੍ਹੇ ਦਾ ਸੀ।

**ਮੰਤਰੀ :** ਸਪੀਕਰ ਸਾਹਿਬ, 31.8.2018 ਤੱਕ ਸਾਰੇ ਪੰਜਾਬ ਵਿੱਚ ਇਹ ਕੰਮ ਕੰਪਲੀਟ ਹੋ ਜਾਵੇਗਾ।

**ਡਾਕਟਰ ਸੁਖਵਿੰਦਰ ਕੁਮਾਰ:** ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਹ ਪਖਾਨੇ ਬਣਾਏ ਜਾਂਦੇ ਹਨ, ਉਸ ਦੇ ਵਾਸਤੇ ਖੱਡਾ ਪੁੱਟਣਾ ਪੈਂਦਾ ਹੈ। ਪੰਜਾਬ ਵਿੱਚ ਕਈ ਅਜਿਹੇ ਗਰੀਬ ਲੋਕ ਵੀ ਹਨ, ਜਿਨ੍ਹਾਂ ਕੋਲ ਸਿਰਫ ਇਕ ਕਮਰਾ ਹੀ ਰਹਿਣ ਵਾਸਤੇ ਹੁੰਦਾ ਹੈ, ਉਸ ਦੇ ਵਿਚ ਹੀ ਉਸ ਦੀ ਰਸੋਈ ਹੁੰਦੀ ਹੈ ਅਤੇ ਉਸ ਵਿਚ ਹੀ ਉਹ ਸੌਂਦੇ ਹਨ ਅਤੇ ਉਸ ਦੇ ਕੋਲ ਹੋਰ ਜਗ੍ਹਾ ਹੀ ਨਹੀਂ ਹੁੰਦੀ ਕਿ ਉਹ ਕਿਤੇ ਖੱਡਾ ਪੁੱਟ ਸਕੇ। ਇਸ ਤਰ੍ਹਾਂ ਦੇ ਹਾਲਾਤਾਂ ਵਿੱਚ ਅਸੀਂ ਉਸ ਨੂੰ ਕਿਸ ਤਰ੍ਹਾਂ ਇਸ ਸਕੀਮ ਤਹਿਤ ਸੁਵਿਧਾ ਦੇ ਸਕਦੇ ਹਾਂ? ਦੂਸਰਾ, ਕਿਉਂਕਿ ਅੱਗੇ ਵੀ ਮੇਰੇ ਧਿਆਨ ਵਿਚ ਇਹ ਗੱਲ ਆਈ ਹੈ, ਕਹਿੰਦੇ ਹਨ ਕਿ ਉਹ ਪੰਚਾਇਤ ਦੀ ਜਗ੍ਹਾ ਵਿੱਚ ਪਖਾਨਾ ਬਣਾ ਸਕਦੇ ਹਨ ਪ੍ਰੰਤੂ ਕਈ ਪਿੰਡਾਂ ਵਿੱਚ ਪੰਚਾਇਤੀ ਜਗ੍ਹਾ ਵੀ ਨਹੀਂ ਹੁੰਦੀ। ਫਿਰ ਅਜਿਹੇ ਲੋਕਾਂ ਨੂੰ ਇਹ ਫੈਸਿਲਟੀ ਕਿੱਥੇ ਅਤੇ ਕਿਵੇਂ ਦੇਣੀ ਹੈ?

**ਮੰਤਰੀ:** ਸਪੀਕਰ ਸਾਹਿਬ, ਅਸੀਂ ਪੰਚਾਇਤ ਦੀ ਜਗ੍ਹਾ ਵਿਚ ਤਾਂ ਇਹ ਨਹੀਂ ਬਣਾ ਸਕਦੇ। ਕਈ ਅਜਿਹੇ ਗਰੀਬ ਪਰਿਵਾਰ ਹਨ, ਜਿਨ੍ਹਾਂ ਕੋਲ ਰਹਿਣ ਲਈ ਇਕ ਕਮਰਾ ਹੀ ਹੁੰਦਾ ਹੈ। ਸੋ, ਉਨ੍ਹਾਂ ਦੀ ਪ੍ਰਾਬਲਮ ਵੱਖਰੀ ਹੈ। ਉਸ ਦਾ ਅਸੀਂ ਕੋਈ ਰਾਹ ਲੱਭਾਂਗੇ, ਅਜਿਹੇ ਗਰੀਬ ਪੰਜਾਬ ਵਿੱਚ ਹਨ ਪ੍ਰੰਤੂ ਉਹ ਥੋੜ੍ਹੀ ਗਿਣਤੀ ਵਿਚ ਹਨ।

**ਮਾਨਯੋਗ ਸਪੀਕਰ:** ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਗਰੀਬ ਲੋਕਾਂ ਸਬੰਧੀ ਵੀ ਵਿਚਾਰ ਕੀਤਾ ਜਾਵੇ।

**ਮੰਤਰੀ:** ਸਪੀਕਰ ਸਾਹਿਬ, ਅਸੀਂ ਜ਼ਰੂਰ ਇਸ ਤੇ ਵਿਚਾਰ ਕਰਾਂਗੇ। ਇਸ ਸਬੰਧੀ ਫੈਸਲਾ ਕਰਾਂਗੇ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨੀਸ਼ੀਅਲ ਸਰਵੇ ਪਖਾਨਿਆਂ ਸਬੰਧੀ ਹੋਏ ਸੀ, ਉਨ੍ਹਾਂ ਵਿਚ ਕਾਫ਼ੀ ਗਿਣਤੀ ਵਿੱਚ ਬਹੁਤ ਗਰੀਬ ਪਰਿਵਾਰ ਰਹਿ ਗਏ ਸੀ। ਪੰਜਾਬ ਵਿਚ ਅਜੇ ਵੀ ਅਜਿਹੇ ਗਰੀਬ ਪਰਿਵਾਰ ਬਹੁਤ ਹਨ, ਜਿਨ੍ਹਾਂ ਕੋਲ ਟੋਆਇਲਿਟਸ ਨਹੀਂ ਹਨ। ਇਹ ਬੜੀ ਤਰਾਸਦੀ ਵਾਲੀ ਗੱਲ ਹੈ ਕਿ ਉਹ ਵਿਚਾਰੇ ਅੱਜ ਵੀ ਪਖਾਨੇ ਲਈ ਬਾਹਰ ਜਾਂਦੇ ਹਨ। ਪਹਿਲਾਂ ਪਹਿਲਾਂ ਸਰਵੇ ਹੋਇਆ, ਫਿਰ ਦੂਜਾ ਸਰਵੇ ਹੋਇਆ ਲੇਕਿਨ a lot of families have been left out. ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਆਪਾਂ ਫਰੈੱਸ਼ ਸਰਵੇ ਕਰਵਾਵਾਂਗੇ ਤਾਂ ਕਿ ਸਾਰੇ ਉਹ ਪਰਿਵਾਰ, ਜਿਨ੍ਹਾਂ ਕੋਲ ਟੋਆਇਲਿਟਸ ਨਹੀਂ ਹਨ, ਉਹ ਇਸ ਸਕੀਮ ਵਿੱਚ ਕਵਰ ਹੋ ਸਕਣ ਅਤੇ ਸਾਰਾ ਪੰਜਾਬ Open Defecation Free ਹੋ ਜਾਵੇ। ਜਿਹੜਾ ਸਵੱਛ ਭਾਰਤ ਸਕੀਮ ਤਹਿਤ ਥਰੱਸਟ ਸੀ ਕਿ ਭਾਰਤ ਨੂੰ ਓ.ਡੀ.ਐਫ ਕਰਨਾ ਹੈ, ਉਹ ਵੀ ਪੂਰਾ ਹੋ ਜਾਵੇ। ਇਸ ਦੇ ਬਾਰੇ ਮੰਤਰੀ ਜੀ ਦੱਸ ਦੇਣ।

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਡਾਲਾ ਸਾਹਿਬ ਨੂੰ ਦੱਸਣਾ ਚਾਹਾਂਗਾ ਕਿ ਪਹਿਲਾਂ ਇਕ ਸਰਵੇ ਹੋਇਆ ਸੀ ਅਤੇ ਵਰਲਡ ਬੈਂਕ ਦੀ ਸਕੀਮ ਮੁਤਾਬਕ ਜਿਹੜੀਆਂ ਸ਼ਰਤਾਂ ਹਨ, ਉਸ ਦੇ ਵਿਚ ਕੋਈ ਅਜਿਹੀ ਗੁੰਜਾਇਸ਼ ਨਹੀਂ ਕਿ ਕੋਈ ਰਹਿ ਜਾਵੇਗਾ। ਪ੍ਰੰਤੂ ਫਿਰ ਵੀ ਜੇਕਰ ਵਡਾਲਾ ਸਾਹਿਬ ਤੁਹਾਡੇ ਨੋਟਿਸ ਵਿੱਚ ਕੋਈ ਕੇਸ ਆਵੇ, ਉਹ ਦੱਸ ਦੇਣਾ, ਉਨ੍ਹਾਂ ਨੂੰ ਅਸੀਂ ਜ਼ਰੂਰ ਕਵਰ ਕਰ ਦੇਵਾਂਗੇ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਬਹੁਤ ਚੰਗਾ ਜੀ, ਧੰਨਵਾਦ ਜੀ।

-----------

## ਨਿਸ਼ਾਨ ਵਾਲੇ ਪ੍ਰਸ਼ਨ ਨੰ: 975 ਅਤੇ 893

(ਸਬੰਧਿਤ ਮਾਨਯੋਗ ਮੈਂਬਰਾਂ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

------------

## ਚੋਣਾਂ ਵਿੱਚ ਕਾਲਜਾਂ ਦੇ ਵਿਦਿਆਰਥੀਆਂ ਦੀਆਂ ਡਿਊਟੀਆਂ ਲਗਾਉਣਾ

*879. **ਠੇਕੇਦਾਰ ਮਦਨ ਲਾਲ ਜਲਾਲਪੁਰ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਲੋਕ ਸਭਾ, ਵਿਧਾਨ ਸਭਾ, ਲੋਕਲ ਬਾਡੀਜ਼ ਚੋਣਾਂ ਵਿੱਚ ਕਾਲਜਾਂ ਦੇ ਵਿਦਿਆਰਥੀਆਂ ਨੂੰ ਇੱਕ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ ਵੱਖ-ਵੱਖ ਤਰ੍ਹਾਂ ਦੀਆਂ ਡਿਊਟੀਆਂ ਲਗਾਉਣ ਤੇ ਵਿਚਾਰ ਕਰੇਗੀ ਤਾਂ ਕਿ ਖਾਸ ਕਰਕੇ ਸਕੂਲ ਅਧਿਆਪਕਾਂ ਦਾ ਕੀਮਤੀ ਸਮਾਂ ਬਚਾਇਆ ਜਾ ਸਕੇ?

**ਕੈਪਟਨ ਅਮਰਿੰਦਰ ਸਿੰਘ :** ਨਹੀਂ ਜੀ।

**ਠੇਕੇਦਾਰ ਮਦਨ ਲਾਲ ਜਲਾਲਪੁਰ:** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਇਕ ਅਹਿਮ ਮੁੱਦਾ ਹੈ ਜੋ ਕਿ ਪੰਜਾਬ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਜਦੋਂ ਵੀ ਚੋਣਾਂ ਹੁੰਦੀਆਂ ਹਨ ਤਾਂ ਟੀਚਰਾਂ ਨੂੰ ਖਾਸ ਕਰਕੇ ਇਨ੍ਹਾਂ ਚੋਣ ਡਿਊਟੀਆਂ ਤੇ ਲਗਾਇਆ ਜਾਂਦਾ ਹੈ। ਪ੍ਰੰਤੂ ਜਿਹੜੇ ਸਕੂਲ ਸ਼ਹਿਰਾਂ ਤੋਂ ਦੂਰ ਹਨ, ਪੰਜਾਬ ਵਿਚ ਅਜਿਹੇ ਬਹੁਤ ਸਾਰੇ ਸਕੂਲਾਂ ਵਿਚ ਪਹਿਲਾਂ ਹੀ ਟੀਚਰ ਘੱਟ ਹਨ। ਜਿਵੇਂ ਕਿ ਮੇਰਾ ਹਲਕਾ ਘਨੌਰ ਹੈ, ਇਹ ਸ਼ਹਿਰ ਤੋਂ ਦੂਰ ਪੈਂਦਾ ਹੈ, ਉਥੇ ਟੀਚਰਾਂ ਦੀ ਬਹੁਤ ਘਾਟ ਹੈ। ਜਦੋਂ ਵੀ ਕੋਈ ਵੋਟਾਂ ਬਣਦੀਆਂ ਹਨ ਜਾਂ ਕੱਟਦੀਆਂ ਹਨ ਤਾਂ ਖਾਸ ਕਰਕੇ ਟੀਚਰਾਂ ਦੀਆਂ ਡਿਊਟੀਆਂ ਇਸ ਕੰਮ ਲਈ ਲਗਾਈਆਂ ਜਾਂਦੀਆਂ ਹਨ। ਮੈਂ ਚਾਹੁੰਦਾ ਹਾਂ ਕਿ ਜਿਹੜੇ ਸੀਨੀਅਰ ਵਿਦਿਆਰਥੀ ਹਨ, ਜਿਵੇਂ ਕਿ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਪੜ੍ਹਨ ਵਾਲੇ, ਜੇ ਉਨ੍ਹਾਂ ਨੂੰ ਨਾਲ ਲਗਾ ਕੇ ਟੀਚਰਾਂ ਦਾ ਸਮਾਂ ਬਚਾਇਆ ਜਾਵੇ ਤਾਂ ਬਿਹਤਰ ਹੋਵੇਗਾ। ਕਿਉਂਕਿ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੁੰਦਾ ਹੈ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਬਾਰੇ ਵਿਚਾਰ ਕੀਤਾ ਜਾਵੇ ਤਾਂ ਕਿ ਜਿਹੜੇ ਨੌਜਵਾਨ ਬੇਰੁਜ਼ਗਾਰ ਬੱਚੇ ਹਨ......

**ਮਾਨਯੋਗ ਸਪੀਕਰ:** ਸਵਾਲ ਪੁੱਛੋ ਜੀ।

**ਠੇਕੇਦਾਰ ਮਦਨ ਲਾਲ ਜਲਾਲਪੁਰ:** ਜਿਹੜੇ ਬੱਚਿਆਂ ਨੇ ਸਾਡੇ ਦੇਸ਼ ਦੀ ਵਾਗਡੋਰ ਸੰਭਾਲਣੀ ਹੈ, ਅਜਿਹਾ ਕਰਨ ਨਾਲ ਉਨ੍ਹਾਂ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਹੋ ਸਕਦਾ ਹੈ ਅਤੇ ਟੀਚਰਾਂ ਦਾ ਸਮਾਂ ਵੀ ਬਚ ਸਕਦਾ ਹੈ। ਇਸ ਬਾਰੇ ਕਮੇਟੀ ਬਣਾ ਕੇ ਕੋਈ ਪਾਲਿਸੀ ਬਣਾ ਲਈ ਜਾਵੇ। ਕੀ ਮੁੱਖ ਮੰਤਰੀ ਜੀ ਇਸ ਬਾਰੇ ਸਦਨ ਵਿੱਚ ਕੋਈ ਆਸ਼ਵਾਸਨ ਦੇਣਗੇ?

**ਮੁੱਖ ਮੰਤਰੀ:** ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਇਹ ਸਾਡੀ ਜੁਰਿਸਡਿਕਸ਼ਨ ਵਿਚ ਨਹੀਂ ਹੈ। ਇਹ ਇਲੈਕਸ਼ਨ ਕਮਿਸ਼ਨ ਦੀ ਜੁਰਿਸਡਿਕਸ਼ਨ ਵਿੱਚ ਹੈ। ਦੂਜੀ ਗੱਲ, ਜਿਥੋਂ ਤੱਕ ਬੱਚਿਆਂ ਨੂੰ ਲਾਉਣ ਦੀ ਗੱਲ ਹੈ, ਬੱਚੇ ਤਾਂ ਆਪ ਪਾਰਟੀਆਂ ਨਾਲ ਰਲ ਕੇ ਕੰਪੇਨਿੰਗ ਕਰਦੇ ਹਨ, on the other hand, ਉਨ੍ਹਾਂ ਨੂੰ ਵੋਟ ਪਾਉਣ ਦੀ ਇਜਾਜ਼ਤ ਹੈ, ਲੇਕਿਨ ਡਿਊਟੀ ਕਰਨ ਦੀ ਨਹੀਂ। ਸੋ, ਇਲੈਕਸ਼ਨ ਕਮਿਸ਼ਨ ਉਨ੍ਹਾਂ ਨੂੰ ਚੁਣਦਾ ਹੈ। It is within the jurisdiction of the Election Commission. ਸਾਡੇ ਹੱਥਾਂ ਤੋਂ ਬਾਹਰ ਹੈ।

**Mr. Speaker:** It is up to Election Commission.

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਮੈਂਬਰ ਸਾਹਿਬ ਬੜੇ ਸਤਿਕਾਰਯੋਗ ਨੇ ਪਰ ਬਹੁਤ ਹੀ ਇਲਲੋਜੀਕਲ ਔਰ ਬੜੀ ਹਾਸੋਹੀਣੀ ਸੁਜੈਸ਼ਨ ਦਿੱਤੀ ਹੈ। ਆਪਾਂ ਬੱਚਿਆਂ ਤੋਂ ਅਜਿਹੇ ਕੰਮ ਨਹੀਂ ਕਰਵਾ ਸਕਦੇ। ਮੇਰਾ ਸੁਝਾਅ ਹੈ ਕਿ ਜੇ ਟੀਚਰਜ਼ ਨੂੰ ਅਵਾਇਡ ਹੀ ਕਰਨਾ ਹੈ ਤਾਂ ਚੀਫ ਮਨਿਸਟਰ ਸਾਹਿਬ ਨੇ ਕੱਲ੍ਹ ਸਵਾ ਚਾਰ ਲੱਖ ਡੈਪੋ ਤਾਂ ਬਣਾ ਹੀ ਲਿਆ ਹੈ। ਨਸ਼ੇ ਤਾਂ ਪੰਜਾਬ ਵਿਚ ਮੁੱਕ ਗਏ ਹਨ। ਸੋ, ਉਹ ਸਵਾ ਚਾਰ ਲੱਖ ਆਦਮੀ ਹੁਣ ਫਰੀ ਹਨ। ਜੇਕਰ ਤੁਹਾਡੀ ਆਗਿਆ ਹੋਵੇ ਤਾਂ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਤੋਂ ਚੋਣਾਂ ਦੇ ਕੰਮ ਕਰਵਾ ਲਿਆ ਕਰਨ ਜੀ।

**ਮਾਨਯੋਗ ਸਪੀਕਰ:** ਤੁਸੀਂ ਬੈਠੋ ਜੀ।

**Chief Minister :** It itself is not logical. ਜਿਹੜੇ ਸਵਾ ਚਾਰ ਲੱਖ ਆਦਮੀ ਦੀ ਇਹ ਗੱਲ ਕਰਦੇ ਹਨ, ਉਹ ਡਰੱਗ ਐਨਫੋਰਸਮੈਂਟ ਆਫੀਸਰ ਵਲੰਟੀਅਰ ਬਣਾਏ ਹਨ। ਉਨ੍ਹਾਂ ਦਾ ਚੋਣਾਂ ਨਾਲ ਕੀ ਸਬੰਧ ਹੈ?

**ਮਾਨਯੋਗ ਸਪੀਕਰ:** ਉਨ੍ਹਾਂ ਦਾ ਇਲੈਕਸ਼ਨਾਂ ਨਾਲ ਕੋਈ ਤਾਅਲੁੱਕ ਨਹੀਂ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਰ, ਤੁਸੀਂ ਗੁਟਕਾ ਸਾਹਿਬ ਤੋਂ ਸਹੁੰ ਖਾਧੀ ਸੀ, ਉਸ ਤੋਂ ਬਾਅਦ ਤੁਹਾਨੂੰ ਕੀ ਲੋੜ ਪੈ ਗਈ। ਇਸ ਦਾ ਮਤਲਬ ਪੰਜਾਬ ਵਿਚੋਂ ਹਾਲੇ ਨਸ਼ੇ ਮੁੱਕੇ ਨਹੀਂ ਹਨ। (ਵਿਘਨ)...(ਸ਼ੋਰ)

**ਮਾਨਯੋਗ ਸਪੀਕਰ:** ਨਸ਼ਿਆਂ ਦੀ ਗੱਲ ਵੱਖਰੇ ਤੌਰ ਤੇ ਕਰ ਲੈਣਾ।

(ਇਸ ਸਮੇਂ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ, ਭਲਾਈ ਮੰਤਰੀ, ਸਰਦਾਰ ਸਾਧੂ ਸਿੰਘ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਵਿਰੋਧੀ ਧਿਰ ਦੇ ਨੇਤਾ ਨੂੰ ਮੁਖਾਤਿਬ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸਪੀਕਰ ਸਾਹਿਬ, ਇਹ ਕਿਸ ਤਰ੍ਹਾਂ ਦਾ ਸਵਾਲ ਕਰ ਰਹੇ ਹਨ?

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੈਂ ਸਹੀ ਸਵਾਲ ਹੀ ਕਰ ਰਿਹਾ ਹਾਂ, ਤੁਹਾਨੂੰ ਡੈਪੋ ਬਣਾਉਣ ਦੀ ਲੋੜ ਕਿਉਂ ਪਈ ? (ਵਿਘਨ)...(ਸ਼ੋਰ)

**ਮਾਨਯੋਗ ਸਪੀਕਰ:** ਖਹਿਰਾ ਸਾਹਿਬ, ਇਸ ਗੱਲ ਨਾਲ ਸਵਾਲ ਦਾ ਕੋਈ ਤਾਅਲੁੱਕ ਨਹੀਂ ਹੈ। ਪਲੀਜ਼ ਬੈਠੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੈਂ ਬੜੀ ਵਾਜਬ ਗੱਲ ਕੀਤੀ ਹੈ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਖਹਿਰਾ ਸਾਹਿਬ, ਤੁਸੀਂ ਵੱਖਰਾ ਸਵਾਲ ਪੁੱਛ ਲੈਣਾ। ਪਲੀਜ਼ ਬੈਠੋ।

-------------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 810*

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਸੀ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਪੀਕਰ ਸਾਹਿਬ, ਮੰਤਰੀ ਜੀ ਜਿੰਨਾ ਕੁ ਜਵਾਬ ਦੇ ਸਕਦੇ ਹਨ, ਉਹ ਦੇ ਦੇਣ।

**ਮਾਨਯੋਗ ਸਪੀਕਰ** : ਨਹੀਂ ਜੀ, ਉਨ੍ਹਾਂ ਵੱਲੋਂ ਐਕਸਟੈਂਸ਼ਨ ਦੀ ਰਿਕੁਐਸਟ ਆਈ ਹੈ, ਉਹ ਮੈਂ ਅਲਾਓ ਕਰ ਦਿੱਤੀ ਹੈ। ਅਗਲਾ ਸਵਾਲ।

------------

* Reply to this Starred Question No. 810 has not been received till 5th November,2019 viz. the date on which this debate was sent to the press for final printing.

## ਦਿੜ੍ਹਬਾ, ਸੰਗਰੂਰ ਵਿੱਚ ਸੀਵਰੇਜ ਦਾ ਕੰਮ ਮੁਕੰਮਲ ਕਰਨਾ

*817. **ਸਰਦਾਰ ਸੁਰਜੀਤ ਸਿੰਘ ਧੀਮਾਨ:** ਕੀ ਸਥਾਨਕ ਸਰਕਾਰ ਮੰਤਰੀ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਦਿੜ੍ਹਬਾ (ਸੰਗਰੂਰ) ਵਿਚ ਸੀਵਰੇਜ ਦਾ ਕੰਮ ਅਜੇ ਅਧੂਰਾ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਪ੍ਰਾਜੈਕਟ ਦੀ ਮੌਜੂਦਾ ਸਥਿਤੀ ਕੀ ਹੈ ?

(ਅ) ਉਪਰੋਕਤ ਅਧੂਰਾ ਪਿਆ ਕੰਮ ਕਿੰਨੇ ਸਮੇਂ ਦੇ ਅੰਦਰ-ਅੰਦਰ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ:** (ੳ) ਜੀ ਹਾਂ, ਦਿੜ੍ਹਬਾ ਵਿਖੇ ਹਾਲੇ ਸੀਵਰੇਜ ਦਾ ਕੰਮ ਪ੍ਰਗਤੀ ਅਧੀਨ ਹੈ, ਇਸ ਸ਼ਹਿਰ ਵਿਖੇ ਅਰਬਨ ਮਿਸ਼ਨ ਪ੍ਰਾਜੈਕਟ ਤਹਿਤ ਸ਼ਹਿਰ ਦੇ ਅੰਦਰਲੇ ਛੱਪੜਾਂ ਵਿਚੋਂ ਦਾ ਪਾਣੀ ਕੱਢਣ ਲਈ 7.62 ਕਰੋੜ ਰੁਪਏ ਦੀ ਡਿਟੇਲਡ ਪ੍ਰਾਜੈਕਟ ਰਿਪੋਰਟ ਬਣਾਈ ਗਈ ਸੀ। ਜਿਸ ਵਿਚ ਮੇਨ ਸੀਵਰ, ਮੇਨ ਪੰਪਿੰਗ ਸਟੇਸ਼ਨ, ਸੀਵੇਜ ਟਰੀਟਮੈਂਟ ਪਲਾਂਟ ਅਤੇ ਰਾਈਜਿੰਗ ਮੇਨ ਲਗਾਉਣ ਦੀ ਵਿਵਸਥਾ ਸੀ। ਇਸ ਤਹਿਤ 2.16 ਕਰੋੜ ਰੁਪਏ ਪ੍ਰਾਪਤ ਹੋਏ ਸਨ, ਜਿਸ ਨਾਲ ਸੀਵੇਜ ਟਰੀਟਮੈਂਟ ਪਲਾਂਟ ਨੂੰ ਛੱਡ ਕੇ ਬਾਕੀ ਸਾਰੇ ਕੰਮ ਮੁਕੰਮਲ ਕਰ ਦਿੱਤੇ ਗਏ ਹਨ।

(ਅ) ਸੀਵੇਜ ਟਰੀਟਮੈਂਟ ਪਲਾਂਟ ਲਈ ਫੰਡਾਂ ਦਾ ਪ੍ਰਬੰਧ ਕਰਨ ਉਪਰੰਤ ਸੀਵੇਜ ਟਰੀਟਮੈਂਟ ਪਲਾਂਟ ਦਾ ਕੰਮ ਇਕ ਸਾਲ ਵਿਚ ਮੁਕੰਮਲ ਹੋ ਜਾਵੇਗਾ।

ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਕੈਪਟਨ ਸਾਹਿਬ ਨੇ ਪੀ.ਆਈ.ਡੀ.ਬੀ. ਦੇ ਜ਼ਰੀਏ ਸੀਵਰੇਜ ਵਾਸਤੇ 1540 ਕਰੋੜ ਰੁਪਿਆ ਐਲੋਕੇਟ ਕੀਤਾ ਹੈ। ਹੁਡਕੋ ਤੋਂ ਲੋਨ ਲਿਆ ਗਿਆ ਹੈ, ਉਸ ਨੂੰ ਅਸੀਂ ਐਕਸਟੈਂਡ ਕਰਕੇ ਕਰੀਬ ਕਰੀਬ 2400 ਕਰੋੜ ਰੁਪਏ ਦਾ ਪ੍ਰਬੰਧ ਕਰ ਰਹੇ ਹਾਂ। ਜਿਸ ਤਰ੍ਹਾਂ ਹੀ ਇਸ ਮਹੀਨੇ ਦੇ ਅੰਤ ਤੱਕ ਉਹ ਪੈਸੇ ਆਉਂਦੇ ਹਨ। ਇਨ੍ਹਾਂ ਦਾ ਕੰਮ ਇਕ ਸਾਲ ਦੇ ਅੰਦਰ ਅੰਦਰ ਖਤਮ ਕਰ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ:** ਮੈਂਬਰ ਸਾਹਿਬ, ਐਸ਼ੋਰੈਂਸ ਆ ਗਈ ਹੈ ਕਿ ਇਕ ਸਾਲ ਵਿਚ ਤੁਹਾਡਾ ਕੰਮ ਖਤਮ ਕਰਵਾ ਦਿੱਤਾ ਜਾਵੇਗਾ।

**ਸਰਦਾਰ ਸੁਰਜੀਤ ਸਿੰਘ ਧੀਮਾਨ:** ਸਪੀਕਰ ਸਾਹਿਬ, ਮੰਤਰੀ ਜੀ ਦਾ ਧੰਨਵਾਦ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਚੋਣਾਂ ਤੋਂ ਪਹਿਲਾਂ ਸਾਢੇ ਪੰਜ ਕਰੋੜ ਰੁਪਏ ਦਾ ਐਲਾਨ ਦਿੜ੍ਹਬਾ ਨਗਰ ਪੰਚਾਇਤ ਵਾਸਤੇ ਕੀਤਾ ਗਿਆ ਸੀ। ਮੈਂ ਸਿਰਫ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਪੈਸਾ ਕਦੋਂ ਤੱਕ ਰਿਲੀਜ਼ ਕਰ ਦੇਣਗੇ, ਜੇਕਰ ਸਾਰਾ ਨਹੀਂ ਹੁੰਦਾ ਤਾਂ 2 ਕਰੋੜ ਰੁਪਿਆ ਹੀ ਦੇ ਦੇਣ।

**ਮਾਨਯੋਗ ਸਪੀਕਰ:** ਉਹ ਐਲਾਨ ਇਨ੍ਹਾਂ ਨੇ ਤਾਂ ਨਹੀਂ ਕੀਤਾ ਸੀ।

**ਸਰਦਾਰ ਸੁਰਜੀਤ ਸਿੰਘ ਧੀਮਾਨ:** ਸਰ, ਉਹ ਐਲਾਨ ਸਥਾਨਕ ਸਰਕਾਰ ਵਿਭਾਗ ਵਲੋਂ ਹੋਇਆ ਸੀ। ਮੈਂ ਚਾਹੁੰਦਾ ਹਾਂ ਕਿ ਦੋ ਕਰੋੜ ਰੁਪਿਆ ਹੀ ਜਾਰੀ ਕਰ ਦੇਣ, ਮੈਂ ਬਹੁਤ ਧੰਨਵਾਦੀ ਹੋਵਾਂਗਾ।

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਆਪਣੇ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੋ ਨਹੀਂ, ਤਿੰਨ ਕਰੋੜ ਰੁਪਿਆ ਦੇਵਾਂਗੇ ਜੀ।

**ਸਰਦਾਰ ਸੁਰਜੀਤ ਸਿੰਘ ਧੀਮਾਨ**: ਧੰਨਵਾਦ ਜੀ।

**ਸ਼੍ਰੀ ਪਵਨ ਕੁਮਾਰ ਟੀਨੂ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਸੀਵਰੇਜ ਸਬੰਧੀ ਪੁੱਛਣਾ ਚਾਹੁੰਦਾ ਹਾਂ ਕਿ ਲਗਭਗ ਇਕ ਸਾਲ ਪਹਿਲਾਂ ਮੇਰੇ ਹਲਕੇ ਆਦਮਪੁਰ ਦੇ ਸੀਵਰੇਜ ਬਾਰੇ ਮੰਤਰੀ ਜੀ ਨੇ ਕਿਹਾ ਸੀ ਕਿ ਪੈਸਾ ਦੇ ਦਿੱਤਾ ਜਾਵੇਗਾ ਪਰ ਹਾਲੇ ਤੱਕ ਉਥੇ ਕੋਈ ਪੈਸਾ ਨਹੀਂ ਆਇਆ।

**ਮਾਨਯੋਗ ਸਪੀਕਰ**: ਟੀਨੂ ਜੀ, ਇਹ ਵੱਖਰਾ ਸਵਾਲ ਬਣਦਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ** : ਸਪੀਕਰ ਸਾਹਿਬ, ਮੈਂ ਤਾਂ ਮੰਤਰੀ ਜੀ ਨੂੰ ਯਾਦ ਹੀ ਕਰਵਾ ਰਿਹਾ ਹਾਂ।

**ਮਾਨਯੋਗ ਸਪੀਕਰ**: ਹਾਂ, ਤੁਸੀਂ ਯਾਦ ਕਰਵਾ ਦਿੱਤਾ, ਤੁਹਾਡਾ ਧੰਨਵਾਦ। ਇਹ ਵੱਖਰਾ ਸਵਾਲ ਬਣਦਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ** : ਸਪੀਕਰ ਸਾਹਿਬ, ਕਿਉਂਕਿ ਇਨ੍ਹਾਂ ਨੇ ਕਿਹਾ ਸੀ ਕਿ ਛੇ ਮਹੀਨੇ ਵਿਚ ਪੈਸਾ ਦੇ ਦਿਆਂਗੇ ਪਰ ਪੈਸੇ ਮਿਲੇ ਨਹੀਂ।

**ਮਾਨਯੋਗ ਸਪੀਕਰ**: ਤੁਸੀਂ ਬੈਠੋ, ਇਹ ਵੱਖਰਾ ਸਵਾਲ ਬਣਦਾ ਹੈ। ਹਾਂ ਜੀ, ਸ਼੍ਰੀ ਅਮਨ ਅਰੋੜਾ ਜੀ।

**ਸ਼੍ਰੀ ਅਮਨ ਅਰੋੜਾ**: ਸਪੀਕਰ ਸਾਹਿਬ, ਮੇਰਾ ਦਿੜ੍ਹਬਾ ਦੇ ਬਿਲਕੁੱਲ ਨਾਲ ਲਗਵਾਂ ਹਲਕਾ ਹੈ, ਉਹ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਦੀ ਧਰਤੀ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ, ਭਾਈ ਸਤੀ ਦਾਸ, ਭਾਈ ਮਤੀ ਦਾਸ ਜੀ ਦੀ ਧਰਤੀ ਹੈ। ਉਥੇ ਵੀ ਸੀਵਰੇਜ ਦਾ ਬੁਰਾ ਹਾਲ ਹੈ। It is in shambles. ਮੇਰੀ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਉਸ ਪਾਸੇ ਵੀ ਧਿਆਨ ਦਿੱਤਾ ਜਾਵੇ।

**ਮਾਨਯੋਗ ਸਪੀਕਰ**: ਅਰੋੜਾ ਸਾਹਿਬ, ਇਹ ਵੱਖਰਾ ਸਵਾਲ ਬਣਦਾ ਹੈ।

**ਸ਼੍ਰੀ ਅਮਨ ਅਰੋੜਾ** : ਸਪੀਕਰ ਸਾਹਿਬ, ਮੇਰਾ ਸਵਾਲ ਇਹੀ ਹੈ ਕਿ ਇਸ ਨੂੰ ਪ੍ਰਾਇਰਟੀ ਤੇ ਲੈ ਕੇ ਕਰ ਦਿੱਤਾ ਜਾਵੇ ਤਾਂ ਕਿ ਕੰਮ ਐਗਜ਼ੀਕਿਊਟ ਹੋ ਜਾਵੇ।

**ਮਾਨਯੋਗ ਸਪੀਕਰ**: ਨਹੀਂ ਜੀ, ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਦਿੜ੍ਹਬਾ ਸ਼ਹਿਰ ਵਿਚ ਸੀਵਰੇਜ ਪਿਆ ਹੈ ਪਰ ਸੀਵਰੇਜ ਪਾਉਣ ਕਾਰਨ ਹੁਣ ਉਥੇ ਸੜਕਾਂ ਅਤੇ ਗਲੀਆਂ ਦਾ ਬਹੁਤ ਬੁਰਾ ਹਾਲ ਹੈ, ਲੋਕਾਂ ਨੂੰ ਬਹੁਤ ਸਮੱਸਿਆ ਹੈ। ਸੋ, ਮੰਤਰੀ ਜੀ ਉਥੇ ਗਲੀਆਂ ਨਾਲੀਆਂ ਦਾ ਕੰਮ ਮੁਕੰਮਲ ਕਰਵਾਉਣ ਲਈ ਕਦੋਂ ਤੱਕ ਪੈਸਾ ਜਾਰੀ ਕਰ ਦੇਣਗੇ ?

**ਮਾਨਯੋਗ ਸਪੀਕਰ:** ਜਿਥੇ ਸੀਵਰੇਜ ਪੈ ਗਿਆ, ਉਥੇ ਗਲੀਆਂ ਨਾਲੀਆਂ ਵਾਸਤੇ ਪੈਸਾ ਕਦੋਂ ਤੱਕ ਜਾਰੀ ਕੀਤਾ ਜਾਵੇਗਾ?

**ਮੰਤਰੀ:** ਸਪੀਕਰ ਸਾਹਿਬ, ਸ਼ਾਇਦ ਇਨ੍ਹਾਂ ਨੇ ਸੁਣਿਆ ਨਹੀਂ।ਮੈਂ ਕਿਹਾ ਸੀ ਕਿ ਇਸ ਮਾਰਚ ਮਹੀਨੇ ਦੇ ਖਤਮ ਹੋਣ ਤੋਂ ਪਹਿਲਾਂ ਪਹਿਲਾਂ ਉਹ ਕਿਸ਼ਤ ਜਾਰੀ ਕਰ ਦਿੱਤੀ ਜਾਵੇਗੀ। ਮੈਂ ਮੈਂਬਰ ਸਾਹਿਬ ਨੂੰ ਆਸ਼ਵਾਸਨ ਦਿੱਤਾ ਹੈ ਕਿ ਜਿੰਨਾ ਉਹ ਮੰਗਦੇ ਹਨ, ਉਸ ਤੋਂ ਕਰੋੜ ਰੁਪਿਆ ਵੱਧ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ:** ਮਾਰਚ ਤੋਂ ਪਹਿਲਾਂ ਪਹਿਲਾਂ ਰਕਮ ਜਾਰੀ ਹੋ ਜਾਣੀ ਹੈ। ਥੈਂਕ ਯੂ ਜੀ, ਥੈਂਕ ਯੂ ਜੀ।

-----------

## ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ

***937. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ** : ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਕਿਸ਼ਨਪੁਰਾ, ਬਲਾਕ ਭੁਨਰਹੇੜੀ, ਜ਼ਿਲ੍ਹਾ ਪਟਿਆਲਾ ਨੇ ਪਾਣੀ ਦੀ ਟੈਂਕੀ ਲਗਾਉਣ ਲਈ ਆਪਣਾ ਬਣਦਾ ਸ਼ੇਅਰ ਵਿਭਾਗ ਕੋਲ ਜਮ੍ਹਾਂ ਕਰਵਾਇਆ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਵਾਟਰ ਵਰਕਸ ਤੋਂ ਪਿੰਡ ਵਾਸੀਆਂ ਨੂੰ ਪੀਣ ਵਾਲਾ ਪਾਣੀ ਕਦੋਂ ਤੱਕ ਮੁਹੱਈਆ ਕਰਵਾ ਦਿੱਤਾ ਜਾਵੇਗਾ ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ** : ਪਿੰਡ ਕਿਸ਼ਨਪੁਰਾ, ਬਲਾਕ ਭੁਨਰਹੇੜੀ, ਜ਼ਿਲ੍ਹਾ ਪਟਿਆਲਾ ਵੱਲੋਂ ਆਪਣਾ ਬਣਦਾ ਸ਼ੇਅਰ (66600/-) ਵਿਭਾਗ ਕੋਲ ਜਮ੍ਹਾਂ ਕਰਵਾ ਦਿੱਤਾ ਗਿਆ ਹੈ। ਇਸ ਪਿੰਡ ਦੀ ਪ੍ਰਸ਼ਾਸਕੀ ਪ੍ਰਵਾਨਗੀ 59.59 ਲੱਖ ਰੁਪਏ ਦੀ ਨਬਾਰਡ XXIII ਵਿੱਚ ਹੋ ਚੁੱਕੀ ਹੈ। ਇਸ ਪਿੰਡ ਨੂੰ ਨਵੇਂ ਵਾਟਰ ਵਰਕਸ ਤੋਂ ਮਾਰਚ, 2019 (1 ਸਾਲ) ਵਿੱਚ ਪੀਣ ਵਾਲਾ ਪਾਣੀ ਮੁਹੱਈਆ ਕਰਵਾ ਦਿੱਤਾ ਜਾਵੇਗਾ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਮੰਤਰੀ ਜੀ ਦਾ ਬਹੁਤ ਬਹੁਤ ਧੰਨਵਾਦ। ਮਾਨਯੋਗ ਸਪੀਕਰ ਸਾਹਿਬ, ਵੈਸੇ ਪੈਸੇ ਭਰਾਏ ਨੂੰ ਕੁਝ ਸਮਾਂ ਹੋ ਗਿਆ ਹੈ ਪਰ ਜਿੰਨੀ ਜਲਦੀ ਹੋ ਸਕਦਾ ਹੈ ਕੰਮ ਪੂਰਾ ਕਰ ਦਿੱਤਾ ਜਾਵੇ ਕਿਉਂਕਿ ਜਿਸ ਪਿੰਡ ਦੀ ਮੈਂ ਗੱਲ ਕਰ ਰਿਹਾ ਹਾਂ, ਇਹ ਬਹੁਤ ਹੀ ਜ਼ਿਆਦਾ ਗਰੀਬ ਪਿੰਡ ਹੈ। ਦੂਸਰਾ, ਮੇਰਾ ਵਿਧਾਨ ਸਭਾ ਹਲਕਾ ਸਨੌਰ ਦੇ 16 ਸੈਪਰੇਟ ਵਾਟਰ ਵਰਕਸ ਦੀ ਪ੍ਰੋਪੋਜ਼ਲ ਆਈ ਹੋਈ ਹੈ ਅਤੇ 10 ਕੁਆਲਿਟੀ ਇਫੈਕਟਿਡ ਹਨ, ਜਿੱਥੇ ਟਿਊਬਵੈੱਲ ਡੂੰਘੇ ਕਰਨ ਲਈ ਪ੍ਰੋਪੋਜ਼ਲ ਹੈ। ਸਰ, ਉਹ ਕਦੋਂ ਤੱਕ ਸ਼ੁਰੂ ਅਤੇ ਕੰਪਲੀਟ ਹੋ ਸਕਦੇ ਹਨ ?

**ਮੰਤਰੀ:** ਸਪੀਕਰ ਸਾਹਿਬ, ਜਿਸ ਪਿੰਡ ਦਾ ਸਵਾਲ ਸੀ ਉਹ ਦੱਸ ਦਿੱਤਾ ਹੈ, ਬਾਕੀ ਜਿਹੜੀਆਂ ਸਕੀਮਾਂ ਇਹ ਕਹਿ ਰਹੇ ਹਨ, ਉਸ ਬਾਰੇ ਮੈਨੂੰ ਚਿੱਠੀ ਲਿਖ ਦੇਣ ਜਾਂ ਮੈਨੂੰ ਮਿਲ ਲੈਣ, ਮੈਂ ਉਹ ਸਾਰੀਆਂ ਸਕੀਮਾਂ ਸਮਝ ਕੇ ਜਵਾਬ ਦੇ ਦਿਆਂਗਾ।

**ਮਾਨਯੋਗ ਸਪੀਕਰ:** ਜਿਹੜੀਆਂ ਸਕੀਮਾਂ ਸਵਾਲ ਵਿੱਚ ਕਵਰ ਨਹੀਂ ਹੁੰਦੀਆਂ, ਉਨ੍ਹਾਂ ਦੇ ਬਾਰੇ ਲਿਖ ਕੇ ਭੇਜ ਦੇਣਾ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਧੰਨਵਾਦ ਜੀ।

-----------

## ਸਰਕਾਰੀ ਕਾਲਜ ਰੂਪਨਗਰ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਭਰਨਾ

*983. **ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰੀ ਕਾਲਜ ਰੂਪਨਗਰ ਵਿੱਚ ਮੁੱਢਲੀਆਂ ਸਹੂਲਤਾਂ ਦੀ ਘਾਟ ਹੈ ਅਤੇ ਅਧਿਆਪਕਾਂ ਦੀਆਂ ਕਈ ਅਸਾਮੀਆਂ ਖਾਲੀ ਪਈਆਂ ਹਨ; ਜੇਕਰ ਅਜਿਹਾ ਹੈ ਤਾਂ ਖਾਲੀ ਪਈਆਂ ਅਸਾਮੀਆਂ ਦਾ ਵੇਰਵਾ ਕੀ ਹੈ ਅਤੇ ਇਹ ਕਦੋਂ ਤੱਕ ਭਰ ਲਈਆਂ ਜਾਣਗੀਆਂ?

**ਸ਼੍ਰੀਮਤੀ ਅਰੁਨਾ ਚੌਧਰੀ :** ਨਹੀਂ ਜੀ। ਸਰਕਾਰੀ ਕਾਲਜ ਰੂਪਨਗਰ ਵਿੱਚ ਮੁੱਢਲੀਆਂ ਸਹੂਲਤਾਂ ਦੀ ਕੋਈ ਘਾਟ ਨਹੀਂ ਹੈ। ਇਸ ਕਾਲਜ ਵਿੱਚ ਕੁੱਲ 70 ਮਨਜ਼ੂਰਸ਼ੁਦਾ ਅਸਾਮੀਆਂ ਹਨ, ਜਿਨ੍ਹਾਂ ਵਿੱਚੋਂ 61 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ ਕੇਵਲ 9 ਅਸਾਮੀਆਂ ਖਾਲੀ ਹਨ, ਜਿਨ੍ਹਾਂ ਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਭਰਨ ਤੇ ਰੋਕ ਲਗਾਈ ਹੋਈ ਹੈ। ਰੋਕ ਹਟਣ ਤੋਂ ਬਾਅਦ ਭਰਤੀ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ। ਖਾਲੀ ਅਸਾਮੀਆਂ ਦਾ ਵੇਰਵਾ ਅੰਤਿਕਾ-1 ਤੇ ਹੈ ਜੀ।

### ਅੰਤਿਕਾ-1

ਕਾਲਜ ਵਿਖੇ ਖਾਲੀ ਅਸਾਮੀਆਂ ਦਾ ਵੇਰਵਾ ਹੇਠ ਅਨੁਸਾਰ ਹੈ:-

| **ਲੜੀ ਨੰ:** | **ਵਿਸ਼ਾ** | **ਗਿਣਤੀ** |
|---|---|---|
| 1. | ਅੰਗਰੇਜ਼ੀ | 2 |
| 2. | ਹਿੰਦੀ | 1 |
| 3. | ਰਾਜਨੀਤੀ ਸ਼ਾਸਤਰ | 1 |
| 4. | ਕੰਪਿਊਟਰ ਸਾਇੰਸ | 1 |
| 5. | ਭੂਗੋਲ | 1 |
| 6. | ਇਤਿਹਾਸ | 3 |
| | ਕੁੱਲ | 9 |

ਇਹ ਕੁੱਲ 9 ਆਸਾਮੀਆਂ ਖਾਲੀ ਹਨ। ਇਨ੍ਹਾਂ ਅਸਾਮੀਆਂ ਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਰੋਕ ਲੱਗੀ ਹੈ। ਜਦੋਂ ਵੀ ਇਹ ਰੋਕ ਹਟੇਗੀ ਉਦੋਂ ਹੀ ਅਸੀਂ ਭਰਤੀ ਪ੍ਰਕਿਰਿਆ ਸ਼ੁਰੂ ਕਰ ਲਵਾਂਗੇ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਤਾਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਰੋਪੜ ਜ਼ਿਲ੍ਹਾ ਬਹੁਤ ਗਰੀਬ ਹੈ। ਸਾਡੇ ਮੰਤਰੀ ਸਰਦਾਰ ਚਰਨਜੀਤ ਸਿੰਘ ਚੰਨੀ ਜੀ ਵੀ ਰੋਪੜ ਨੂੰ ਹੀ ਬਿਲੌਂਗ ਕਰਦੇ ਹਨ। ਕਿਰਪਾ ਕਰਕੇ ਉਥੇ ਕਿਸੇ ਤਰ੍ਹਾਂ ਵੀ ਟੀਚਰਜ਼ ਤੇ ਪ੍ਰੋਫੈਸਰਜ਼ ਪੂਰੇ ਕੀਤੇ ਜਾਣ। ਉਥੇ 33 ਆਸਾਮੀਆਂ ਖਾਲੀ ਹਨ। ਕਿਸੇ ਤਰ੍ਹਾਂ ਵੀ ਗਰੀਬ ਲੋਕਾਂ ਨੂੰ ਪੜ੍ਹਾਈ ਦਿੱਤੀ ਜਾਵੇ। ਮੈਂ ਤਾਂ ਇੰਨੀ ਕੁ ਬੇਨਤੀ ਕਰਨੀ ਚਾਹੁੰਦਾ ਹਾਂ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਕੱਲ੍ਹ ਜਦੋਂ ਮੰਤਰੀ ਸਾਹਿਬ ਨੇ ਰਮਸਾ, ਐਸ.ਐਸ.ਏ ਅਤੇ ਕੰਪਿਊਟਰ ਟੀਚਰਜ਼ ਬਾਰੇ ਜਵਾਬ ਦਿੱਤਾ ਤਾਂ ਉਦੋਂ ਸਦਨ ਵਿੱਚ ਬਹੁਤ ਸ਼ੋਰ ਪੈ ਰਿਹਾ ਸੀ। ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਮੈਂ ਤੁਹਾਡਾ ਜਵਾਬ ਬਾਅਦ ਵਿੱਚ ਪੜ੍ਹਿਆ ਹੈ, ਉਸ ਦੇ ਵਿੱਚ ਤੁਸੀਂ ਕਿਹਾ ਸੀ ਕਿ ਵਿਚਾਰ ਅਧੀਨ ਹੈ। ਇਹ ਵਿਚਾਰ ਅਧੀਨ ਕੀ ਹੈ? ਰਮਸਾ, ਐਸ.ਐਸ.ਏ ਅਤੇ ਕੰਪਿਊਟਰ ਟੀਚਰਜ਼ ਨੂੰ ਪੂਰੇ ਤਿੰਨ ਸਾਲਾਂ ਲਈ ਤਨਖਾਹ 10,300 ਰੁਪਏ ਕਰ ਦੇਣ ਦੀ ਪ੍ਰਪੋਜ਼ਲ ਕੀਤੀ ਗਈ ਹੈ, ਪਰ ਹੁਣ ਤੱਕ ਉਹ ਕੰਟ੍ਰੈਕਟ ਬੇਸਿਜ਼ ਤੇ 40,000/-, 50,000/- ਰੁਪਏ ਲੈ ਰਹੇ ਸਨ। ਤਿੰਨ ਸਾਲਾਂ ਤੋਂ ਬਾਅਦ ਜਾ ਕੇ ਉਹ ਰੈਗੂਲਰਾਈਜ਼ ਕੀਤੇ ਜਾਣਗੇ। ਜਦ ਕਿ ਪਿਛਲੀ ਕੈਬਿਨੇਟ ਮੀਟਿੰਗ ਵਿੱਚ ਚੀਫ ਮਨਿਸਟਰ ਸਾਹਿਬ ਨੇ ...

**ਮਾਨਯੋਗ ਸਪੀਕਰ:** ਸਵਾਲ ਪੁੱਛੋ, ਸਵਾਲ ਪੁੱਛੋ, ਤੁਸੀਂ ਸਵਾਲ ਪੁੱਛੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਸਵਾਲ ਇਹੀ ਹੈ ਕਿ ਡਾਕਟਰਜ਼ ਨੂੰ ਫੁੱਲ ਪੇਅ ਦੇਣ ਦੀ ਆਗਿਆ ਦੇ ਦਿੱਤੀ ਹੈ, ਜਿਹੜੇ ਕੰਟ੍ਰੈਕਟ ਤੇ ਕੰਮ ਕਰਦੇ ਸੀ। ਕੀ ਰਮਸਾ, ਐਸ.ਐਸ.ਏ ਅਤੇ ਕੰਪਿਊਟਰ ਟੀਚਰਜ਼, ਆਦਰਸ਼ ਸਕੂਲ, ਲੈਬ ਅਟੈਂਡੈਂਟਸ ਨੂੰ ਫੁੱਲ ਪੇਅ ਦੇ ਉੱਤੇ ਕੰਮ ਕਰਨ ਦੀ ਆਗਿਆ ਦਿਓਗੇ ਜਾਂ ਫਿਰ 10,300/- ਰੁਪਏ ਬੇਸਿਕ ਪੇਅ ਤੇ ਹੀ ਰੱਖੋਗੇ?

**ਰਾਜ ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿ ਇਸ ਕੁਐਸਚਨ ਦਾ ਇਸ ਸਵਾਲ ਦੇ ਨਾਲ ਕੋਈ ਤਾਅਲੁੱਕ ਨਹੀਂ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਫਿਰ ਹੋਰ ਕਿਸ ਦੇ ਨਾਲ ਤਾਅਲੁੱਕ ਹੈ ਜੀ? ਇਹ ਬੜੀਆਂ ਤਾੜੀਆਂ ਮਾਰ ਰਹੇ ਹਨ। ਇਹ ਅੱਛੀਆਂ ਗੱਲਾਂ ਤੇ ਤਾੜੀਆਂ ਮਾਰ ਰਹੇ ਹਨ ਕਿ 10,300/- ਰੁਪਏ ਦਿੱਤਾ ਜਾ ਰਿਹਾ ਹੈ।

**ਮਾਨਯੋਗ ਸਪੀਕਰ:** ਸਵਾਲ ਗੌਰਮਿੰਟ ਕਾਲਜ ਦਾ ਹੋ ਰਿਹਾ ਹੈ। ਤੁਸੀਂ ਸਵਾਲ ਵਿੱਚ ਸਪਲੀਮੈਂਟਰੀ ਪੁੱਛ ਰਹੇ ਹੋ?

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਐਜੂਕੇਸ਼ਨ ਨਾਲ ਰਿਲੇਟਿਡ ਹੈ।

**ਮਾਨਯੋਗ ਸਪੀਕਰ:** ਐਜੂਕੇਸ਼ਨ ਤਾਂ ਬਹੁਤ ਵੱਡਾ ਸਬਜੈਕਟ ਹੈ। ਬੜਾ ਵਾਸਟ ਸਬਜੈਕਟ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਮੈਨੂੰ ਜ਼ੀਰੋ ਆਵਰ ਵਿੱਚ ਟਾਈਮ ਦੇ ਦਿਓ।

**ਮਾਨਯੋਗ ਸਪੀਕਰ:** ਤੁਸੀਂ ਟਾਈਮ ਲੈ ਲੈਣਾ ਜਦੋਂ ਜ਼ੀਰੋ ਆਵਰ ਆਏਗਾ ਪਰ ਅੱਜ ਤਾਂ ਜ਼ੀਰੋ ਆਵਰ ਨਹੀਂ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਅੱਜ ਵੀ ਦੇ ਦਿਓ ਜੀ।

**ਮਾਨਯੋਗ ਸਪੀਕਰ:** ਅੱਜ ਜ਼ੀਰੋ ਆਵਰ ਨਹੀਂ ਹੈ। ਹਾਲੇ ਸੈਸ਼ਨ ਚੱਲਣਾ ਹੈ, ਸੈਸ਼ਨ ਚੱਲਣਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਬੜਾ ਬਰਨਿੰਗ ਇਸ਼ੂ ਹੈ।

**ਮਾਨਯੋਗ ਸਪੀਕਰ:** ਖਹਿਰਾ ਸਾਹਿਬ ਸੈਸ਼ਨ ਚੱਲਣਾ ਹੈ, ਸੈਸ਼ਨ ਚੱਲਣਾ ਹੈ, ਜ਼ਰੂਰ ਬੋਲਿਓ।

**ਸ਼੍ਰੀ ਕੰਵਰ ਸੰਧੂ:** ਮਾਨਯੋਗ ਸਪੀਕਰ ਸਾਹਿਬ, ਕਾਲਜ ਦੇ ਟੀਚਰਜ਼ ਅਤੇ ਲੈਕਚਰਾਰਜ਼ ਦੀ ਗੱਲ ਹੋ ਰਹੀ ਹੈ। ਇਹ ਸਿਰਫ ਰੋਪੜ ਦਾ ਮਸਲਾ ਨਹੀਂ ਹੈ। ਟੋਟਲ ਪੰਜਾਬ ਦੇ ਵਿੱਚ 1800 ਦੇ ਵਿਚੋਂ ਕਰੀਬ 850 ਅਸਾਮੀਆਂ ਖਾਲੀ ਹਨ, ਇਹ ਜਿਹੜਾ ਹਾਈ ਕੋਰਟ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ।

**ਮਾਨਯੋਗ ਸਪੀਕਰ** : ਸੰਧੂ ਸਾਹਿਬ ਸਪੈਸੀਫਿਕ ਸਵਾਲ ਪੁੱਛੋ।

**ਸ਼੍ਰੀ ਕੰਵਰ ਸੰਧੂ** : ਇਹ ਜਿਹੜੀਆਂ ਸੀਟਾਂ ਖਾਲੀ ਪਈਆਂ ਹਨ, ਕੀ ਉਨ੍ਹਾਂ ਨੂੰ ਭਰਨਗੇ? ਕਿਉਂਕਿ ਹਾਇਰ ਐਜੂਕੇਸ਼ਨ ਬਹੁਤ ਵੱਡੇ ਪੱਧਰ ਤੇ ਸਫਰ ਕਰ ਰਹੀ ਹੈ।

**ਮਾਨਯੋਗ ਸਪੀਕਰ** : ਉਨ੍ਹਾਂ ਨੇ ਕਿਹਾ ਹੈ ਕਿ ਹਾਈ ਕੋਰਟ ਨੇ ਰੋਕ ਲਗਾਈ ਹੈ, ਜਿਸ ਦਿਨ ਰੋਕ ਹਟ ਗਈ, ਅਸੀਂ ਭਰ ਦਿਆਂਗੇ।

**ਸ਼੍ਰੀ ਕੰਵਰ ਸੰਧੂ** : ਹਾਈ ਕੋਰਟ ਦੀ ਰੋਕ ਪਤਾ ਨਹੀਂ, 18-19 ਸਾਲ ਪਹਿਲਾਂ ਲਗਾਈ ਗਈ ਸੀ। ਉਹ ਸਪੈਸੀਫਿਕ ਰੋਕ ਹੈ। ਇਹ ਜਨਰਲ ਰੋਕ ਨਹੀਂ ਹੈ। ਉਸ ਦਾ ਬਹਾਨਾ ਲਗਾ ਕੇ ਸਰਕਾਰਾਂ ਲਗਾਤਾਰ ਇਹ ਅਸਾਮੀਆਂ ਨਹੀਂ ਭਰ ਰਹੀਆਂ। ਇਸ ਵੇਲੇ ਹਾਇਰ ਐਜੂਕੇਸ਼ਨ ਕੋਲੈਪਸ ਕਰ ਚੁੱਕੀ ਹੈ। 1800 ਵਿੱਚੋਂ 850 ਅਸਾਮੀਆਂ ਖਾਲੀ ਪਈਆਂ ਹਨ। ਇਨ੍ਹਾਂ ਨੂੰ ਭਰਨਗੇ ਕਿ ਨਹੀਂ ਭਰਨਗੇ ?

**ਰਾਜ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੰਦੀ ਹਾਂ ਕਿ ਇਹ ਮਾਮਲਾ ਸਬ-ਜੁਡਿਸ ਹੈ, ਇਸ ਵਾਸਤੇ ਇਸ ਮਾਮਲੇ ਤੇ ਕੁਝ ਵੀ ਕਹਿਣਾ ਮੁਨਾਸਿਬ ਨਹੀਂ ਹੋਵੇਗਾ।

**ਮਾਨਯੋਗ ਸਪੀਕਰ** : ਸੰਧੂ ਸਾਹਿਬ, ਤੁਸੀਂ ਆਪਣਾ ਸਵਾਲ ਪੁੱਛੋ। ਸੰਧੂ ਸਾਹਿਬ, ਤੁਹਾਡਾ ਅਗਲਾ ਸਵਾਲ ਵੀ ਹੈ।

-----------

## ਖਰੜ ਦੇ ਪਿੰਡ ਭਾਗਿੰਡੀ ਅਤੇ ਕਸੌਲੀ ਵਿਚ ਚੋਆਂ ਤੇ ਪੁਲਾਂ ਦੀ ਉਸਾਰੀ

*911. **ਸ਼੍ਰੀ ਕੰਵਰ ਸੰਧੂ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਐਸ.ਏ.ਐਸ. ਨਗਰ ਜ਼ਿਲ੍ਹੇ ਦੇ ਖਰੜ ਸਬ-ਡਵੀਜ਼ਨ ਵਿਚ ਪੈਂਦੇ ਪਿੰਡ ਭਾਗਿੰਡੀ ਅਤੇ ਕਸੌਲੀ ਮੌਨਸੂਨ ਦੌਰਾਨ ਬਾਕੀ ਦੇ ਪੰਜਾਬ ਤੋਂ ਕੱਟੇ ਜਾਂਦੇ ਹਨ ਕਿਉਂਕਿ ਪਿੰਡਾਂ ਦੇ ਆਲੇ ਦੁਆਲੇ ਦੇ ਇਲਾਕਿਆਂ ਦੇ ਚੋਆਂ ਤੇ ਕੋਈ ਪੁਲ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਉਪਰੋਕਤ ਵਰਣਿਤ ਚੋਆਂ ਤੇ ਪੁਲਾਂ ਦੀ ਉਸਾਰੀ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹਾ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਸ਼੍ਰੀਮਾਨ ਜੀ, ਮੌਨਸੂਨ ਦੌਰਾਨ ਪਿੰਡ ਭਾਗਿੰਡੀ ਅਤੇ ਕਸੌਲੀ ਵਿਚਕਾਰ ਆਵਾਜਾਈ ਵਿਚ ਵਿਘਨ ਪੈਂਦਾ ਹੈ। ਰਾਜ ਦੇ ਲੋਕਾਂ ਨੂੰ ਸਹੂਲਤ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਵਲੋਂ ਇਹ ਸੜਕ ਸਪੈਸ਼ਲ ਰਿਪੇਅਰ (ਐਸ.ਆਰ.) 2018-19 ਦੇ ਵਰਕ ਪ੍ਰੋਗਰਾਮ ਵਿਚ ਮਨਜ਼ੂਰ ਕੀਤੀ ਜਾ ਚੁੱਕੀ ਹੈ। ਜਿਸ ਵਿਚ ਪਿੰਡ ਭਾਗਿੰਡੀ ਅਤੇ ਕਸੌਲੀ ਵਿਚਕਾਰ ਨਿਰਵਿਘਨ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਇੱਕ ਸੋਲਿਡ ਕਾਜ਼-ਵੇਅ, ਦੋ 20 ਫੁੱਟ ਸਪੈਨ ਦੀ ਸਲੈਬ ਕਲਵਰਟਾਂ ਅਤੇ ਇੱਕ 5 ਫੁੱਟ ਸਪੈਨ ਦੀ ਸਲੈਬ ਕਲਵਰਟ ਬਣਾਉਣ ਦੀ ਯੋਜਨਾ ਹੈ। ਇਸ ਕੰਮ ਨੂੰ ਮਹੀਨਾ ਜੂਨ, 2018 ਤੱਕ ਸ਼ੁਰੂ ਕਰਨ ਤੀ ਤਜਵੀਜ਼ ਹੈ।

**ਸ਼੍ਰੀ ਕੰਵਰ ਸੰਧੂ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਨਿਸਟਰ ਸਾਹਿਬਾ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ 70 ਸਾਲ ਦੀ ਅਜ਼ਾਦੀ ਤੋਂ ਬਾਅਦ ਹੁਣ ਅਖੀਰ ਵਿੱਚ ਇਨ੍ਹਾਂ ਦੋ ਪਿੰਡਾਂ ਦੇ ਪੁਲ ਬਣਨ ਜਾ ਰਹੇ ਹਨ, ਪਰ ਉੱਥੇ 2 ਪਲੱਸ 1, ਦੋ ਵੱਡੇ ਅਤੇ ਇੱਕ ਛੋਟੇ ਪੁਲ ਦੀ ਦਿੱਕਤ ਨਹੀਂ ਹੈ, ਉੱਥੇ 5 ਪੁਲ ਚਾਹੀਦੇ ਹਨ। 4 ਵੱਡੇ ਪੁਲ ਅਤੇ ਇੱਕ ਛੋਟਾ ਪੁਲ। ਕਿਉਂਕਿ ਉੱਥੋਂ ਬਰਸਾਤੀ ਨਾਲੇ ਲੰਘਦੇ ਹਨ। ਬਾਰਸ਼ਾਂ ਵਿੱਚ ਉੱਥੋਂ ਦੇ ਬੱਚੇ ਸਕੂਲਾਂ ਵਿੱਚ ਨਹੀਂ ਜਾ ਸਕਦੇ, ਮਰੀਜ਼ ਹਸਪਤਾਲਾਂ ਵਿੱਚ ਨਹੀਂ ਜਾ ਸਕਦੇ। ਬਹੁਤ ਵੱਡੀ ਦਿੱਕਤ ਹੈ।

**ਮਾਨਯੋਗ ਸਪੀਕਰ** : ਸਵਾਲ ਪੁੱਛੋ।

**ਸ਼੍ਰੀ ਕੰਵਰ ਸੰਧੂ** : ਕੀ ਮੰਤਰੀ ਸਾਹਿਬ, ਇਹ ਪੰਜੇ ਪੁਲ ਜੂਨ ਤੋਂ ਪਹਿਲਾਂ ਬਣਾ ਦੇਣਗੇ? ਨਹੀਂ ਤਾਂ ਹਾਲਾਤ ਉੱਥੇ ਦੇ ਉੱਥੇ ਹੀ ਰਹਿ ਜਾਣਗੇ। ਜੇਕਰ ਦੋ ਬਣਾ ਦਿੱਤੇ ਅਤੇ ਦੋ ਨਾ ਬਣੇ ਤਾਂ ਲੋਕ ਹਸਪਤਾਲਾਂ ਵਿੱਚ ਅਤੇ ਬੱਚੇ ਸਕੂਲਾਂ ਵਿੱਚ ਨਹੀਂ ਪਹੁੰਚ ਸਕਦੇ।

**ਮਾਨਯੋਗ ਸਪੀਕਰ** : ਜੂਨ ਵਿੱਚ ਕੰਮ ਸ਼ੁਰੂ ਕਰਨ ਲਈ ਕਿਹਾ ਹੈ।

**ਸ਼੍ਰੀ ਕੰਵਰ ਸੰਧੂ** : ਉੱਥੇ ਤਿੰਨ ਨਹੀਂ, ਟੋਟਲ ਪੰਜ ਪੁਲ ਚਾਹੀਦੇ ਹਨ।

**ਰਾਜ ਮੰਤਰੀ** : ਇਸ ਰੋਡ ਤੇ ਛੇ ਜਗ੍ਹਾ ਤੇ ਪੁਲ ਦੀ ਜ਼ਰੂਰਤ ਹੈ। ਉੱਥੋਂ ਚੋਅ ਲੰਘਦਾ ਹੈ। ਦੋ ਜਗ੍ਹਾ ਤੇ ਪਹਿਲਾਂ ਹੀ ਪੁਲ ਬਣੇ ਹੋਏ ਹਨ ਅਤੇ ਚਾਰ ਜਗ੍ਹਾ ਤੇ ਹੁਣ ਬਣਾ ਕੇ ਦੇ ਰਹੇ ਹਾਂ।(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਸ਼੍ਰੀ ਕੰਵਰ ਸੰਧੂ** : ਸਪੀਕਰ ਸਾਹਿਬ, ਪੰਜ ਥਾਵਾਂ ਤੇ ਪੁਲ ਬਣਨ ਵਾਲੇ ਹਨ। ਮੈਂ ਪਿਛਲੇ 15 ਦਿਨਾਂ ਵਿੱਚ ਉੱਥੇ 2-3 ਵਾਰੀ ਗਿਆ ਹਾਂ। ਪਿੰਡ ਵਾਲੇ ਲੋਕ ਬਹੁਤ ਔਖੇ ਹਨ। ਜੇਕਰ ਪੁਲ ਬਣਾਏ ਜਾ ਰਹੇ ਹਨ ਉਨ੍ਹਾਂ ਦਾ ਫਾਇਦਾ ਤਾਂ ਹੀ ਹੈ ਜੇਕਰ ਜਿੰਨੇ ਵੀ ਪੁਲ ਬਣਨ ਵਾਲੇ ਹਨ, ਉਹ ਸਾਰੇ ਬਣਾਏ ਜਾਣ। ਮੇਰੇ ਹਿਸਾਬ ਨਾਲ ਪੰਜ ਬਣਨ ਵਾਲੇ ਹਨ।

**ਰਾਜ ਮੰਤਰੀ** : ਚਾਰ ਪੁਲ 2019 ਦੀਆਂ ਬਰਸਾਤਾਂ ਤੋਂ ਪਹਿਲਾਂ-ਪਹਿਲਾਂ ਬਣ ਜਾਣਗੇ।

**ਸ਼੍ਰੀ ਕੰਵਰ ਸੰਧੂ** : ਸਪੀਕਰ ਸਾਹਿਬ, ਜਿੰਨੇ ਵੀ ਲੋੜ ਹੈ, ਕੀ ਉਹ ਬਣ ਜਾਣਗੇ?

**ਮਾਨਯੋਗ ਸਪੀਕਰ** : ਕਦੇ ਧੰਨਵਾਦ ਵੀ ਕਰ ਦਿਆ ਕਰੋ।

**ਸ਼੍ਰੀ ਕੰਵਰ ਸੰਧੂ** : ਸਪੀਕਰ ਸਾਹਿਬ, ਇਸ ਦੇ ਨਾਲ ਹੀ ਇੱਕ ਇਤਿਹਾਸਕ ਪਿੰਡ ਮਸੌਲ ਹੈ।

**ਮਾਨਯੋਗ ਸਪੀਕਰ** : ਪਹਿਲਾਂ ਇਸ ਵਾਸਤੇ ਤਾਂ ਵਜ਼ੀਰ ਸਾਹਿਬ ਦਾ ਧੰਨਵਾਦ ਕਰ ਦਿਉ।

**ਸ਼੍ਰੀ ਕੰਵਰ ਸੰਧੂ** : ਸਪੀਕਰ ਸਾਹਿਬ, ਜੇਕਰ ਪੰਜੇ ਪੁਲ ਬਣ ਜਾਣਗੇ ਤਾਂ ਤੁਹਾਡਾ ਬਹੁਤ ਬਹੁਤ ਧੰਨਵਾਦ। ਇਸ ਤੋਂ ਬਾਅਦ, ਨਾਲ ਹੀ ਇੱਕ ਪਿੰਡ ਮਸੌਲ ਹੈ, ਇਹ ਇੱਕ ਇਤਿਹਾਸਕ ਪਿੰਡ ਹੈ, ਕਰੀਬ 4000 ਸਾਲ ਪੁਰਾਣਾ ਪਿੰਡ ਹੈ। ਉੱਥੇ ਬਾਹਰ ਤੋਂ ਵੀ ਲੋਕੀਂ ਰਿਸਰਚ ਕਰਨ ਵਾਸਤੇ ਆਉਂਦੇ ਹਨ। ਉੱਥੇ ਵੀ ਦੋ ਪੁਲ ਬਣਾਉਣ ਦੀ ਲੋੜ ਹੈ। ਬਰਸਾਤਾਂ ਵਿੱਚ ਬੱਚੇ ਸਕੂਲ ਤੱਕ ਨਹੀਂ ਪਹੁੰਚ ਸਕਦੇ। ਸੋ, ਮੈਂ ਮੰਤਰੀ ਸਾਹਿਬਾ ਨੂੰ ਬੇਨਤੀ ਕਰਾਂਗਾ ਕਿ ਮਸੌਲ ਪਿੰਡ ਦੇ ਵੀ ਦੋ ਪੁਲ ਬਣਾ ਦਿਉ। ਪੁਲ ਨਾ ਹੋਣ ਕਾਰਨ ਉੱਥੋ ਦੇ ਲੋਕੀਂ ਹਿਮਾਚਲ ਵਿੱਚ ਸ਼ਿਫਟ ਹੋਣ ਲੱਗ ਪਏ ਹਨ।

**ਮਾਨਯੋਗ ਸਪੀਕਰ** : ਇਨ੍ਹਾਂ ਦਾ ਕਹਿਣਾ ਹੈ ਕਿ ਮਸੌਲ ਪਿੰਡ ਤੇ ਵੀ ਗੌਰ ਕਰਨਾ ਜੀ।

**ਰਾਜ ਮੰਤਰੀ** : ਜਿਹੜੇ ਪੁਲਾਂ ਦੀ ਗੱਲ ਮੈਂ ਕੀਤੀ ਹੈ, ਉਨ੍ਹਾਂ ਦੇ ਟੈਂਡਰ ਜਲਦੀ ਹੀ ਲੱਗਣ ਜਾ ਰਹੇ ਹਨ। ਜੇ ਦੋ ਪੁਲ ਹੋਰ ਡਿਮਾਂਡ ਕਰਦੇ ਹਨ, ਉਨ੍ਹਾਂ ਬਾਰੇ ਵੀ ਅਸੀਂ ਸੋਚ ਲਵਾਂਗੇ, ਪਹਿਲਾਂ ਇਹ ਤਾਂ ਬਣਵਾ ਲਉ।

**ਮਾਨਯੋਗ ਸਪੀਕਰ** : ਧੰਨਵਾਦ ਜੀ।

-----------

## ਨਿਸ਼ਾਨ ਵਾਲਾ ਸਵਾਲ ਨੰਬਰ 1072

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

-----------

## ਹਲਕਾ ਬਲਾਚੌਰ ਦੇ ਹਸਪਤਾਲਾਂ/ਡਿਸਪੈਂਸਰੀਆਂ ਵਿਚ ਮਨਜ਼ੂਰਸ਼ੁਦਾ ਆਸਾਮੀਆਂ ਦੀ ਗਿਣਤੀ

*1001. **ਸ਼੍ਰੀ ਦਰਸ਼ਨ ਲਾਲ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਬਲਾਚੌਰ ਵਿਧਾਨ ਸਭਾ ਚੋਣ ਹਲਕੇ ਵਿਚ ਪੈਂਦੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਚ ਮਨਜ਼ੂਰਸ਼ੁਦਾ ਆਸਾਮੀਆਂ ਦੀ ਸ਼੍ਰੇਣੀਵਾਰ ਕੁੱਲ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਵਿਚੋਂ ਕਿੰਨੀਆਂ ਆਸਾਮੀਆਂ ਇਸ ਸਮੇਂ ਖਾਲੀ ਹਨ;

(ਅ) ਇਨ੍ਹਾਂ ਆਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮ ਕੀ-ਕੀ ਹਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, ਵਿਧਾਨ ਸਭਾ ਹਲਕਾ, ਬਲਾਚੌਰ ਅਧੀਨ ਹੇਠ ਲਿਖੀਆਂ ਸਿਹਤ ਸੰਸਥਾਵਾਂ ਮੌਜੂਦ ਹਨ:-

1. ਸਬ-ਡਵੀਜ਼ਨਲ ਹਸਪਤਾਲ, ਬਲਾਚੌਰ
2. ਮਿੰਨੀ ਪੀ.ਐਚ.ਸੀ, ਟਕਾਰਲਾ (ਬਲਾਚੌਰ ਅਧੀਨ)
3. ਮਿੰਨੀ ਪੀ.ਐਚ.ਸੀ., ਪਨਿਆਲੀ (ਬਲਾਚੌਰ ਅਧੀਨ)
4. ਸੀ.ਐਚ.ਸੀ., ਕਾਠਗੜ੍ਹ (ਬਲਾਚੌਰ ਅਧੀਨ)
5. ਸੀ.ਐਚ.ਸੀ, ਸੜੋਆ
6. ਮਿੰਨੀ ਪੀ.ਐਚ.ਸੀ., ਸਾਹਿਬਾ (ਸੜੋਆ ਅਧੀਨ)
7. ਮਿੰਨੀ ਪੀ.ਐਚ.ਸੀ., ਪੋਜੇਵਾਲਾ (ਸੜੋਆ ਅਧੀਨ)

ਇਨ੍ਹਾਂ ਸੰਸਥਾਵਾਂ ਵਿਖੇ ਇਸ ਸਮੇਂ ਮਨਜ਼ੂਰਸ਼ੁਦਾ ਭਰੀਆਂ ਅਤੇ ਖਾਲੀ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

## ਪੀ.ਐਚ.ਸੀ. ਬਲਾਚੌਰ

| **ਅਸਾਮੀ ਦਾ ਨਾਮ** | **ਮਨਜ਼ੂਰਸ਼ੁਦਾ ਅਸਾਮੀਆਂ** | **ਭਰੀਆਂ ਅਸਾਮੀਆਂ** | **ਖਾਲੀ ਅਸਾਮੀਆਂ** |
|---|---|---|---|
| ਸੀਨੀਅਰ ਮੈਡੀਕਲ ਅਫਸਰ | 02 | 02 | 0 |
| ਮੈਡੀਕਲ ਅਫਸਰ | 17 | 14 | 03 |
| ਮੈਡੀਕਲ ਅਫਸਰ (ਡੈਂਟਲ) | 02 | 02 | 0 |
| ਨਰਸਿੰਗ ਸਿਸਟਰ | 01 | 0 | 01 |
| ਸਟਾਫ ਨਰਸ | 13 | 11 | 02 |
| ਓਪਥਾਲਮਿਕ ਅਫਸਰ | 01 | 01 | 0 |
| ਰੇਡੀਓਗ੍ਰਾਫਰ | 03 | 03 | 0 |
| ਐਮ.ਐਲ.ਟੀ. (ਗ੍ਰੇਡ-1) | 02 | 02 | 0 |
| ਐਮ.ਐਲ.ਟੀ. (ਗ੍ਰੇਡ-2) | 04 | 01 | 03 |
| ਚੀਫ ਫਾਰਮਾਸਿਸਟ | 01 | 01 | 0 |
| ਫਾਰਮਾਸਿਸਟ | 05 | 05 | 0 |
| ਸੀਨੀਅਰ ਸਹਾਇਕ | 01 | 0 | 01 |
| ਸਟੈਨੋ-ਟਾਈਪਿਸਟ | 01 | 0 | 01 |
| ਕਲਰਕ | 03 | 0 | 03 |
| ਕੰਪਿਊਟਰ | 01 | 0 | 01 |
| ਬੀ.ਈ.ਈ. | 01 | 01 | 0 |
| ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ (ਮੇਲ) | 04 | 04 | 0 |
| ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ (ਫੀਮੇਲ) | 05 | 04 | 01 |
| ਮਲਟੀਪਰਪਜ਼ ਹੈਲਥ ਵਰਕਰ (ਮੇਲ) | 18 | 05 | 13 |
| ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) | 18 | 15 | 03 |
| ਡਰਾਈਵਰ | 03 | 03 | 0 |
| ਵਾਰਡ ਸਰਵੈਂਟ | 16 | 06 | 10 |
| ਕੁੱਕ | 01 | 0 | 01 |
| ਸਫਾਈ ਸੇਵਕ | 07 | 05 | 02 |
| **ਕੁੱਲ** | **130** | **85** | **45** |

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

**ਪੀ.ਐਚ.ਸੀ. ਸੜੋਆ**

| **ਆਸਾਮੀ ਦਾ ਨਾਮ** | **ਮਨਜ਼ੂਰਸ਼ੁਦਾ ਅਸਾਮੀਆਂ** | **ਭਰੀਆਂ ਅਸਾਮੀਆਂ** | **ਖਾਲੀ ਅਸਾਮੀਆਂ** |
|---|---|---|---|
| ਸੀਨੀਅਰ ਮੈਡੀਕਲ ਅਫਸਰ | 01 | 01 | 0 |
| ਮੈਡੀਕਲ ਅਫਸਰ | 08 | 08 | 0 |
| ਮੈਡੀਕਲ ਅਫਸਰ (ਡੈਂਟਲ) | 03 | 03 | 0 |
| ਨਰਸਿੰਗ ਸਿਸਟਰ | 01 | 01 | 0 |
| ਓਪਥਾਲਮਿਕ ਅਫਸਰ | 01 | 0 | 01 |
| ਰੇਡੀਓਗ੍ਰਾਫਰ | 01 | 01 | 0 |
| ਸਟਾਫ ਨਰਸ | 08 | 05 | 03 |
| ਐਮ.ਐਲ.ਟੀ. (ਗ੍ਰੇਡ-1) | 02 | 01 | 01 |
| ਐਮ.ਐਲ.ਟੀ. (ਗ੍ਰੇਡ-2) | 03 | 01 | 02 |
| ਚੀਫ ਫਾਰਮਾਸਿਸਟ | 01 | 01 | 0 |
| ਫਾਰਮਾਸਿਸਟ | 04 | 03 | 01 |
| ਸੀਨੀਅਰ ਸਹਾਇਕ | 01 | 01 | 0 |
| ਸਟੈਨੋ-ਟਾਈਪਿਸਟ | 01 | 01 | 0 |
| ਕਲਰਕ | 02 | 0 | 02 |
| ਕੰਪਿਊਟਰ | 01 | 0 | 01 |
| ਬੀ.ਈ.ਈ. | 01 | 01 | 0 |
| ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ (ਮੇਲ) | 03 | 03 | 0 |
| ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ (ਫੀਮੇਲ) | 03 | 03 | 0 |
| ਮਲਟੀਪਰਪਜ਼ ਹੈਲਥ ਵਰਕਰ (ਮੇਲ) | 15 | 03 | 12 |
| ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) | 15 | 12 | 03 |
| ਡਰਾਈਵਰ | 01 | 0 | 01 |
| ਵਾਰਡ ਸਰਵੈਂਟ | 12 | 05 | 07 |
| ਸਫਾਈ ਸੇਵਕ | 05 | 02 | 03 |
| ਟਰੇਂਡ ਦਾਈ | 01 | 01 | 0 |
| ਆਇਆ ਦਾਈ | 02 | 0 | 02 |
| ਡੈਂਟਲ ਅਟਡੈਂਟ | 03 | 0 | 03 |
| ਮਾਲੀ | 01 | 0 | 01 |
| **ਕੁੱਲ** | **100** | **57** | **43** |

(ਅ) ਹਲਕਾ ਬਲਾਚੌਰ ਦੇ ਹਸਪਤਾਲਾਂ ਵਿਚ ਸੀਨੀਅਰ ਮੈਡੀਕਲ ਅਫਸਰ ਦੀਆਂ 03 ਮਨਜ਼ੂਰਸ਼ੁਦਾ ਆਸਾਮੀਆਂ ਭਰੀਆਂ ਹੋਈਆਂ ਹਨ। 30 ਮੈਡੀਕਲ ਅਫਸਰਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਵਿਰੁੱਧ 27 ਮੈਡੀਕਲ ਅਫਸਰ ਕੰਮ ਕਰ ਰਹੇ ਹਨ। ਪੈਰ੍ਹਾ-ਮੈਡੀਕਲ ਅਤੇ ਮਨਿਸਟਰੀਅਲ ਸਟਾਫ ਦੀਆਂ ਜੋ ਆਸਾਮੀਆਂ ਖਾਲੀ ਹਨ, ਉਨ੍ਹਾਂ ਨੂੰ ਚੱਲ ਰਹੀ ਭਰਤੀ ਪ੍ਰਕਿਰਿਆ

ਅਤੇ ਆਉਣ ਵਾਲੇ ਆਮ ਬਦਲੀਆਂ ਦੌਰਾਨ ਭਰ ਦਿੱਤਾ ਜਾਵੇਗਾ। ਮੈਡੀਕਲ ਅਫਸਰਾਂ ਦੀਆਂ 306 ਆਸਾਮੀਆਂ ਨੂੰ ਭਰਨ ਲਈ ਪੰਜਾਬ ਲੋਕ ਸੇਵਾ-ਕਮਿਸ਼ਨ ਵਲੋਂ ਜਨਤਕ ਸੂਚਨਾ ਜਾਰੀ ਕਰ ਦਿੱਤੀ ਗਈ ਹੈ। ਨੈਸ਼ਨਲ ਹੈਲਥ ਮਿਸ਼ਨ ਪੰਜਾਬ ਵਲੋਂ ਸਪੈਸ਼ਲਿਸਟ ਡਾਕਟਰਾਂ ਨੂੰ ਪੀ.ਜੀ. ਕਰਨ ਉਪਰੰਤ ਕੈਂਪਸ ਪਲੇਸਮੈਂਟ ਕੀਤੀ ਜਾ ਰਹੀ ਹੈ ਅਤੇ ਸਮੇਂ-ਸਮੇਂ ਤੇ ਵਾਕ-ਇਨ-ਇੰਟਰਵਿਊ ਰਾਹੀਂ ਵੀ ਭਰਤੀ ਕੀਤੀ ਜਾ ਰਹੀ ਹੈ। ਮਲਟੀਪਰਪਜ਼ ਹੈਲਥ ਵਰਕਰ (ਮੇਲ), ਸਟਾਫ ਨਰਸਾਂ ਅਤੇ ਐਮ.ਐਲ.ਟੀ. (ਗ੍ਰੇਡ-2) ਦੀ ਭਰਤੀ ਸੰਬੰਧੀ ਚੱਲ ਰਹੇ ਕੋਰਟ ਕੇਸਾਂ ਦੇ ਨਿਪਟਾਰੇ ਉਪਰੰਤ ਇਹ ਭਰਤੀ ਪ੍ਰਕਿਰਿਆ ਵੀ ਮੁਕੰਮਲ ਹੋ ਜਾਵੇਗੀ।

**ਸ਼੍ਰੀ ਦਰਸ਼ਨ ਲਾਲ:** ਮੰਤਰੀ ਜੀ, ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਕੀ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ ਅਤੇ ਇਹ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ? ਛੇਤੀ ਦੱਸੋ।

**ਮਾਨਯੋਗ ਸਪੀਕਰ:** ਛੇਤੀ ਦੱਸੋ। (ਹਾਸਾ)

**ਮੰਤਰੀ :** ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ ਤੇ ਜਿੰਨੀਆਂ ਵੀ ਅਸਾਮੀਆਂ ਖਾਲੀ ਹਨ, ਉਨ੍ਹਾਂ ਦੀ ਲਿਸਟ ਅਸੀਂ ਪਬਲਿਕ ਸਰਵਿਸ ਕਮਿਸ਼ਨ ਨੂੰ ਭੇਜ ਦਿੱਤੀ ਹੈ ਅਤੇ ਪਬਲਿਕ ਸਰਵਿਸ ਕਮਿਸ਼ਨ ਹੁਣੇ recently ਹੀ constitute ਹੋਇਆ ਹੈ ਅਤੇ ਉਹ ਬਹੁਤ ਜਲਦੀ ਇਸ ਸਬੰਧੀ ਕਾਰਵਾਈ ਸ਼ੁਰੂ ਕਰਨ ਲੱਗੇ ਹਨ।

**ਸ਼੍ਰੀ ਦਰਸ਼ਨ ਲਾਲ:** ਧੰਨਵਾਦ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਅਤੇ ਪ੍ਰੋ. ਬਲਜਿੰਦਰ ਕੌਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਪੁੱਛਣ ਲਈ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਕੁਲਤਾਰ ਸਿੰਘ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਸਿਰਫ ਇੰਨਾ ਹੀ ਪੁੱਛਣਾ ਚਾਹੁੰਦਾ ਹਾਂ ਕਿ ਠੀਕ ਹੈ ਕਿ ਫੰਡਜ਼ ਨਹੀਂ ਹੋਣੇ ਤੇ ਆਪਾਂ ਇਨ੍ਹਾਂ ਭਰਤੀਆਂ ਨੂੰ ਲਮਕਾਉਣਾ ਵੀ ਹੈ ਲੇਕਿਨ ਜਿਹੜੇ ਗਰੀਬ ਲੋਕ ਹਨ, ਉਹ ਸਰਕਾਰੀ ਹਸਪਤਾਲਾਂ ਵਿੱਚ ਹੀ ਜਾਂਦੇ ਹਨ ਤੇ ਉਨ੍ਹਾਂ ਨੇ ਇਲਾਜ ਵੀ ਜ਼ਰੂਰ ਕਰਵਾਉਣਾ ਹੈ। ਕੀ ਆਪਾਂ ਇਸ ਸਬੰਧੀ ਪ੍ਰਾਈਵੇਟ ਹਸਪਤਾਲਾਂ ਨਾਲ ਟਾਈ ਅੱਪ ਕਰ ਸਕਦੇ ਹਾਂ ਕਿ ਸਰਕਾਰੀ ਰੇਟਾਂ ਤੇ ਹੀ ਸਰਕਾਰ ਉਨ੍ਹਾਂ ਨੂੰ ਪੇਮੈਂਟ ਕਰ ਦਿਆ ਕਰੇ ਅਤੇ ਡਾਕਟਰਾਂ ਦੀਆਂ ਸੇਵਾਵਾਂ ਲੈ ਲਈਆਂ ਜਾਣ ਤੇ ਸਰਕਾਰੀ ਹਸਪਤਾਲ ਮਰੀਜ਼ਾਂ ਨੂੰ ਪ੍ਰਾਈਵੇਟ ਹਸਪਤਾਲ ਰੈਫਰ ਕਰ ਦਿਆ ਕਰਨ ਜਿੱਥੇ ਅਸਾਮੀਆਂ ਦੀ ਭਰਤੀ ਨਹੀਂ ਹੋਈ ਹੈ, ਉਨ੍ਹਾਂ ਥਾਵਾਂ ਤੇ ਕੀ ਸਰਕਾਰ ਇਸ ਤਰ੍ਹਾਂ ਦਾ ਕੋਈ arrangement ਕਰ ਸਕਦੀ ਹੈ?

**ਮੰਤਰੀ:** ਸਪੀਕਰ ਸਾਹਿਬ, ਪਹਿਲੀ ਗੱਲ ਇਹ ਹੈ ਕਿ ਜਿਹੜੀ ਇਨ੍ਹਾਂ ਨੇ ਫੰਡਜ਼ ਦੀ ਗੱਲ ਕੀਤੀ ਹੈ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਸਤਿਕਾਰਯੋਗ ਮੁੱਖ ਮੰਤਰੀ ਜੀ ਨੇ ਪੂਰਾ ਧਿਆਨ ਦੇ ਕੇ ਫੰਡਜ਼ ਦੀ ਐਲੋਕੇਸ਼ਨ ਪੂਰੀ ਕਰਵਾ ਦਿੱਤੀ ਹੈ ਅਤੇ ਹੈਲਥ ਡਿਪਾਰਟਮੈਂਟ ਲਈ ਫੰਡਜ਼ ਦੀ ਕੋਈ ਕਮੀ ਨਹੀਂ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਔਰ ਜਿਹੜੀ ਇਨ੍ਹਾਂ ਪ੍ਰਾਈਵੇਟ ਡਾਕਟਰਾਂ ਦੀਆਂ ਸੇਵਾਵਾਂ ਲੈਣ ਦੀ ਗੱਲ ਕਹੀ ਹੈ, ਉਸ ਸਬੰਧੀ ਇਹ ਪ੍ਰਪੋਜ਼ਲ ਦੇ ਦੇਣ ਤਾਂ ਅਸੀਂ ਉਸ ਨੂੰ ਲੀਗਲੀ ਐਗਜ਼ਾਮਿਨ ਕਰਕੇ ਦੇਖ ਲਵਾਂਗੇ।

**ਪ੍ਰੋਫੈਸਰ ਬਲਜਿੰਦਰ ਕੌਰ:** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ ਹਸਪਤਾਲ ਜਾਂ ਡਿਸਪੈਂਸਰੀਆਂ ਹਨ, ਕੀ ਉਨ੍ਹਾਂ ਨੂੰ ਕਿਸੇ ਗਰੇਡ ਸਿਸਟਮ ਦੇ ਤਹਿਤ ਵੀ ਰੱਖਿਆ ਜਾਂਦਾ ਹੈ? ਕਿਉਂਕਿ ਰਾਮਾ ਮੰਡੀ, ਤਲਵੰਡੀ ਸਾਬੋ ਵਿਖੇ ਇੱਕ ਹਸਪਤਾਲ ਹੈ, ਜਿੱਥੇ ਮੈਨੂੰ ਅਕਸਰ ਇਹੀ ਸੁਣਨ ਨੂੰ ਮਿਲਿਆ ਹੈ ਕਿ ਇੱਥੇ ਡਾਕਟਰ ਅਵੇਲੇਬਲ ਨਹੀਂ ਹੁੰਦੇ ਕਿਉਂਕਿ ਇਸ ਹਸਪਤਾਲ ਨੂੰ 'ਡੀ' ਗਰੇਡ ਵਿੱਚ ਕਰ ਦਿੱਤਾ ਹੈ ਕਿਉਂਕਿ ਡਾਕਟਰ ਇੱਥੇ ਆਉਣ ਲਈ interested ਨਹੀਂ ਹਨ ਤੇ ਜੇ ਉਹ ਇੱਥੇ ਆਉਂਦੇ ਹਨ ਤਾਂ ਉਨ੍ਹਾਂ ਨੂੰ ਕੋਈ ਵੀ ਸਰਕਾਰੀ ਫੈਸਿਲਟੀ ਨਹੀਂ ਮਿਲਦੀ। ਕੀ ਕੋਈ ਇਹੋ ਜਿਹਾ ਪ੍ਰੋਸੈਸ ਹੈ?

**ਮੰਤਰੀ:** ਸਪੀਕਰ ਸਾਹਿਬ, ਪੀ.ਸੀ.ਐਮ.ਐਸ. ਕਾਡਰ ਦੀ ਇੱਕ ਬੜੀ ਜ਼ਰੂਰਤ ਹੁੰਦੀ ਹੈ ਕਿ ਉਹ ਪੀ.ਜੀ. ਕਰਨਾ ਚਾਹੁੰਦੇ ਹਨ ਤੇ ਪੀ.ਜੀ. ਕਰਨ ਲਈ ਰੂਰਲ ਸਰਵਿਸ ਬੜੀ ਜ਼ਰੂਰੀ ਹੁੰਦੀ ਹੈ। 'ਡੀ' ਕੈਟਾਗਰੀ ਰੂਰਲ ਸਰਵਿਸ ਦੀ ਹੁੰਦੀ ਹੈ। ਜੇ ਡਾਕਟਰ ਤਿੰਨ ਸਾਲ ਜਾਂ ਪੰਜ ਸਾਲ ਰੂਰਲ ਸਰਵਿਸ ਵਿੱਚ ਕੰਮ ਕਰਦੇ ਹਨ ਤਾਂ ਉਨ੍ਹਾਂ ਨੂੰ ਪੋਸਟ ਗ੍ਰੈਜੂਏਸ਼ਨ ਦਾ ਬੈਨੀਫਿਟ ਮਿਲਦਾ ਹੈ। ਹਸਪਤਾਲਾਂ ਦੀ ਗਰੇਡਿੰਗ ਬਿਲਕੁਲ ਕੀਤੀ ਹੋਈ ਹੈ ਜਿਸ ਵਿੱਚ ਏ,ਬੀ,ਸੀ,ਡੀ ਕੈਟਾਗਰੀਜ਼ ਹਨ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਜਗਦੇਵ ਸਿੰਘ ਅਤੇ ਸਰਦਾਰ ਅਮਰਜੀਤ ਸਿੰਘ ਸੰਦੋਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਪੁੱਛਣ ਲਈ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਅਮਰਜੀਤ ਜੀ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਪਹਿਲੇ ਵੀ ਦੱਸਿਆ ਹੈ ਕਿ ਮੇਰਾ ਰੋਪੜ ਹਲਕਾ ਬਹੁਤ ਹੀ ਗਰੀਬ ਹੈ ਅਤੇ ਮੈਂ ਮੰਤਰੀ ਸਾਹਿਬ ਨੂੰ ਦੋ-ਤਿੰਨ ਮਹੀਨੇ ਪਹਿਲੇ ਵੀ ਲਿਸਟ ਦਿੱਤੀ ਸੀ ਕਿ ਸਾਡੇ ਹਲਕੇ ਵਿੱਚ ਡਾਕਟਰਾਂ ਦੀਆਂ ਪੋਸਟਾਂ ਖਾਲੀ ਹਨ ਤੇ ਮੈਨੂੰ ਅਜੇ ਤੱਕ ਉਸ ਦਾ ਕੋਈ ਜਵਾਬ ਨਹੀਂ ਮਿਲਿਆ ਹੈ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਰੋਪੜ ਦੇ ਹਸਪਤਾਲ ਵਿੱਚ ਡਾਕਟਰ ਪੂਰੇ ਕਰ ਦਿਓ ਕਿਉਂਕਿ ਇਹ ਜ਼ਿਲ੍ਹੇ ਦਾ ਸਿਰਫ ਇੱਕੋ ਹੀ ਹਸਪਤਾਲ ਹੈ।

**ਮਾਨਯੋਗ ਸਪੀਕਰ:** ਬ੍ਰਹਮ ਮਹਿੰਦਰਾ ਜੀ। ਇਹ ਤਾਂ ਸਿਰਫ ਬੇਨਤੀ ਹੀ ਹੈ।

**ਮੰਤਰੀ:** ਸਪੀਕਰ ਸਾਹਿਬ, ਮੇਰੀ ਵੀ ਬੜੀ ਇੱਛਾ ਹੈ ਕਿ ਸਾਰੇ ਹਸਪਤਾਲਾਂ ਵਿੱਚ ਡਾਕਟਰ ਹੋਣ ਕਿਉਂਕਿ ਮੁੱਖ ਮੰਤਰੀ ਸਾਹਿਬ ਤੇ ਅਸੀਂ ਸਾਰੇ ਵਚਨ ਬੱਧ ਹਾਂ ਕਿ ਅਸੀਂ ਹੈਲਥ ਸਰਵਿਸਿਜ਼ ਨੂੰ ਠੀਕ ਕਰਨਾ ਹੈ ਜਿਹੜੀਆਂ ਕਿ ਬਹੁਤ ਖਰਾਬ ਹੋ ਰੱਖੀਆਂ ਹਨ। ਮੇਰੀ ਸੋਚ ਇਹ ਹੈ ਕਿ ਹੁਣ ਭਰਤੀ ਸ਼ੁਰੂ ਹੋਣੀ ਹੈ ਤਾਂ 306 ਡਾਕਟਰ ਆ ਜਾਣਗੇ। NRHM ਵਿੱਚ ਭਰਤੀ ਹੋਵੇਗੀ ਅਤੇ 306 ਡਾਕਟਰਾਂ ਦੇ ਆਉਣ ਤੋਂ ਬਾਅਦ ਕਾਫੀ ਰਿਲੀਫ ਹੋਵੇਗੀ ਤੇ ਕਾਫੀ ਹਸਪਤਾਲ ਤੇ ਡਿਸਪੈਂਸਰੀਆਂ ਠੀਕ ਹੋ ਜਾਣਗੀਆਂ।

**ਸਰਦਾਰ ਜਗਦੇਵ ਸਿੰਘ:** ਸਪੀਕਰ ਸਾਹਿਬ, ਧੰਨਵਾਦ। ਮੈਂ ਪਿਛਲੇ ਸੈਸ਼ਨ ਵਿੱਚ ਬੇਨਤੀ ਕੀਤੀ ਸੀ ਕਿ ਮੇਰੇ ਹਲਕੇ ਮੌੜ ਮੰਡੀ ਵਿੱਚ ਸਿਰਫ ਇੱਕੋ-ਇੱਕ ਸਿਵਲ ਹਸਪਤਾਲ ਹੈ, ਜਿੱਥੇ ਡਾਕਟਰ ਦੀ ਕੋਈ ਆਸਾਮੀ ਨਹੀਂ ਹੈ ਤੇ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇਕਰ ਸਰਕਾਰ ਕੋਲ ਪੈਸੇ ਨਹੀਂ ਹਨ ਤਾਂ ਸਾਡੇ ਹਲਕੇ ਵਾਲੇ ਤਨਖਾਹ ਇਕੱਠੀ ਕਰਕੇ ਡਾਕਟਰ ਨੂੰ ਦੇ ਦਿਆ ਕਰਨਗੇ

ਤੇ ਸਾਨੂੰ ਸਿਰਫ ਡਾਕਟਰ ਦੇ ਦਿੱਤਾ ਜਾਵੇ। ਜੇ ਸਰਕਾਰ ਕੋਲ ਪੈਸੇ ਨਹੀਂ ਹਨ ਤਾਂ ਅਸੀਂ ਪੈਸੇ ਇਕੱਠੇ ਕਰਕੇ ਦੇ ਦਿਆ ਕਰਾਂਗੇ। ਇੱਕ-ਦੋ ਡਾਕਟਰ ਤਾਂ ਉੱਥੇ ਜ਼ਰੂਰ ਭੇਜਣ ਦੀ ਲੋੜ ਹੈ ਕਿਉਂਕਿ ਕਈ ਵਾਰ ਐਮਰਜੈਂਸੀ ਵਿੱਚ ਵੀ ਲੋੜ ਪੈ ਜਾਂਦੀ ਹੈ।

**ਮਾਨਯੋਗ ਸਪੀਕਰ:** ਸਵਾਲ ਪੁੱਛੋ, ਸਵਾਲ ਪੁੱਛੋ।

**ਸਰਦਾਰ ਜਗਦੇਵ ਸਿੰਘ:** ਸਵਾਲ ਇਹ ਹੈ ਕਿ ਉੱਥੇ ਡਾਕਟਰ ਜ਼ਰੂਰ ਦੇ ਦਿਓ।

**ਮਾਨਯੋਗ ਸਪੀਕਰ:** ਇਹ ਤਾਂ ਉਨ੍ਹਾਂ ਨੇ ਪਹਿਲਾਂ ਹੀ ਕਹਿ ਦਿੱਤਾ ਹੈ ਤੇ ਡਿਟੇਲ ਵਿੱਚ ਜਵਾਬ ਦੇ ਦਿੱਤਾ ਹੈ।

**ਮੰਤਰੀ:** ਮੌੜ ਮੰਡੀ ਵਿੱਚ ਸਾਡੇ ਇੱਕ ਐਸ.ਐਮ.ਓ. ਮੌਜੂਦ ਹਨ ਤੇ ਬਠਿੰਡੇ ਤੋਂ ਤਿੰਨ ਦਿਨ ਲਈ ਇੱਕ ਡਾਕਟਰ ਦੀ ਡਿਊਟੀ ਲਗਾਈ ਹੋਈ ਹੈ ਜੋ ਕਿ ਆਲਟਰਨੇਟ ਡੇਜ਼ ਤੇ ਜਾਂਦੇ ਹਨ ਅਤੇ ਜੇਕਰ ਕੋਈ ਹੋਰ ਕਮੀ ਹੋਵੇਗੀ, ਉਹ ਵੀ ਅਸੀਂ ਪੂਰੀ ਕਰਾਂਗੇ।

**ਸਰਦਾਰ ਜਗਦੇਵ ਸਿੰਘ:** ਕਈ ਡਾਕਟਰ ਡੈਪੂਟੇਸ਼ਨ ਤੇ ਹੋਣ ਕਰਕੇ ਦੋ ਵਜੇ ਹਸਪਤਾਲ ਤੋਂ ਚਲੇ ਜਾਂਦੇ ਹਨ। ਸਾਡੇ ਉੱਥੇ ਇੰਨਾ-ਵੱਡਾ ਬੰਬ ਬਲਾਸਟ ਹੋ ਗਿਆ ਤੇ ਕੋਈ ਵੀ ਹਸਪਤਾਲ ਸੇਵਾਵਾਂ ਨਹੀਂ ਦੇ ਸਕਿਆ, ਉੱਥੇ ਸੱਤ ਮੌਤਾਂ ਹੋ ਗਈਆਂ। ਹਸਪਤਾਲ ਵਿੱਚ ਕੋਈ ਵੀ ਸਰਕਾਰੀ ਡਾਕਟਰ ਨਹੀਂ ਸੀ। ਜਿਹੜੇ ਇੱਕ ਦੋ ਹਸਪਤਾਲ ਹਨ, ਉਨ੍ਹਾਂ ਨੇ ਮਰੀਜ਼ ਦਾਖਲ ਨਹੀਂ ਕੀਤੇ। ਇਸ ਕਰਕੇ ਬੇਨਤੀ ਹੈ ਕਿ 24 ਘੰਟੇ ਲਈ, ਇੱਕ-ਦੋ ਡਾਕਟਰ ਦੇ ਦਿਉ। ਇਹੀ ਵਿਸ਼ਵਾਸ ਦਿਵਾ ਦੇਣ ਕੇ ਕਿੰਨੇ ਚਿਰ ਵਿੱਚ ਡਾਕਟਰ ਦੇ ਦਿਉਗੇ।

**ਮਾਨਯੋਗ ਸਪੀਕਰ:** ਜਵਾਬ ਤਾਂ ਉਨ੍ਹਾਂ ਦਾ ਆ ਗਿਆ ਹੈ, ਹੁਣ ਕੋਈ ਬਾਕੀ ਗੱਲ ਨਹੀਂ ਰਹੀ। ਤੁਸੀਂ ਦੱਸੋ ਸਰਦਾਰ ਗੁਰਮੀਤ ਸਿੰਘ ਜੀ।

**ਸਰਦਾਰ ਗੁਰਮੀਤ ਸਿੰਘ ਮੀਤ ਹੇਹਰ:** ਸਪੀਕਰ ਸਾਹਿਬ, ਵੈਸੇ ਤਾਂ ਮਾਨਯੋਗ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਮੁੱਖ ਮੰਤਰੀ ਸਾਹਿਬ ਨੇ ਹੈਲਥ ਲਈ ਬਜਟ ਵਿੱਚ ਕੋਈ ਕਮੀ-ਪੇਸ਼ੀ ਨਹੀਂ ਛੱਡੀ। ਵੈਸੇ 1980 ਤੋਂ ਬਾਅਦ ਜਿਹੜਾ ਸਾਡਾ ਹੈਲਥ ਬਜਟ ਹੈ, ਉਹ 10% ਤੋਂ 4.4% ਤੇ ਆ ਗਿਆ ਅਤੇ ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੈਨੀਫੈਸਟੋ ਦੇ ਪੇਜ ਨੰ. 59 ਤੇ ਇੱਕ ਵਾਅਦਾ ਕੀਤਾ ਸੀ ਕਿ ਹਰੇਕ ਹਜ਼ਾਰ ਪਾਪੂਲੇਸ਼ਨ ਪਿੱਛੇ ਅਸੀਂ ਇੱਕ ਕਲੀਨਿਕ ਬਣਾਵਾਂਗੇ। ਕੀ ਉਹ ਮੰਤਰੀ ਸਾਹਿਬ ਦੇ ਵਿਚਾਰ ਅਧੀਨ ਹੈ ਕਿ ਉਹ ਕਲੀਨਿਕ ਕਦੋਂ ਤੱਕ ਬਣਾਉਣੇ ਸ਼ੁਰੂ ਕਰ ਦੇਣਗੇ?

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇੱਕ ਹਜ਼ਾਰ ਦੀ ਪਾਪੂਲੇਸ਼ਨ ਪਿੱਛੇ ਵੈਲਨੈੱਸ ਸੈਂਟਰ ਖੋਲ੍ਹਣ ਜਾ ਰਹੇ ਹਾਂ। ਸਾਡੇ 206 ਪਲੈਨ ਹੋ ਚੁੱਕੇ ਹਨ। ਅਗਲੇ ਆਉਣ ਵਾਲੇ ਦਿਨਾਂ ਵਿੱਚ ਅਸੀਂ ਇੱਕ ਹਜ਼ਾਰ ਹੋਰ ਖੋਲ੍ਹਣੇ ਹਨ ਔਰ ਉੱਥੇ ਟਰੇਂਡ ਸਟਾਫ ਹੋਵੇਗਾ, ਮੈਂ ਐਸ਼ਿਓਰ ਕਰਦਾ ਹਾਂ। (ਟਰੈਜ਼ਰੀ ਬੇਂਚਿਜ਼ ਵੱਲੋਂ ਥੰਪਿੰਗ)।

**ਮਾਨਯੋਗ ਸਪੀਕਰ:** ਐਸ਼ੋਰੈਂਸ ਆ ਗਈ ਹੈ ਜੀ।

**ਮੰਤਰੀ:** ਸਾਡਾ ਮੈਨੀਫੈਸਟੋ ਹੈ ਜੀ ਅਤੇ ਅਸੀਂ ਮੈਨੀਫੈਸਟੋ ਦੀ ਇੱਕ-ਇੱਕ ਚੀਜ਼ ਪੂਰੀ ਕਰਨੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। 140 ਚੀਜ਼ਾਂ ਅਸੀਂ ਪੂਰੀਆਂ ਕਰ ਚੁੱਕੇ ਹਾਂ।

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) :** ਮੈਂ ਬੇਨਤੀ ਕਰਨੀ ਚਾਹਾਂਗਾ ਕਿ ਮੈਂਬਰ ਸਾਹਿਬ ਨੇ ਹੁਣੇ ਕਿਹਾ ਸੀ ਕਿ ਅਸੀਂ ਆਪਣੀ ਕੰਸਟੀਚਿਉਐਂਸੀ ਵਿੱਚੋਂ ਪੈਸੇ ਇਕੱਠੇ ਕਰਕੇ ਡਾਕਟਰ ਰੱਖ ਲੈਂਦੇ ਹਾਂ। ਇਹ ਬੜੀ ਚੰਗੀ ਸੁਜੈਸ਼ਨ ਹੈ। ਮੈਂ ਤੁਹਾਡੇ ਥਰੂ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿੰਨੀ ਦੇਰ ਤੱਕ ਸਰਕਾਰ ਦਾ ਪ੍ਰਬੰਧ ਨਹੀਂ ਹੁੰਦਾ ਓਨੀ ਦੇਰ ਤੱਕ ਇਹ 4-5 ਡਾਕਟਰ ਹਾਇਰ ਕਰ ਲੈਣ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ, ਸਵਾਲ ਪੁੱਛੋ।

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) :** ਇਹ ਵੀ ਜ਼ਰੂਰੀ ਸੀ ਜੀ।

**ਮਾਨਯੋਗ ਸਪੀਕਰ:** ਅਗਲਾ ਸਵਾਲ। ਸਰਦਾਰ ਹਰਮਿੰਦਰ ਸਿੰਘ ਗਿੱਲ ਜੀ।

-----------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1011

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----------

## ਪਿੰਡਾਂ ਵਿੱਚ ਸਫਾਈ ਸੇਵਕ ਰੱਖਣਾ

*940. **ਸ਼੍ਰੀ ਜੋਗਿੰਦਰ ਪਾਲ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਪਹਿਲਾਂ ਦੀ ਤਰ੍ਹਾਂ ਪਿੰਡਾਂ ਵਿੱਚ ਸਫਾਈ ਸੇਵਕ ਰੱਖਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਹਾਂ ਜੀ। ਪਿੰਡਾਂ ਵਿੱਚ ਜਿੱਥੇ ਪਹਿਲਾਂ ਕੋਈ ਸਫਾਈ ਸੇਵਕ ਕੰਮ ਨਹੀਂ ਕਰ ਰਿਹਾ, ਉੱਥੇ ਪੰਚਾਇਤ ਵੱਲੋਂ ਮਤਾ ਪਾ ਕੇ ਸਫਾਈ ਸੇਵਕ ਰੱਖੇ ਜਾ ਸਕਦੇ ਹਨ।

**ਮਾਨਯੋਗ ਸਪੀਕਰ:** ਸ਼੍ਰੀ ਜੋਗਿੰਦਰ ਪਾਲ ਜੀ। ਜਿਹੜੇ ਸਫਾਈ ਸੇਵਕ ਰੱਖਣੇ ਹਨ, ਉਹ ਪੰਚਾਇਤਾਂ ਦੀ ਮਰਜ਼ੀ ਹੈ।

**ਸ਼੍ਰੀ ਜੋਗਿੰਦਰ ਪਾਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਕੈਪਟਨ ਸਾਹਿਬ ਦੀ ਸਰਕਾਰ ਸੀ 2002 ਤੋਂ 2007 ਦੌਰਾਨ।

**ਮਾਨਯੋਗ ਸਪੀਕਰ :** ਦੱਸਣਾ ਚਾਹੁੰਦੇ ਹੋ ਜਾਂ ਪੁੱਛਣਾ ਚਾਹੁੰਦੇ ਹੋ?

**ਸ਼੍ਰੀ ਜੋਗਿੰਦਰ ਪਾਲ :** ਸਪੀਕਰ ਸਾਹਿਬ, ਪੁੱਛਣਾ ਚਾਹੁੰਦਾ ਹਾਂ ਜੀ। ਜਦੋਂ ਕੈਪਟਨ ਸਾਹਿਬ ਦੀ ਸਰਕਾਰ ਸੀ ਉਸ ਵੇਲੇ ਸਫਾਈ ਸੇਵਕ ਰੱਖੇ ਹੋਏ ਸਨ। ਫਿਰ ਸਰਕਾਰ ਚੇਂਜ ਹੋਣ ਤੋਂ ਬਾਅਦ ਕੋਈ ਵੀ ਸਫਾਈ ਸੇਵਕ ਪਿੰਡਾਂ ਵਿੱਚ ਨਹੀਂ ਰੱਖਿਆ ਗਿਆ। ਪਿੰਡਾਂ ਵਿੱਚ ਬਹੁਤ ਬੁਰਾ ਹਾਲ ਹੈ। ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਲਦੀ ਹੀ ਕੋਈ ਇਸ ਤਰ੍ਹਾਂ ਦਾ ਸਿਸਟਮ ਬਣਾਇਆ ਜਾਵੇ ਜਿਸ ਨਾਲ ਪਿੰਡਾਂ ਦੀ ਸਫਾਈ ਜਲਦੀ ਤੋਂ ਜਲਦੀ ਕੀਤੀ ਜਾ ਸਕੇ।

**ਮਾਨਯੋਗ ਸਪੀਕਰ:** ਪਿੰਡਾਂ ਦੀ ਸਫਾਈ ਯਕੀਨੀ ਬਣਾਉਣ ਵਾਸਤੇ ਕੋਈ ਸਿਸਟਮ ਬਣਾਇਆ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਨੂੰ ਅੱਗੇ ਵੀ ਦੱਸਿਆ ਹੈ ਕਿ ਇਹ ਪੰਚਾਇਤਾਂ ਦਾ ਹੱਕ ਹੈ। ਪੰਚਾਇਤ ਜਦੋਂ ਮਰਜ਼ੀ ਰੈਜ਼ੋਲਿਊਸ਼ਨ ਪਾ ਕੇ ਕੋਈ ਬੰਦਾ ਉੱਥੇ ਰੱਖ ਸਕਦੀ ਹੈ, ਉਸ ਉੱਤੇ ਕੋਈ ਮਨਾਹੀ ਨਹੀਂ ਹੈ।

**ਮਾਨਯੋਗ ਸਪੀਕਰ:** ਕੋਈ ਮਨਾਹੀ ਨਹੀਂ ਹੈ। ਪੰਚਾਇਤਾਂ ਕੋਲ ਅਧਿਕਾਰ ਹੈ ਕਿ ਉਹ ਰੱਖ ਸਕਦੀ ਹੈ।

**ਸ਼੍ਰੀ ਜੋਗਿੰਦਰ ਪਾਲ:** ਧੰਨਵਾਦ ਜੀ।

-----------

## ਮਿਊਂਸਿਪਲ ਕਾਰਪੋਰੇਸ਼ਨ, ਮੋਹਾਲੀ ਵਿੱਚ ਹੋਰ ਪਿੰਡ ਸ਼ਾਮਿਲ ਕਰਨਾ

*1083. **ਸਰਦਾਰ ਬਲਬੀਰ ਸਿੰਘ ਸਿੱਧੂ**: ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

ੳ) ਕੀ ਮਿਊਂਸਿਪਲ ਕਾਰਪੋਰੇਸ਼ਨ, ਐਸ.ਏ.ਐਸ. ਨਗਰ (ਮੋਹਾਲੀ) ਵਿੱਚ ਹੋਰ ਪਿੰਡ ਸ਼ਾਮਿਲ ਕਰਨ ਦੀ ਤਜਵੀਜ਼ ਹੈ;

ਅ) ਜੇਕਰ ਹਾਂ ਤਾਂ ਕਿੰਨੇ ਅਤੇ ਕਿਹੜੇ-ਕਿਹੜੇ ਪਿੰਡ ਸ਼ਾਮਿਲ ਕੀਤੇ ਜਾ ਰਹੇ ਹਨ ਅਤੇ ਇਹ ਕਦੋਂ ਤੱਕ ਸੰਭਵ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ :** ੳ) ਨਹੀਂ ਜੀ।

ਅ) ਨਿੱਲ।

**ਸਰਦਾਰ ਬਲਬੀਰ ਸਿੰਘ ਸਿੱਧੂ:** ਮੈਨੂੰ ਪਤਾ ਸੀ ਜੀ। (ਟਰੇਜ਼ਰੀ ਬੈਂਚਿਜ਼ ਵੱਲੋਂ ਹਾਸਾ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਵਿਧਾਨ ਸਭਾ ਹਲਕਾ ਮੋਹਾਲੀ ਦੇ ਆਸੇ ਪਾਸੇ ਬਹੁਤ ਸਲੱਮ ਏਰੀਆ ਪਸਰ ਰਿਹਾ ਹੈ। ਸਾਡੇ ਕੁਝ ਪਿੰਡ ਕਸਬਾਨੁਮਾ ਬਣ ਚੁੱਕੇ ਹਨ ਪਰ ਉਹ ਪਿੰਡ ਕੁਝ ਡੇਢ-ਦੋ ਕਿਲੋਮੀਟਰ ਤੇ ਪੈਂਦੇ ਹਨ। ਸਾਰੇ ਪਾਸੇ ਟੀ.ਡੀ.ਆਈ. ਅਤੇ ਹੋਰ ਸਾਰੇ ਸੈਕਟਰ ਡਿਵੈਲਪ ਹੋ ਗਏ ਹਨ। ਉਹ ਪਿੰਡ ਵਿਚਾਲੇ ਰਹਿ ਗਏ ਅਤੇ ਉੱਥੇ ਚਾਰ ਪੰਜ ਸੌ ਏਕੜ ਜ਼ਮੀਨ ਸ਼ਾਮਲਾਤ ਦੀ ਪਈ ਹੈ, ਜਿਸ ਉੱਤੇ ਕਬਜ਼ਾ ਹੋ ਰਿਹਾ ਹੈ, ਡੇਅ ਬਾਇ ਡੇਅ, ਡੇਅਲੀ ਹੋ ਰਿਹਾ ਹੈ। ਮੈਂ ਇਨ੍ਹਾਂ ਨੂੰ ਰਿਕੁਐਸਟ ਕਰਾਂਗਾ ਕਿ ਤੁਹਾਡਾ ਕੋਈ ਖਰਚਾ ਨਹੀਂ ਆਉਣਾ, ਜੇਕਰ ਤੁਸੀਂ ਉਸ ਨੂੰ ਮਿਊਂਸਿਪਲ ਕਾਰਪੋਰੇਸ਼ਨ ਦੇ ਵਿੱਚ ਲੈ ਆਓਗੇ। ਇਸ ਤਰ੍ਹਾਂ ਕਰਨ ਨਾਲ ਇੱਕ ਤਾਂ ਪ੍ਰਾਪਰਟੀ ਟੈਕਸ ਮਿਲੇਗਾ। ਪਲੱਸ ਜਿਹੜੀ ਸ਼ਾਮਲਾਤ ਜ਼ਮੀਨ ਹੈ, ਜੇਕਰ ਤੁਸੀਂ ਇਸ ਨੂੰ ਕਾਰਪੋਰੇਸ਼ਨ ਵਿੱਚ ਸ਼ਾਮਿਲ ਕਰੋਗੇ, ਉਸ ਤੇ ਅਸੀਂ ਚੰਗੀਆਂ ਮਾਰਕੀਟਾਂ ਬਣਾ ਕੇ, ਚੰਗੀਆਂ ਇੰਡਸਟਰੀਆਂ ਡਿਵੈਲਪ ਕਰਕੇ ਅਸੀਂ ਆਪਣੀ ਇਨਕਮ ਵਧਾ ਲਵਾਂਗੇ ਅਤੇ ਤੁਹਾਡੇ ਤੇ ਕੋਈ ਬੋਝ ਨਹੀਂ ਪੈਣਾ। ਕੀ ਇਹ ਇਨ੍ਹਾਂ ਪਿੰਡਾਂ ਨੂੰ ਕਾਰਪੋਰੇਸ਼ਨ ਵਿੱਚ ਸ਼ਾਮਿਲ ਕਰਨਗੇ?

**ਮਾਨਯੋਗ ਸਪੀਕਰ:** ਕੀ ਹੋਰ ਪਿੰਡਾਂ ਨੂੰ ਕਾਰਪੋਰੇਸ਼ਨ ਵਿੱਚ ਸ਼ਾਮਿਲ ਕਰ ਸਕੋਗੇ?

**ਮੰਤਰੀ:** ਸਪੀਕਰ ਸਾਹਿਬ, ਨਗਰ ਨਿਗਮ ਦੀ ਹੱਦ ਵਿੱਚ ਛੇ ਪਿੰਡ ਆਉਂਦੇ ਹਨ ਤੇ ਉਨ੍ਹਾਂ ਦੀ ਲੁੱਕ ਆਫਟਰ ਗਮਾਡਾ ਕਰਦਾ ਹੈ, ਗਮਾਡਾ ਹੀ ਫਿਰ ਸਾਨੂੰ ਡਿਵੈਲਪ ਕਰਕੇ ਟਰਾਂਸਫਰ ਕਰਦਾ ਹੈ। ਮੈਂ ਆਸ਼ਵਾਸਨ ਦੇਣਾ ਚਾਹੁੰਦਾ ਹਾਂ ਤੁਹਾਡੀ ਮਾਰਫਤ ਮਾਨਯੋਗ ਮੈਂਬਰ ਸਾਹਿਬ ਨੂੰ ਕਿ ਅਗਰ ਇਸ ਤੇ ਵਿਚਾਰ ਕਰਨ ਨਾਲ ਇਹ ਪਾਸੀਬਲ ਹੋਇਆ ਤਾਂ ਹਰ ਯਤਨ ਅਸੀਂ ਕਰ ਲਵਾਂਗੇ ਔਰ ਇਨ੍ਹਾਂ ਦੀ ਮੰਗ ਨੂੰ ਪੂਰਾ ਕਰਾਂਗੇ।

**ਮਾਨਯੋਗ ਸਪੀਕਰ:** ਵਿਚਾਰ ਕਰਨ ਨਾਲ ਜੇ ਮੁਮਕਿਨ ਹੋਇਆ ਤਾਂ ਜ਼ਰੂਰ ਕਰਨਗੇ। ਐਸ਼ਿਓਰੈਂਸ ਦੇ ਦਿੱਤੀ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ:** ਐਸ਼ਿਓਰੈਂਸ ਦੀ ਗੱਲ ਨਹੀਂ ਆਫਟਰ ਆਲ ਇੱਕ ਨਾ ਇੱਕ ਦਿਨ ਉਨ੍ਹਾਂ ਪਿੰਡਾਂ ਨੇ ਸ਼ਾਮਿਲ ਹੋਣਾ ਹੀ ਹੈ, ਜੇ ਇਨੀਸ਼ੀਅਲ ਸਟੇਜ ਤੇ ਕਰ ਲਏ ਜਾਣਗੇ ਤਾਂ ਜਿਹੜੇ ਹੁਣ ਸਾਡੇ ਪਿੰਡ ਸ਼ਾਮਿਲ ਹੋ ਨਹੀਂ ਰਹੇ ਜਿਵੇਂ ਸੋਹਾਣਾ, ਕੁੰਭੜਾ ਜਾਂ ਹੋਰ ਪਿੰਡ ਹਨ, ਉਨ੍ਹਾਂ ਦੇ ਸੀਵਰੇਜ ਸਿਸਟਮ ਦੀ ਨਿਕਾਸੀ ਨਹੀਂ ਹੈ। ਜੇ ਹੁਣ ਕਰ ਲੈਣਗੇ ਤਾਂ ਸਪੀਕਰ ਸਾਹਿਬ ਇਨ੍ਹਾਂ ਕੋਲ ਸਪੇਸ ਵੀ ਹੈ, ਪਲੱਸ ਪੈਸਾ ਵੀ ਆ ਜਾਵੇਗਾ ਅਤੇ ਸ਼ਹਿਰ ਦੀ ਬਿਊਟੀ ਵੀ ਵਧੇਗੀ। ਚਾਰ-ਪੰਜ ਐਂਟਰੀਆਂ ਹਨ ਜਿੱਥੇ ਚਾਰੇ ਪਾਸੇ ਇਹ ਪਿੰਡ ਵੱਸੇ ਹੋਏ ਹਨ। ਮੋਹਾਲੀ ਅੱਜ ਪੂਰੇ ਹਿੰਦੁਸਤਾਨ ਦਾ ਨੰਬਰ ਵੰਨ ਦਾ ਸ਼ਹਿਰ ਹੈ ਅਤੇ ਹਰ ਕੋਈ ਬੰਦਾ ਚਾਹੁੰਦਾ ਹੈ ਕਿ ਮੋਹਾਲੀ ਵਿੱਚ ਮੇਰਾ ਘਰ ਹੋਵੇ, ਇੰਡਸਟਰੀ ਹੋਵੇ ਅਤੇ ਬਿਜ਼ਨਸ ਹੋਵੇ। ਇਸ ਨਾਲ ਹਰੇਕ ਚੀਜ਼ ਵਿੱਚ ਬਹੁਤ ਵੱਡਾ ਵਾਧਾ ਹੋਵੇਗਾ। ਮੈਂ ਸਿੱਧੂ ਸਾਹਿਬ ਨੂੰ ਇਹ ਰਿਕੁਐਸਟ ਵੀ ਕਰਾਂਗਾ ਕਿ ਇਹ ਹਾਂ ਕਹਿਣ, ਨਾਂਹ ਨਾ ਕਹਿਣ ਪਲੀਜ਼।

**ਮਾਨਯੋਗ ਸਪੀਕਰ:** ਇਨ੍ਹਾਂ ਦੀ ਸ਼ੁਰੂ ਤੋਂ ਮੁਰਾਦ ਹੈ ਕਿ ਇਹ ਗਮਾਡਾ ਨੂੰ ਨਜ਼ਰਅੰਦਾਜ਼ ਕਰਕੇ ਕੀਤਾ ਜਾ ਸਕਦਾ ਹੈ।

**ਮੰਤਰੀ:** ਹਾਂ ਜੀ। ਸਕਾਰਾਤਮਕ ਤਰੀਕੇ ਨਾਲ, ਪੂਰੇ ਵਧੀਆ ਤਰੀਕੇ ਨਾਲ ਵਿਚਾਰ ਕਰਕੇ ਇਨ੍ਹਾਂ ਦੀ ਮੰਗ ਪੂਰੀ ਕਰਾਂਗੇ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ:** ਧੰਨਵਾਦ ਜੀ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ ਮੈਂ ਸਪਲੀਮੈਂਟਰੀ ਪੁੱਛਣ ਤੋਂ ਪਹਿਲਾਂ ਇੱਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਅੱਜ ਦਾ ਜਿਹੜਾ ਸੈਸ਼ਨ ਹੈ, ਮੇਰੇ ਹਿਸਾਬ ਨਾਲ ਇਹ ਰੂਲਜ਼ ਦੀ ਉਲੰਘਣਾ ਹੈ ਕਿ ਛੁੱਟੀ ਤੋਂ ਬਾਅਦ ਸੈਸ਼ਨ 2:00 ਵਜੇ ਹੁੰਦਾ ਹੈ, ਤੁਸੀਂ ਨੋਟਿਸ ਕਰ ਰਹੇ ਹੋਵੋਗੇ ਕਿ ਬਹੁਤ ਸਾਰੇ ਸਵਾਲ ਸਾਡੇ ਮਾਨਯੋਗ ਮੈਂਬਰਾਂ ਦੇ ਹਨ ਪਰ ਉਹ ਹਾਜ਼ਰ ਨਹੀਂ ਹਨ। ਸੋ, ਇਸ ਦੀ 2:00 ਵਜੇ ਸ਼ੁਰੂਆਤ ਹੋਣੀ ਚਾਹੀਦੀ ਸੀ ਨਾ ਕਿ ਛੁੱਟੀ ਤੋਂ ਬਾਅਦ 10:00 ਵਜੇ।

**ਮਾਨਯੋਗ ਸਪੀਕਰ:** ਤੁਸੀਂ ਬਿਲਕੁਲ ਠੀਕ ਕਹਿੰਦੇ ਹੋ, ਪਰ ਬਜਟ ਦੀ ਪਰੰਪਰਾ ਰਹੀ ਹੈ। ਇਸ ਕਰਕੇ ਕੀਤਾ ਹੈ, ਅਦਰਵਾਈਜ਼ ਨਹੀਂ।

**ਸ਼੍ਰੀ ਕੰਵਰ ਸੰਧੂ:** ਓ.ਕੇ.। ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਸਵਾਲ ਪੁੱਛਣ ਵੇਲੇ ਮੈਂਬਰ ਸਾਹਿਬਾਨ ਨਹੀਂ ਸੀ, ਇਸ ਕਰਕੇ ਪਾਸ ਓਵਰ ਕਰ ਦੇਣਾ ਚਾਹੀਦਾ ਹੈ, ਪਲੀਜ਼।

**ਮਾਨਯੋਗ ਸਪੀਕਰ:** ਦੂਜਾ ਇਹ ਵੀ ਹੈ ਕਿ ਬੀ.ਏ.ਸੀ. ਦੇ ਵਿੱਚ ਇਹ ਪ੍ਰੋਗਰਾਮ ਬਣਾਉਣ ਲੱਗਿਆਂ ਰੂਲਜ਼ ਨੂੰ ਸਸਪੈਂਡ ਕੀਤਾ ਗਿਆ ਸੀ।

**ਸ਼੍ਰੀ ਕੰਵਰ ਸੰਧੂ:** ਠੀਕ ਹੈ ਜੀ। ਸਪੀਕਰ ਸਾਹਿਬ, ਮੇਰੀ ਮਨਿਸਟਰ ਸਾਹਿਬ ਨੂੰ ਸਪਲੀਮੈਂਟਰੀ ਹੈ ਕਿ ਨਵਾਂਗਾਉਂ ਦੇ ਨਾਲ ਜਿਹੜੇ ਪਿੰਡ ਹਨ, ਉਨ੍ਹਾਂ ਨੂੰ ਨਵਾਂਗਾਉਂ ਮਿਊਂਸਿਪਲ ਕੌਂਸਲ ਦੇ ਵਿੱਚ ਸ਼ਾਮਿਲ ਕਰਨ ਦੀ ਤਜਵੀਜ਼ ਹੈ, ਪ੍ਰਾਬਲਮ ਇਹ ਹੈ ਕਿ ਨਵਾਂਗਾਉਂ ਕੋਲ ਅੱਗੇ ਹੀ ਪੈਸੇ ਹੈ ਨਹੀਂ। ਨਵਾਂਗਾਉਂ ਮਿਊਂਸਿਪਲ ਕਾਰਪੋਰੇਸ਼ਨ ਕੋਲੈਪਸ ਕਰ ਚੁੱਕੀ ਹੈ, ਈ.ਓ. ਵੀ ਹੈ ਨਹੀਂ ਤੇ ਫੰਡਜ਼ ਵੀ ਹੈ ਨਹੀਂ। ਜੇ ਨਾਲ ਲੱਗਦੇ ਪਿੰਡ ਵੀ ਉਸ ਵਿੱਚ ਸ਼ਾਮਿਲ ਕਰ ਦਿੱਤੇ ਗਏ ਤਾਂ ਉਹ ਬਿਲਕੁਲ ਕੋਲੈਪਸ ਕਰ ਜਾਵੇਗੀ। ਇਸ ਦੇ ਨਾਲ ਨਾਲ ਇਹ ਜੋ ਨਵੇਂ ਪਿੰਡ ਐਡ ਕਰ ਰਹੇ ਹਨ, ਕੀ ਇਹ ਉਸ ਏਰੀਏ ਦੀ ਬਿਹਤਰੀ ਵਾਸਤੇ ਕੋਈ ਫੰਡਜ਼ ਵੀ ਰਲੀਜ਼ ਕਰਨਗੇ?

**ਮੰਤਰੀ:** ਹਾਂ ਜੀ। ਮੈਂ ਐਸ਼ਿਓਰੈਂਸ ਦਿੰਦਾ ਹਾਂ ਮੈਂਬਰ ਸਾਹਿਬ ਨੂੰ ਕਿ ਜਦੋਂ ਇਹ ਫੰਡਜ਼ ਰਲੀਜ਼ ਹੁੰਦੇ ਹਨ ਤਾਂ ਮੈਂ ਦੂਸਰੇ ਮੈਂਬਰ ਸਾਹਿਬਾਨ ਅਤੇ ਸੀ. ਐਮ. ਸਾਹਿਬ ਨਾਲ ਵੀ ਗੱਲ ਕਰਾਂਗਾ ਕਿਉਂਕਿ ਇਹ ਜਿਹੜੇ ਫੰਡ ਹਨ, ਉਹ ਅਸੀਂ 122 ਸ਼ਹਿਰਾਂ ਦੇ ਲਈ ਰਲੀਜ਼ ਕਰ ਰਹੇ ਹਾਂ ਅਤੇ ਅਸੀਂ ਇਸ ਛੇ-ਸੱਤ ਸੌ ਕਰੋੜ ਰੁਪਏ ਦੇ ਲੋਨ ਦੀ ਐਕਸਟੈਂਸ਼ਨ ਵੀ ਮੰਗੀ ਹੈ, ਤਾਂ ਕਿ ਅਸੀਂ ਦੂਸਰੇ ਸ਼ਹਿਰ ਵੀ ਕਵਰ ਕਰ ਸਕੀਏ। ਜੇ ਸੀ.ਐਮ. ਸਾਹਿਬ ਨੇ ਮਨਜ਼ੂਰੀ ਦੇ ਦਿੱਤੀ ਤੇ ਕੈਬਨਿਟ ਵਿੱਚ ਇਸ ਦੀ ਮਨਜ਼ੂਰੀ ਹੁੰਦੀ ਹੈ ਤਾਂ ਅਸੀਂ ਇਨ੍ਹਾਂ ਨੂੰ ਵੀ ਫੰਡਜ਼ ਜ਼ਰੂਰ ਮੁਹੱਈਆ ਕਰਾਂਗੇ।

**ਮਾਨਯੋਗ ਸਪੀਕਰ:** ਤੁਹਾਨੂੰ ਵੀ ਜ਼ਰੂਰ ਕਰਵਾਉਣਗੇ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਪੀਕਰ ਸਾਹਿਬ, ਵੈਸੇ ਤਾਂ ਸਾਰੇ ਪੰਜਾਬ ਵਿੱਚ ਕੁਝ ਇਸ ਤਰ੍ਹਾਂ ਦੀਆਂ ਪ੍ਰਾਬਲਮਜ਼ ਹਨ। ਜਿਹੜੇ ਟਾਊਨਜ਼ ਹਨ, ਉਨ੍ਹਾਂ ਦੇ ਨਾਲ ਸੈਟੇਲਾਈਟ ਕਸਬੇ ਬਣੇ ਹੋਏ ਹਨ, ਜਿਨ੍ਹਾਂ ਦੀ ਦੂਰੀ ਮਿਊਂਸਿਪਲ ਲਿਮਿਟ ਤੋਂ ਇੱਕ-ਦੋ ਕਿਲੋਮੀਟਰ ਹੈ। ਜਦੋਂ ਇਲੈਕਸ਼ਨਾਂ ਹੁੰਦੀਆਂ ਹਨ ਤਾਂ ਇਹ ਸਾਰੇ ਵੋਟਾਂ ਮੰਗਣ ਜਾਂਦੇ ਹਨ ਕਿ ਤੁਸੀਂ ਮਿਊਂਸਿਪਲ ਲਿਮਟ ਦੇ ਵਿੱਚ ਪੈਂਦੇ ਹੋ ਪਰ ਜਦੋਂ ਡਿਵੈਲਪਮੈਂਟ ਕਰਵਾਉਣੀ ਹੁੰਦੀ ਹੈ ਤਾਂ ਉਦੋਂ ਕਿਹਾ ਜਾਂਦਾ ਹੈ ਕਿ ਤੁਸੀਂ ਮਿਊਂਸਿਪਲ ਲਿਮਟ ਤੋਂ ਬਾਹਰ ਹੋ। ਇਸ ਦੇ ਨਾਲ ਨਾ ਹੀ ਉਨ੍ਹਾਂ ਨੂੰ ਪਿੰਡ ਦਾ ਦਰਜਾ ਦਿੱਤਾ ਜਾ ਰਿਹਾ ਹੈ ਤੇ ਨਾ ਹੀ ਮਿਊਂਸਿਪਲ ਕਮੇਟੀ ਕੋਈ ਫੈਸਿਲਟੀ ਦਿੰਦੀ ਹੈ। ਕੀ ਮੰਤਰੀ ਜੀ ਇਸ ਤਰ੍ਹਾਂ ਦੇ ਪਿੰਡਾਂ ਦੀ ਸਮੱਸਿਆ ਨੂੰ ਹੱਲ ਕਰਨ ਵਾਸਤੇ ਕੋਈ ਸੁਝਾਅ ਜਾਂ ਕੋਈ ਹੱਲ ਦੱਸਣਗੇ?

**ਮਾਨਯੋਗ ਸਪੀਕਰ:** ਮੰਤਰੀ ਜੀ, ਸੈਟੇਲਾਈਟ ਪਿੰਡ ਹਨ, ਜਿਹੜੇ ਸਮਾਲ ਟਾਊਨ ਹਨ, ਗੱਲ ਸੁਣ ਲਓ ਜੀ।

**ਮੰਤਰੀ:** ਇਹ ਸੈਟੇਲਾਈਟ ਦਾ ਜਿਹੜਾ ਆਈਡਿਆ ਆਇਆ ਸੀ, ਇਹ ਐਕਚੂਅਲੀ ਚਾਈਨਾ ਦਾ ਹੈ ਕਿ ਜਿਹੜੀ ਡਿਵੈਲਪਮੈਂਟ ਹੋ ਚੁੱਕੀ ਹੈ, ਅਗਰ ਉਸ ਨੂੰ ਤੋੜ ਕੇ ਬਣਾਇਆ ਜਾਵੇ ਤਾਂ ਖਰਚਾ ਦਸ ਜਾਂ ਵੀਹ ਗੁਣਾ ਆਉਂਦਾ ਹੈ। ਜਿਵੇਂ ਸਮਾਰਟ ਸਿਟੀਜ਼ ਤੇ ਵੀ ਖਰਚਾ ਦਸ ਜਾਂ ਵੀਹ ਗੁਣਾ ਆਉਂਦਾ ਹੈ। ਲੇਕਿਨ ਅਗਰ ਤੁਸੀਂ ਨਵੀਂ ਡਿਵੈਲਪਮੈਂਟ ਕਰੋਗੇ ਤਾਂ ਖਰਚਾ ਵੀ ਬਹੁਤ ਘੱਟ ਹੋ ਜਾਂਦਾ ਹੈ, ਸੜਕਾਂ ਵੀ ਚੌੜੀਆਂ ਹੋ ਜਾਣਗੀਆਂ ਔਰ ਸਾਡੀ ਇਹ ਤਜਵੀਜ਼ ਆਲਰੈਡੀ ਬਣ ਚੁੱਕੀ ਹੈ ਔਰ ਅਸੀਂ ਅਰਬਨ ਡਿਵੈਲਪਮੈਂਟ ਨਾਲ ਵੀ ਤੇ ਚੀਫ ਮਨਿਸਟਰ ਸਾਹਿਬ ਨਾਲ ਬੈਠ ਕੇ ਇਸ ਤੇ ਵਿਚਾਰ ਕਰ ਰਹੇ ਹਾਂ। ਐਸੇ ਸੈਟੇਲਾਈਟ ਟਾਊਨਜ਼ ਨੂੰ ਮੱਦੇਨਜ਼ਰ ਰੱਖਦੇ ਹੋਏ ਨਵੇਂ ਪਲਾਟ ਕੱਟ ਰਹੇ ਹਾਂ, ਜਿਸ ਨਾਲ ਸੜਕਾਂ ਵੀ ਪਰਾਪਰ ਹੋਣਗੀਆਂ ਔਰ ਪਹਿਲਾਂ ਹੀ ਡਿਵੈਲਪਮੈਂਟ ਹੋਈ ਹੋਵੇਗੀ। ਗਰੀਬਾਂ ਲਈ ਅੱਡ ਤੇ ਵੱਡਿਆਂ ਲਈ ਵੀ ਅੱਡ ਜੀ।

**Mr. Speaker : Thank you.** ਤਜਵੀਜ਼ ਬਣ ਚੁੱਕੀ ਹੈ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਪੀਕਰ ਸਾਹਿਬ, ਪਲੀਜ਼ ਕੰਪਲੀਟ ਕਰ ਲੈਣ ਦਿਓ ਜੀ।

**ਮਾਨਯੋਗ ਸਪੀਕਰ:** ਹਾਂ ਜੀ ਕਰੋ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਪੀਕਰ ਸਾਹਿਬ, ਉਥੇ ਕੋਈ ਟਾਊਨਜ਼ ਇਸ ਤਰ੍ਹਾਂ ਦਾ ਨਹੀਂ ਹੈ, ਜਿਸ ਦੀ ਡਿਵੈਲਪਮੈਂਟ ਤੋੜਭੰਨ ਕਰਕੇ ਕਰਨੀ ਪਵੇ।

**ਮਾਨਯੋਗ ਸਪੀਕਰ:** ਇਹੋ ਕਿਹਾ, ਫਿਰ ਤੁਸੀਂ ਗੱਲ ਸਮਝੀ ਨਹੀਂ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਨਹੀਂ, ਮੈਂ ਸਮਝ ਗਿਆ ਜੀ।

**ਮਾਨਯੋਗ ਸਪੀਕਰ:** ਨਹੀਂ ਨਹੀਂ, Just Listen.

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਘੱਟੋ ਘੱਟ ਪਿੰਡਾਂ ਦਾ ਦਰਜਾ ਤਾਂ ਦੇ ਦਿਓ।

**ਮਾਨਯੋਗ ਸਪੀਕਰ:** ਉਨ੍ਹਾਂ ਨੇ ਕਿਹਾ ਹੈ ਕਿ ਇਹ ਭੰਨ-ਤੋੜ ਨਹੀਂ ਹੋਣੀ। ਖਰਚਾ ਹੋਰ ਵੀ ਘੱਟ ਹੋਣਾ ਹੈ। ਇਸ ਲਈ ਅਸੀਂ ਉਨ੍ਹਾਂ ਕਸਬਿਆਂ ਵਾਸਤੇ ਤਜਵੀਜ਼ ਬਣਾ ਚੁੱਕੇ ਹਾਂ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਰ, ਕੋਈ ਅਰੇਜਮੈਂਟ ਤਾਂ ਹੋਵੇ ਜੀ। ਇੱਥੇ ਪੰਚਾਇਤ ਹੀ ਬਣਾ ਦਿਓ ਕਿਉਂਕਿ ਇਹ ਰੂਰਲ ਏਰੀਆਜ਼ ਹਨ।

**ਮਾਨਯੋਗ ਸਪੀਕਰ:** ਕੀ ਤੁਸੀਂ ਉੱਥੇ ਹੁਣ ਪੰਚਾਇਤ ਚਾਹੁੰਦੇ ਹੋ?

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਪੰਚਾਇਤ ਹੋਣੀ ਚਾਹੀਦੀ ਹੈ ਜੀ। ਇਹ ਮਿਊਂਸਿਪਲ ਲਿਮਿਟ ਤੋਂ 2 ਕਿਲੋਮੀਟਰ ਹੈ। ਉੱਥੇ ਬਸਤੀ ਹੈ।

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਦੇ ਦਿਓ, ਪਲੀਜ਼ ਇਹ ਵੱਖਰਾ ਸਵਾਲ ਦੇ ਦਿਓ।ਹਾਂ ਜੀ, ਖਹਿਰਾ ਜੀ, ਤੁਸੀ ਦੱਸੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਰ, ਆਨਰੇਬਲ ਮੈਂਬਰ ਨੇ ਗੱਲ ਕਹੀ ਸੀ ਕਿ ਕੁਝ ਪਿੰਡ ਜਿਹੜੇ ਹਨ, ਉਹ ਨਾ ਮਿਊਂਸਿਪੈਲਟੀਜ਼ ਦਾ ਹਿੱਸਾ ਹੈ ਅਤੇ ਨਾ ਹੀ ਗ੍ਰਾਮ ਪੰਚਾਇਤ ਦਾ। ਕੋਈ ਉਨ੍ਹਾਂ ਨੇ ਚਾਇਨਾ ਵਾਲਾ ਮਾਡਲ ਨਹੀਂ ਪੁੱਛਿਆ ਕਿ ਅਸੀਂ ਤੋੜਾਂਗੇ ਅਤੇ ਬਣਾਵਾਂਗੇ। ਸਿਰਫ ਅਸੀਂ ਪੁੱਛਣਾ ਚਾਹੁੰਦੇ ਹਾਂ ਕਿ ਉਨ੍ਹਾਂ ਦੀ ਐਨਟਿਟੀ ਕੀ ਹੈ। ਮੇਰੇ ਹਲਕੇ ਨਡਾਲੇ ਵਿਚ ਕੁਝ ਪਿੰਡ ਇਹੋ ਜਿਹੇ ਹਨ, ਜਿਹੜੇ ਨਡਾਲਾ ਨਗਰ ਪੰਚਾਇਤ ਤੋਂ ਵੀ ਬਾਹਰ ਹਨ ਅਤੇ ਪੰਚਾਇਤ ਵੀ ਨਹੀਂ ਹੈ। They are neither this way nor that way. ਇਸ ਨਾਲ ਡਿਵੈਲਪਮੈਂਟ ਸਫਰ ਕਰਦੀ ਹੈ। ਉਨ੍ਹਾਂ ਦੇ ਕਹਿਣ ਦਾ ਮਤਲਬ ਇੰਨਾ ਹੀ ਸੀ।

**ਮਾਨਯੋਗ ਸਪੀਕਰ:** ਐਸਾ ਹੈ ਕਿਤੇ ਕਿ ਨਾ ਪੰਚਾਇਤ ਵਿਚ ਹੋਵੇ ਅਤੇ ਨਾ ਸ਼ਹਿਰ ਵਿਚ ਹੋਵੇ?

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੇਰੇ ਆਪਣੇ ਹਲਕੇ ਵਿਚ ਨਡਾਲਾ ਨਗਰ ਪੰਚਾਇਤ ਹੈ। ਉਸ ਦੇ ਕਰੀਬ 700 ਵੋਟਰ ਹਨ.....

**ਮਾਨਯੋਗ ਸਪੀਕਰ:** ਵਜ਼ੀਰ ਸਾਹਿਬ, ਇਸ ਗੱਲ ਤੇ ਗੌਰ ਕਰ ਲਿਆ ਜਾਵੇ।

**ਮੰਤਰੀ:** ਜ਼ਰੂਰ ਗੌਰ ਕਰਾਂਗੇ। ਉਹ ਸਾਡਾ ਅਹਿਮ ਹਿੱਸਾ ਹਨ। ਅਸੀਂ ਉਨ੍ਹਾਂ ਦੇ ਨਾਲ ਅੰਗ-ਸੰਗ ਖੜ੍ਹਾਂਗੇ। ਜੇ ਸਾਡੇ ਡਿਪਾਰਟਮੈਂਟ ਕੋਲ ਕੋਈ ਪਰਪੋਜ਼ਲ ਆਉਂਦੀ ਹੈ.......

**ਸਰਦਾਰ ਸੁਖਪਾਲ ਸਿੰਘ ਖਹਿਰਾ:** ਨਡਾਲਾ ਪਿੰਡ ਵਾਲੇ ਹਾਈ ਕੋਰਟ ਗਏ। ਕੋਰਟ ਨੇ ਐਸ.ਡੀ.ਐਮ. ਤੋਂ ਰਿਪੋਰਟ ਮੰਗੀ। ਇੱਕ ਸਾਲ ਹੋ ਗਿਆ। ਰਿਪੋਰਟ ਨਹੀਂ ਦਿੱਤੀ ਜਾ ਰਹੀ। They are neither in Nagar Panchayat Nadala nor in Gram Panchayat.

**ਮੰਤਰੀ:** ਜ਼ਰੂਰ ਕਰ ਦਿਆਂਗੇ ਜੀ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਇੱਕ ਅਹਿਮ ਮਸਲਾ ਹੈ। ਸਾਡੇ ਲੋਕਲ ਬਾਡੀਜ਼ ਦੇ ਮੰਤਰੀ 3-4 ਵਾਰ ਰੋਪੜ ਦੇ ਵਿਚ ਗੇੜੇ ਮਾਰ ਕੇ ਆਏ ਹਨ। ਇਨ੍ਹਾਂ ਦੇ ਧਿਆਨ ਵਿਚ ਮੈਂ ਇੱਕ ਮਸਲਾ ਲਿਆਉਣਾ ਚਾਹੁੰਦਾ ਹਾਂ ਕਿ ਰੋਪੜ ਦੇ ਸੀਵਰੇਜ ਪਲਾਂਟ ਦਾ ਜਿਹੜਾ ਗੰਦਾ ਪਾਣੀ ਹੈ, ਉਹ ਸਰਹੰਦ ਨਹਿਰ ਵਿਚ ਪੈਂਦਾ ਹੈ। ਕਿਰਪਾ ਕਰਕੇ ਇਸ ਦਾ ਕੋਈ ਨਾ ਕੋਈ ਹੱਲ ਕੱਢਿਆ ਜਾਵੇ।

**ਮਾਨਯੋਗ ਸਪੀਕਰ:** ਸੰਦੋਆ ਸਾਹਿਬ, ਇਹ ਸਵਾਲ ਵੱਖਰਾ ਬਣਦਾ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਇਹ ਲੋਕਲ ਬਾਡੀਜ਼ ਮੰਤਰੀ ਨਾਲ ਸਬੰਧ ਰੱਖਦਾ ਹੈ। ਸੀਵਰ ਦਾ ਗੰਦਾ ਪਾਣੀ ਨਹਿਰ ਵਿਚ ਪੈਂਦਾ ਹੈ, ਲੋਕ ਉਹ ਪਾਣੀ ਪੀਂਦੇ ਵੀ ਹਨ। ਇਸ ਕਰਕੇ ਪਾਣੀ ਦਾ ਕੋਈ ਨਾ ਕੋਈ ਇੰਤਜ਼ਾਮ ਕੀਤਾ ਜਾਵੇ। ਇਹ ਗੰਦਾ ਪਾਣੀ ਨਹਿਰ ਵਿਚ ਨਾ ਪਵੇ।

**ਮਾਨਯੋਗ ਸਪੀਕਰ:** ਮੰਤਰੀ ਜੀ, ਇਸ ਬਾਰੇ ਕੁਝ ਕਹਿ ਸਕਦੇ ਹੋ? ਵੈਸੇ ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ ਕੋਈ ਤਾਂ ਜਵਾਬ ਦਿਵਾ ਦਿਓ।

**ਮੰਤਰੀ:** ਮਾਨਯੋਗ ਮੈਂਬਰ ਦਾ ਸਵਾਲ ਬੜਾ ਅਹਿਮ ਹੈ। ਇਸ ਕਰਕੇ ਮੈਂ ਜਵਾਬ ਦੇ ਦਿੰਦਾ ਹਾਂ। ਇਸ ਦੀ ਪਰਪੋਜ਼ਲ ਬਣ ਰਹੀ ਹੈ। ਇਹ ਇਕੱਲੀ ਇਨ੍ਹਾਂ ਦੀ ਪ੍ਰਾਬਲਮ ਨਹੀਂ ਹੈ, ਸਾਰੇ ਪੰਜਾਬ ਵਿਚ ਹੀ ਇਹ ਪ੍ਰਾਬਲਮ ਹੈ। ਇਹ ਜਿਹੜਾ ਗੰਦਾ ਪਾਣੀ ਹੈ, ਇਹ ਨਹਿਰਾਂ ਵਿਚ ਪੈ ਰਿਹਾ ਹੈ। ਅਸੀਂ ਨੀਰੀ ਟੈਕਨਾਲੋਜੀ ਦੇ ਨਾਲ ਐਮ.ਓ.ਯੂ ਸਾਈਨ ਕਰ ਲਿਆ ਹੈ। ਸਪੀਕਰ ਸਾਹਿਬ, ਇੱਕ ਹੋਰ ਬੜੀ ਅਹਿਮ ਗੱਲ ਹੈ ਕਿ ਪਿਛਲੇ ਦਸ ਸਾਲਾਂ ਵਿਚ ਕਰੀਬ ਕਰੀਬ 64 ਐਸ.ਟੀ.ਪੀ ਬਣੇ ਹਨ। ਅੱਜ ਦੀ ਉਨ੍ਹਾਂ ਦੀ ਲਾਗਤ 1300 ਕਰੋੜ ਰੁਪਿਆ ਹੈ। ਉਨ੍ਹਾਂ ਵਿਚੋਂ ਇੱਕ ਵੀ ਚਲਦਾ ਨਹੀਂ ਸੀ। ਉਸ ਦਾ ਪਰਪਜ਼ ਇਹ ਸੀ ਕਿ ਜਾਂ ਤਾਂ ਉਸ ਦਾ ਪਾਣੀ ਖੇਤਾਂ ਵਿਚ ਜਾਵੇ ਜਾਂ ਇੰਡਸਟਰੀ ਲਈ ਵਰਤਿਆ ਜਾਵੇ ਜਾਂ ਫਿਰ ਸੜਕਾਂ ਦੁਆਲੇ ਲੱਗੇ ਹੋਏ ਪੇੜ ਪੌਦਿਆਂ ਦੇ ਕੰਮ ਆਵੇ। ਅਸੀਂ ਉਨ੍ਹਾਂ ਵਿਚ 19 ਚਲਾ ਦਿੱਤੇ ਹਨ। ਇਸ ਸਾਲ ਦੇ ਅੰਤ ਤੱਕ 41 ਚੱਲ ਜਾਣਗੇ। ਅਗਲੇ ਸਾਲ ਦੇ ਅੰਤ ਤੱਕ ਸਾਰੇ ਹੀ ਚੱਲ ਜਾਣਗੇ।

**ਮਾਨਯੋਗ ਸਪੀਕਰ:** ਸਾਰੇ ਹੀ ਚੱਲ ਪੈਣਗੇ ਜੀ।

----------

## ਹਲਕਾ ਲਹਿਰਾ ਵਿਚ ਪਾਤੜਾਂ ਤੋਂ ਮੂਨਕ ਸਟੇਟ ਹਾਈਵੇ ਸੜਕ ਦੀ ਮੁਰੰਮਤ

*1176. **ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਲਹਿਰਾ ਵਿਚ ਪਾਤੜਾਂ ਤੋਂ ਮੂਨਕ ਸਟੇਟ ਹਾਈਵੇ ਸੜਕ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸੜਕ ਦੀ ਮੁਰੰਮਤ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਸ਼੍ਰੀਮਾਨ ਜੀ, ਇਸ ਸੜਕ ਦੇ ਪੈਚ ਵਰਕ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਇਹ ਕੰਮ ਲਗਭਗ 2 ਮਹੀਨਿਆਂ ਵਿਚ ਮੁਕੰਮਲ ਹੋ ਜਾਵੇਗਾ।

**ਮਾਨਯੋਗ ਸਪੀਕਰ:** 2 ਮਹੀਨੇ ਵਿਚ ਪੂਰਾ ਹੋ ਜਾਵੇਗਾ ਜੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਇਸ ਦੀਆਂ ਦੋ ਸਪਲੀਮੈਂਟਰੀ ਹਨ। ਇੱਕ ਤਾਂ ਇਹ ਸੜਕ ਬੜੀ ਅਹਿਮ ਸੜਕ ਹੈ। ਪੰਜਾਬ ਨੂੰ ਹਰਿਆਣੇ ਨਾਲ ਜੋੜਦੀ ਹੈ। ਇਸ ਦਾ ਬਹੁਤ ਬੁਰਾ ਹਾਲ ਹੈ। ਇਸ ਦੇ ਪੈਚ ਵਰਕ ਨਾਲ ਕੰਮ ਨਹੀਂ ਚੱਲਣਾ। ਇਸ ਦੀ ਪਰਾਪਰ ਰਿਪੇਅਰ ਨਾਲ ਹੀ ਆਵਾਜਾਈ ਚੱਲ ਸਕਦੀ ਹੈ। ਦੂਸਰਾ ਇਹ ਹੈ ਕਿ ਪੈਚ ਵਰਕ ਵਾਸਤੇ ਕਿੰਨੀ ਰਾਸ਼ੀ ਹੈ ਕਿਉਂਕਿ ਇਹ ਸੜਕ 25 ਕਿਲੋਮੀਟਰ ਲੰਮੀ ਹੈ, ਇਸ ਵਾਸਤੇ ਕਿੰਨੀ ਰਾਸ਼ੀ ਰੱਖੀ ਗਈ ਹੈ।

**ਮਾਨਯੋਗ ਸਪੀਕਰ:** ਰਜ਼ੀਆ ਜੀ, ਰਾਸ਼ੀ ਦੱਸ ਸਕਦੇ ਹੋ?

**ਰਾਜ ਮੰਤਰੀ:** ਸਪੀਕਰ ਸਾਹਿਬ, ਇਸ ਵਾਸਤੇ 80 ਲੱਖ ਰੁਪਏ ਰੱਖੇ ਗਏ ਹਨ। ਕੰਮ ਚੱਲ ਰਿਹਾ ਹੈ। ਇਹ ਦੋ ਮਹੀਨਿਆਂ ਵਿਚ ਪੂਰਾ ਹੋ ਜਾਵੇਗਾ। ਇਸ ਦੀ ਲੰਬਾਈ 13.75 ਕਿਲੋਮੀਟਰ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਇਹ ਸੜਕ 2 ਜ਼ਿਲ੍ਹਿਆਂ ਵਿਚ ਹੈ। ਇਸ ਦਾ ਕੁਝ ਹਿੱਸਾ ਪਟਿਆਲੇ ਵਿਚ ਆਉਂਦਾ ਹੈ ਅਤੇ ਕੁਝ ਹਿੱਸਾ ਸੰਗਰੂਰ ਵਿਚ ਆਉਂਦਾ ਹੈ। ਮੇਰੀ ਬੇਨਤੀ ਇਹ ਹੈ ਕਿ ਪੈਚ ਵਰਕ ਨਾਲ ਕੰਮ ਚੱਲ ਜਾਵੇਗਾ ਪਰ ਇਸ ਦੀ ਰਿਪੇਅਰ ਕਰਵਾਈ ਜਾਵੇ। ਭਾਵੇਂ ਇਸ ਨੂੰ ਅਗਲੇ ਸਾਲ ਦੇ ਪਲਾਨ ਵਿਚ ਪਾ ਲਵੋ ਪਰ ਮੇਰੀ ਬੇਨਤੀ ਹੈ ਕਿ ਇਸ ਦੀ ਰਿਪੇਅਰ ਕਰਵਾਈ ਜਾਵੇ। ਪੈਚ ਵਰਕ ਨਾਲ ਇਹ ਸਿਰਫ 2-3 ਮਹੀਨੇ ਹੀ ਚੱਲ ਸਕੇਗੀ। ਕਿਰਪਾ ਕਰਕੇ ਇਸ ਦੀ ਕੰਪਲੀਟ ਰਿਪੇਅਰ ਕਰਨ ਦਾ ਆਸ਼ਵਾਸਨ ਦਿਵਾਇਆ ਜਾਵੇ ਜੀ।

**ਮਾਨਯੋਗ ਸਪੀਕਰ:** ਇਨ੍ਹਾਂ ਦੀ ਰਿਕੁਐਸਟ ਪਰਾਪਰ ਰਿਪੇਅਰ ਵਾਸਤੇ ਹੈ।

**ਰਾਜ ਮੰਤਰੀ:** ਇਸ ਦਾ ਕੰਮ 5 ਸਾਲ ਤੋਂ ਪੈਂਡਿੰਗ ਪਿਆ ਹੈ। 5 ਸਾਲਾਂ ਵਿਚ ਇਨ੍ਹਾਂ ਨੇ ਤਾਂ ਕੁਝ ਕੀਤਾ ਨਹੀਂ। 80 ਲੱਖ ਰੁਪਿਆ ਲਗਾ ਕੇ ਇਸ ਨਾਲ ਪੈਚ ਵਰਕ ਕਰਵਾ ਰਹੇ ਹਾਂ। ਇਹ ਕਰਵਾ ਲਈਏ ਤੇ ਫਿਰ ਅੱਗੋਂ ਦੇਖ ਲਵਾਂਗੇ।

**ਮਾਨਯੋਗ ਸਪੀਕਰ :** ਢੀਂਡਸਾ ਸਾਹਿਬ, ਇਹ ਅੱਗੇ ਵੀ ਦੇਖ ਲੈਣਗੇ ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਇਸ ਸੜਕ ਦੀ ਰਿਪੇਅਰ ਪੰਜ ਸਾਲ ਪਹਿਲਾਂ ਹੋਈ ਸੀ ਤੇ ਹੁਣ ਇਹ ਰਿਪੇਅਰ ਪੰਜ ਸਾਲ ਬਾਅਦ ਹੀ ਹੋਣੀ ਹੈ। ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਬੀਬੀ ਜੀ ਨੂੰ ਬੇਨਤੀ ਹੈ ਕਿ ਇਸ ਦੀ ਪਰਾਪਰ ਰਿਪੇਅਰ ਕਰਵਾਈ ਜਾਵੇ। ਪੈਚ

ਵਰਕ ਵਾਲੀ ਸੜਕ ਤਾਂ ਫਿਰ ਛੇ ਮਹੀਨੇ ਬਾਅਦ ਟੁੱਟ ਜਾਣੀ ਹੈ। ਇਨ੍ਹਾਂ ਦਾ ਆਪਣਾ ਜ਼ਿਲ੍ਹਾ ਹੈ। ਇਹ ਆਪ ਖੁਦ ਭਾਵੇਂ ਆ ਕੇ ਦੇਖ ਲੈਣ। ਪੈਚ ਵਰਕ ਨਾਲ ਇਹ ਸੜਕ ਲੰਬੇ ਸਮੇਂ ਤੱਕ ਨਹੀਂ ਚੱਲਣੀ ।

**ਮਾਨਯੋਗ ਸਪੀਕਰ :** ਬੀਬੀ ਜੀ, ਮੈਂਬਰ ਸਾਹਿਬ ਕਹਿ ਰਹੇ ਹਨ ਕਿ ਪੈਚ ਵਰਕ ਨਾਲ ਕੰਮ ਜ਼ਿਆਦਾ ਦੇਰ ਨਹੀਂ ਚੱਲਣਾ ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮੇਰੀ ਤਾਂ ਇਹੀ ਰਿਕੁਐਸਟ ਹੈ ਕਿ ਇਸ ਨੂੰ ਅਗਲੇ ਫਾਇਨਾਂਸ਼ੀਅਲ ਈਅਰ ਦੇ ਪਲਾਨ ਵਿੱਚ ਪਾ ਦੇਣ।

**ਰਾਜ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਤਾਂ ਕਦੇ ਪੈਚ ਵਰਕ ਵੀ ਨਹੀਂ ਕਰਵਾਇਆ। ਅਸੀਂ ਪੈਚ ਵਰਕ ਤਾਂ ਕਰਵਾ ਕੇ ਦੇ ਰਹੇ ਹਾਂ। (ਥੰਪਿੰਗ)

**ਮਾਨਯੋਗ ਸਪੀਕਰ :** ਅਗਲਾ ਸਵਾਲ। (ਵਿਘਨ) (ਸ਼ੋਰ) ਢੀਂਡਸਾ ਸਾਹਿਬ ਬੈਠੋ । ਬੈਠ ਜਾਓ । ਬੈਠ ਜਾਓ, ਹੁਣ, ਬੈਠੋ ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪੰਜ ਸਾਲਾਂ ਬਾਅਦ ਰਿਪੇਅਰ ਹੁੰਦੀ ਹੈ। ਇਸ ਦੌਰਾਨ ਪੈਚ ਵਰਕ ਨਹੀਂ ਹੁੰਦਾ। ਸਰਕਾਰ ਵੱਲੋਂ ਕਿਸੇ ਵੀ ਸੜਕ ਦੀ ਰਿਪੇਅਰ ਪੰਜ ਸਾਲ ਬਾਅਦ ਹੀ ਹੁੰਦੀ ਹੈ। ਪੰਜ ਸਾਲਾਂ ਵਿੱਚ ਪੈਚ ਵਰਕ ਕਿਉਂ ਕਰਵਾਉਣਾ ਹੈ। ਸੜਕ ਚੱਲ ਰਹੀ ਸੀ ਤੇ ਪੈਚ ਵਰਕ ਦੀ ਲੋੜ ਨਹੀਂ। ਦੂਜੀ ਗੱਲ ਇਹ ਹੈ ਕਿ ਪਿਛਲੇ ਛੇ ਮਹੀਨੇ ਵਿੱਚ ਟੁੱਟੀ ਹੈ। ਪਹਿਲਾਂ ਬਹੁਤ ਵਧੀਆ ਚੱਲ ਰਹੀ ਸੀ। ਮੇਰੀ ਰਿਕੁਐਸਟ ਹੈ ਕਿ ਇਸ ਸੜਕ ਨੂੰ ਅਗਲੇ ਸਾਲ ਦੇ ਪਲਾਨ ਵਿੱਚ ਪਾ ਦੇਣ, ਕਿੰਨੀ ਕੁ ਵੱਡੀ ਗੱਲ ਹੈ ।

**ਮਾਨਯੋਗ ਸਪੀਕਰ :** ਤੁਹਾਡੀ ਰਿਕੁਐਸਟ ਦਾ ਪਹਿਲਾਂ ਹੀ ਜਵਾਬ ਦੇ ਦਿੱਤਾ ਗਿਆ ਹੈ। ਹੁਣ ਤੁਸੀਂ ਬੈਠੋ । (ਵਿਘਨ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਕੀ ਅਗਲੇ ਸਾਲ ਕੋਈ ਸੜਕਾਂ ਰਿਪੇਅਰ ਨਹੀਂ ਕਰਨੀਆਂ? ਉਸ ਵਿੱਚ ਹੀ ਇਹ ਸੜਕ ਵੀ ਪਾ ਲਈ ਜਾਵੇ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਦਾ ਜਵਾਬ ਪਹਿਲਾਂ ਹੀ ਦੇ ਦਿੱਤਾ ਸੀ ਕਿ ਪੈਚ ਵਰਕ ਕਰਵਾ ਲਓ, ਉਸ ਤੋਂ ਬਾਅਦ ਅਸੀਂ ਇਸ ਦਾ ਕੰਮ ਵੀ ਕਰਵਾ ਦਿਆਂਗੇ ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਕੀ ਅਗਲੇ ਪੰਜ ਸਾਲ ਪੈਚ ਵਰਕ ਹੀ ਚੱਲਣਾ ਹੈ?

**ਮਾਨਯੋਗ ਸਪੀਕਰ :** ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਕਰਵਾ ਦਿੰਦੇ ਹਾਂ। (ਵਿਘਨ)

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਲੁਧਿਆਣਾ ਸਾਊਦਰਨ ਬਾਈਪਾਸ ਜਿਹੜਾ ਦੋਰਾਹੇ ਤੋਂ ਪੀ.ਏ.ਯੂ. ਫਿਰੋਜ਼ਪੁਰ ਰੋਡ ਨੂੰ ਨਹਿਰੋ ਨਹਿਰ ਜਾਂਦਾ ਹੈ ।

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਇਹ ਸੇਮ ਹੀ ਸਵਾਲ ਹੈ। ਤੁਸੀਂ ਸੁਣ ਤਾਂ ਲਓ। ਜੇ ਵੱਖਰਾ ਲੱਗੇਗਾ ਤਾਂ ਕੱਟ ਦੇਣਾ। ਸੁਣ ਲਓ ।

**ਮਾਨਯੋਗ ਸਪੀਕਰ :** ਚਲੋ ਦੱਸੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਹਰਪ੍ਰਤਾਪ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ।)

**ਸਰਦਾਰ ਸਿਮਰਜੀਤ ਸਿੰਘ ਬੈਂਸ :** ਮੈਂ **** ਤੋਂ ਕਲਾਸਾਂ ਲੈਣੀਆਂ ਹਨ, ਜਿਹੜੀ ਮੈਂ ** ** ਤੋਂ ਜਾਂਚ ਸਿੱਖਾਂ। ** ** ਹਰ ਟਾਈਮ ਹੀ ਜਦੋਂ ਮੈਂ ਬੋਲਦਾ ਹਾਂ, ** ** ਹਟਦਾ ਹੀ ਨਹੀਂ । ** ** ਕੋਲੋਂ ਮੈਂ ਕਲਾਸ ਨਹੀਂ ਲੈਣੀ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਇੱਧਰ ਗੱਲ ਕਰੋ । ਇੱਧਰ ਗੱਲ ਕਰੋ । ਚੇਅਰ ਨਾਲ ਗੱਲ ਕਰੋ । (ਵਿਘਨ) (ਸ਼ੋਰ)

**ਸਰਦਾਰ ਸਿਮਰਜੀਤ ਸਿੰਘ ਬੈਂਸ :** ** ** ਆਪਣਾ ਕੰਮ ਕਰਿਆ ਕਰ । ਮੈਂ ** ** ਕੋਲੋਂ ਕਲਾਸਾਂ ਨਹੀਂ ਲੈਣੀਆਂ, ਟਿਊਸ਼ਨ ਨਹੀਂ ਲੈਣੀ । (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ** ** ਤੇ ** ** ਸ਼ਬਦ ਕੱਟ ਦਿੱਤਾ ਜਾਵੇ । (ਵਿਘਨ) (ਸ਼ੋਰ) Please address the Chair. Address the Chair.

**ਸਰਦਾਰ ਸਿਮਰਜੀਤ ਸਿੰਘ ਬੈਂਸ :** ****

**ਮਾਨਯੋਗ ਸਪੀਕਰ :** ਜੋ ਚੇਅਰ ਦੀ ਇਜਾਜ਼ਤ ਬਿਨਾਂ ਕਿਹਾ ਗਿਆ ਹੈ, ਉਹ ਦਰਜ ਨਾ ਕੀਤਾ ਜਾਵੇ ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ** ** ਮੇਰੀ ਹਰ ਗੱਲ ਵਿੱਚ ਖੜ੍ਹਾ ਹੋ ਜਾਂਦਾ ਹੈਂ । ** ** ਤਾਂ ਤੂੰ ਹੀ ਹੈਂ।

**ਮਾਨਯੋਗ ਸਪੀਕਰ :** ** ** ਸ਼ਬਦ ਕੱਟ ਦਿਓ ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ** **

**ਮਾਨਯੋਗ ਸਪੀਕਰ :** ਜਿਸ ਨੇ ਵੀ ਬੋਲਿਆ ਹੈ ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਸਤਿਕਾਰਯੋਗ ਮੰਤਰੀ ਜੀ ਨੂੰ ਬੇਨਤੀ ਹੈ .... (ਵਿਘਨ) ** **

**ਮਾਨਯੋਗ ਸਪੀਕਰ :** ਜੋ ਕੁਝ ਵੀ ਬਿਨਾਂ ਇਜਾਜ਼ਤ ਕਿਹਾ ਜਾ ਰਿਹਾ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ । (ਵਿਘਨ) Please address the Chair. Address the Chair.

---

**** Not recorded/Expunged as ordered by the Chair.

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸਤਿਕਾਰਯੋਗ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸਾਊਦਰਨ ਬਾਈਪਾਸ ਦੋਰਾਹੇ ਤੋਂ ਫਿਰੋਜ਼ਪੁਰ ਰੋਡ ਤੱਕ ਨਹਿਰੋ ਨਹਿਰ ਜਾਂਦਾ ਹੈ, ਉਸ ਤੇ ਧੂਰੀ ਲਾਈਨ ਆਉਂਦੀ ਹੈ, ਉਥੇ ਪਿੰਡ ਦੁੱਗਰੀ ਹੈ। ਪਿਛਲੀ ਗੌਰਮਿੰਟ ਵੇਲੇ ਦਾ ਆਰ.ਓ.ਬੀ. ਪਾਸ ਹੋਇਆ ਪਿਆ ਹੈ। ਹਾਈ ਕੋਰਟ ਵਿੱਚ ਵੀ ਗਏ। ਹਾਈ ਕੋਰਟ ਨੇ ਵੀ ਆਰਡਰ ਕਰ ਦਿੱਤਾ। ਕੀ ਰੇਲਵੇ ਨੂੰ ਫੰਡਜ਼ ਟਰਾਂਸਫਰ ਕਰਨ ਵਾਸਤੇ ਇਸ ਸਰਕਾਰ ਦੇ ਵਿਚਾਰ ਅਧੀਨ ਕੋਈ ਗੱਲ ਹੈ ਜਾਂ ਨਹੀਂ ?

**ਮਾਨਯੋਗ ਸਪੀਕਰ :** ਰਜ਼ੀਆ ਜੀ, ਵੱਖਰਾ ਸਵਾਲ ਬਣਦਾ ਹੈ ਪਰ ਜੇ ਤੁਸੀਂ ਜਵਾਬ ਦੇਣਾ ਚਾਹੋ ਤਾਂ ਦੇ ਸਕਦੇ ਹੋ ।

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਵੱਖਰਾ ਸਵਾਲ ਬਣਦਾ ਹੈ ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਢੀਂਡਸਾ ਸਾਹਿਬ ਸੜਕਾਂ ਦੀ ਗੱਲ ਕਰ ਰਹੇ ਹਨ। ਪਿਛਲੇ ਦਸ ਸਾਲਾਂ ਵਿੱਚ ਤਾਂ ਕੋਈ ਸੜਕ ਬਣਾਈ ਨਹੀਂ ਪਰ ਜੇ ਕੋਈ ਬਣਾਈ ਹੈ ਤਾਂ ਉਹ ਸਾਲ 2016 ਤੋਂ ਬਣਾਉਣੀਆਂ ਸ਼ੁਰੂ ਕੀਤੀਆਂ ਹਨ ਤੇ ਉਹ ਵੀ ਸਾਰੀਆਂ ਸੜਕਾਂ ਟੁੱਟ ਗਈਆਂ। ਲੁੱਕ ਤੇ ਥੁੱਕ ਹੀ ਲਗਾਈ ਗਈ। ਮੁਹਾਲੀ ਦੀ ਏਅਰ ਪੋਰਟ ਰੋਡ ਦਾ ਕੀ ਹਾਲ ਹੋਇਆ ਪਿਆ ਹੈ।

**ਮਾਨਯੋਗ ਸਪੀਕਰ :** ਸਵਾਲ ਪੁੱਛੋ, ਸਿੱਧੂ ਸਾਹਿਬ, ਸਵਾਲ ਪੁੱਛੋ ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਸਭ ਤੋਂ ਮਾੜੀ ਰੋਡ ਏਅਰ ਪੋਰਟ ਰੋਡ ਹੈ।

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਸਵਾਲ ਪੁੱਛੋ ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਲੋਕ ਸਾਨੂੰ ਉਲਾਂਭਾ ਦਿੰਦੇ ਹਨ। ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜੀਆਂ ਸੜਕਾਂ ਬਣਾਈਆਂ ਹਨ, ਉਸ ਵਿੱਚ ਸਾਰਾ ਘਪਲਾ ਹੋਇਆ ਹੈ। ਇਸ ਲਈ ਕੀ ਇਸ ਦੀ ਇਨਕੁਆਰੀ ਕਰਵਾਈ ਜਾਵੇਗੀ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।)

-----------

## ਸਰਕਾਰੀ ਹਸਪਤਾਲ, ਬਨੂੜ ਵਿਖੇ 24 ਘੰਟੇ ਐਮਰਜੈਂਸੀ ਸਰਵਿਸ ਮੁਹੱਈਆ ਕਰਵਾਉਣਾ

*1065. **ਸਰਦਾਰ ਹਰਦਿਆਲ ਸਿੰਘ ਕੰਬੋਜ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ਼ਹਿਰ ਬਨੂੜ, ਜ਼ਿਲ੍ਹਾ ਮੋਹਾਲੀ ਵਿਖੇ ਸਰਕਾਰੀ ਹਸਪਤਾਲ ਵਿੱਚ ਪਬਲਿਕ ਨੂੰ 24 ਘੰਟੇ ਐਮਰਜੈਂਸੀ ਸਰਵਿਸ ਮੁਹੱਈਆ ਕਰਵਾਈ ਜਾ ਰਹੀ ਹੈ; ਜੇਕਰ ਨਹੀਂ ਤਾਂ ਪਬਲਿਕ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਸ ਹਸਪਤਾਲ ਵਿੱਚ 24 ਘੰਟੇ ਐਮਰਜੈਂਸੀ ਸਰਵਿਸ ਕਦੋਂ ਤੱਕ ਮੁਹੱਈਆ ਕਰਵਾ ਦਿੱਤੀ ਜਾਵੇਗੀ?

**Shri Brahm Mohindra :** Sir, Yes Sir, presently emergency services are being provided on 24 hours basis in CHC, Banur. It is also mentioned here that the Labour Room of the hospital is also functional 24x7, where Skilled Birth Attendants are assisting and caring in delivery of pregnant women.

**ਸਰਦਾਰ ਹਰਦਿਆਲ ਸਿੰਘ ਕੰਬੋਜ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਵਜ਼ੀਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੈਂ ਅੱਜ ਵੀ ਸਵੇਰੇ ਉਸ ਹਸਪਤਾਲ ਵਿਚੋਂ ਦੀ ਹੋ ਕੇ ਆਇਆ ਹਾਂ। ਸਪੀਕਰ ਸਾਹਿਬ, ਵੈਸੇ ਤਾਂ ਪੰਜਾਬ ਦੇ ਸਾਰੇ ਹੀ ਸ਼ਹਿਰ ਬਹੁਤ ਇੰਪਾਰਟੈਂਟ ਹਨ ਪਰ ਜਿਹੜਾ ਬਨੂੜ ਹੈ, ਜਦੋਂ ਅਸੀਂ ਹਰਿਆਣੇ ਤੋਂ ਐਂਟਰ ਹੋਈਏ ਤਾਂ ਸਾਰਾ ਹੀ ਹਿਮਾਚਲ ਪ੍ਰਦੇਸ਼ ਤੇ ਜੇ.ਐਂਡ.ਕੇ. ਦਾ ਟਰੈਫਿਕ ਇਧਰੋਂ ਦੀ ਜਾਂਦਾ ਹੈ। ਸਪੀਕਰ ਸਾਹਿਰ, ਮੈਂ ਅੱਜ ਸਵੇਰੇ ਹੀ ਉਥੇ ਹਸਪਤਾਲ ਵਿਚ ਜਾ ਕੇ ਆਇਆ ਹਾਂ। ਉਥੇ ਉਸ ਹਸਪਤਾਲ ਵਿੱਚ ਪਿਛਲੇ ਬਹੁਤ ਲੰਮੇ ਸਮੇਂ ਤੋਂ 24 ਘੰਟੇ ਦੀ ਸਰਵਿਸ, ਐਮਰਜੈਂਸੀ ਸੇਵਾਵਾਂ ਟੋਟਲੀ ਬੰਦ ਪਈਆਂ ਹਨ। ਉਥੇ ਬਹੁਤ ਵੱਡੇ ਐਕਸੀਡੈਂਟਸ ਹੁੰਦੇ ਹਨ ਕਿਉਂਕਿ ਚੰਡੀਗੜ੍ਹ ਤੋਂ ਲੈ ਕੇ ਰਾਜਪੁਰਾ ਤੱਕ ਕੋਈ ਹਸਪਤਾਲ ਨਹੀਂ ਹੈ, ਅੰਬਾਲਾ ਤੋਂ ਲੈ ਕੇ ਖਰੜ ਤੱਕ ਕੋਈ ਹਸਪਤਾਲ ਨਹੀਂ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਲਾਕਾ ਨਿਵਾਸੀਆਂ ਨੂੰ ਇਸ ਦੀ ਬਹੁਤ ਵੱਡੀ ਜ਼ਰੂਰਤ ਹੈ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਵਜ਼ੀਰ ਸਾਹਿਬ ਨੂੰ ਇਹ ਕਹਿਣਾ ਚਾਹਾਂਗਾ ਕਿ ਪਤਾ ਨਹੀਂ ਇਨ੍ਹਾਂ ਕੋਲ ਕੀ ਇਨਫਰਮੇਸ਼ਨ ਹੈ ਪਰ ਮੈਂ ਅੱਜ ਮੌਰਨਿੰਗ ਵੇਲੇ ਆਉਂਦਾ ਹੋਇਆ ਹੀ ਉਥੇ ਰੁਕ ਕੇ ਆਇਆ ਹਾਂ। ਇਸ ਹਸਪਤਾਲ ਵਿੱਚ 24 ਘੰਟੇ ਦੀਆਂ ਐਮਰਜੈਂਸੀ ਸੇਵਾਵਾਂ ਜਲਦੀ ਤੋਂ ਜਲਦੀ ਚਾਲੂ ਕਰਵਾਈਆਂ ਜਾਣ ਤੇ ਇਹ ਕਦੋਂ ਤੱਕ ਇਹ ਕਰਵਾ ਕੇ ਦੇਣਗੇ?

**ਮਾਨਯੋਗ ਸਪੀਕਰ:** 24 ਘੰਟੇ ਸਰਵਿਸਿਜ਼ ਬਾਰੇ ਪੁੱਛ ਰਹੇ ਹਨ ਕਿ ਕਦੋਂ ਤੱਕ ਹੋ ਜਾਣਗੀਆਂ?

**ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਨੋਟਿਸ ਵਿੱਚ ਇਹ ਗੱਲ ਲਿਆਂਦੀ ਹੈ। ਮੈਂ ਇਸ ਦੀ ਇਨਕੁਆਰੀ ਕਰਵਾ ਲੈਂਦਾ ਹਾਂ। ਮੈਨੂੰ ਜਿਥੋਂ ਤੱਕ ਇਨਫਰਮੇਸ਼ਨ ਹੈ ਕਿ ਉਥੇ 24 ਘੰਟੇ ਪ੍ਰਾਪਰ ਸਰਵਿਸਿਜ਼ ਚੱਲ ਰਹੀਆਂ ਹਨ। ਜੇ ਮੈਂਬਰ ਸਾਹਿਬ ਅੱਜ ਸਵੇਰੇ ਜਾ ਕੇ ਆਏ ਹਨ ਤਾਂ ਮੈਂ ਅੱਜ ਹੀ ਆਪਣੇ ਆਫ਼ੀਸਰਜ਼ ਨੂੰ ਹਦਾਇਤ ਕਰਾਂਗਾ ਤੇ ਉਹ ਹੁਣੇ ਜਾ ਕੇ ਚੈੱਕ ਕਰਕੇ ਆਉਣਗੇ। ਮੈਂ ਅੱਜ ਦੇ ਸੈਸ਼ਨ ਤੋਂ ਬਾਅਦ ਉਨ੍ਹਾਂ ਨੂੰ ਉਥੇ ਚੈੱਕ ਕਰਨ ਲਈ ਭੇਜਾਂਗਾ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਧੰਨਵਾਦ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਇੱਕ ਐਮਰਜੈਂਸੀ ਸਰਵਿਸਿਜ਼ ਤੇ ਇੱਕ ਆਪਰੇਸ਼ਨ ਥੀਏਟਰ ਦੀ ਜਿਹੜੀ ਸਰਵਿਸ ਹੁੰਦੀ ਹੈ, ਉਨ੍ਹਾਂ ਸਬੰਧੀ ਮੈਂ ਨੋਟ ਕੀਤਾ ਹੈ ਕਿ ਰਾਤ ਨੂੰ ਦੋ-ਦੋ ਵਜੇ ਤੱਕ ਜਦੋਂ ਡਿਸਕਰਿਪਸ਼ਨ ਐਮਰਜੈਂਸੀ ਤੋਂ ਜਾਂਦੀ ਹੈ ਜਾਂ ਆਪੇਰਸ਼ਨ ਥੀਏਟਰ ਤੋਂ ਜਾਂਦੀ ਹੈ ਤੇ ਉਦੋਂ ਜਿਹੜੇ ਮਰੀਜ਼ ਦੇ ਨਾਲ ਆਏ ਅਟੈਂਡੈਂਟ ਹੁੰਦੇ ਹਨ, ਉਹ ਬਹੁਤ ਘਬਰਾਏ ਹੁੰਦੇ ਹਨ। ਕਈ ਵਾਰੀ, ਅਮੂਨਨ ਇਹ ਹੁੰਦਾ ਹੈ ਕਿ ਪੰਜ ਰੁਪਏ ਦੀ ਚੀਜ਼ ਦੇ 500-500 ਰੁਪਏ ਵੀ ਚਾਰਜ ਕੀਤੇ ਜਾਂਦੇ ਹਨ। ਨੰਬਰ ਇੱਕ, ਕੀ ਮੰਤਰੀ ਜੀ ਇਸ ਤਰ੍ਹਾਂ ਦਾ ਕੋਈ ਸਿਸਟਮ ਬਣਾਉਣਗੇ ਕਿ ਉਥੇ ਦਵਾਈਆਂ ਦੀ ਓਵਰ ਚਾਰਜਿੰਗ ਨਾ ਹੋਵੇ ਅਤੇ ਨੰਬਰ ਦੋ, ਜਦੋਂ ਐਮਰਜੈਂਸੀ ਸਰਵਿਸ ਜਿਵੇਂ ਡਿਲੀਵਰੀ ਵਗੈਰਾ ਦਾ ਸਿਸਟਮ ਹੈ, ਉਥੇ ਸਾਰਾ ਕੁਝ ਅੰਦਰ ਪਹਿਲਾਂ ਹੀ ਅਵੇਲਏਬਲ ਹੋਵੇ? ਜਿਹੜੀ ਅਸੈਂਸ਼ੀਅਲ ਓਪਰੇਸ਼ਨਲ ਕਿੱਟ ਹੁੰਦੀ ਹੈ, ਉਹ ਅੰਦਰ ਅਵੇਲਏਬਲ ਹੋਵੇ । ਇਸ ਤਰ੍ਹਾਂ ਦਾ ਕੋਈ ਸਿਸਟਮ ਬਣਾਉਣ ਬਾਰੇ ਕੀ ਸਰਕਾਰ ਕੋਈ ਵਿਚਾਰ ਕਰ ਰਹੀ ਹੈ?

**ਮੰਤਰੀ :** ਇਨ੍ਹਾਂ ਦਾ ਸੁਝਾਅ ਬੜਾ ਠੀਕ ਹੈ, ਇਸ ਨੂੰ ਮੈਂ ਲਾਗੂ ਕਰਨ ਦੀ ਕੋਸ਼ਿਸ਼ ਕਰਾਂਗਾ।

**ਮਾਨਯੋਗ ਸਪੀਕਰ:** ਲਾਗੂ ਕਰਨ ਦੀ ਕੋਸ਼ਿਸ਼ ਕਰਨਗੇ।

**ਸ਼੍ਰੀ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਸਿਵਲ ਹਸਪਤਾਲ ਵਿਚ ਜਿਹੜੀਆਂ ਐਮਰਜੈਂਸੀ ਸਰਵਿਸਿਜ਼ ਦਿੱਤੀਆਂ ਜਾਂਦੀਆਂ ਹਨ, ਉਨ੍ਹਾਂ ਲਈ ਜਿਹੜੇ ਈ.ਐਮ.ਓ. ਰੱਖੇ ਜਾਂਦੇ ਹਨ, ਜ਼ਿਆਦਾਤਰ ਇਹ ਹੁੰਦਾ ਹੈ ਕਿ ਜਿਹੜੇ ਡਿਸਪੈਂਸਰੀਆਂ ਵਿੱਚ ਮੈਡੀਕਲ ਅਫਸਰ ਲੱਗੇ ਹਨ, ਉਨ੍ਹਾਂ ਕੋਲੋਂ ਉਥੇ ਐਮਰਜੈਂਸੀ ਸਰਵਿਸਿਜ਼ ਕਰਵਾਉਂਦੇ ਹਨ। ਹੁੰਦਾ ਕੀ ਹੈ ਕਿ ਜਿਸ ਮੈਡੀਕਲ ਅਫਸਰ ਦੀ as an E. M. Officer ਡਿਊਟੀ ਲੱਗਦੀ ਹੈ ਤਾਂ ਉਹ ਇੱਕ ਦਿਨ ਪਹਿਲਾਂ ਆਪਣੀ ਡਿਸਪੈਂਸਰੀ ਨਹੀਂ ਜਾਂਦਾ ਤੇ ਐਮਰਜੈਂਸੀ ਕਰਨ ਤੋਂ ਬਾਅਦ ਦੂਸਰੇ ਦਿਨ ਵੀ ਨਹੀਂ ਜਾਂਦਾ। ਮੈਂ ਮੰਤਰੀ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਕੀ ਇਸ ਤਰ੍ਹਾਂ ਦੀ ਸਰਕਾਰ ਦੀ ਕੋਈ ਪਰਪੋਜ਼ਲ ਹੈ ਕਿ ਅਸੀਂ ਹਰ ਹਸਪਤਾਲ ਵਿੱਚ ਜਿਹੜੇ ਈ.ਐਮ.ਓ. ਹਨ, ਉਹ ਸੈਪਰੇਟ ਤੌਰ ਤੇ ਹੀ ਦੇ ਦੇਈਏ?

**ਮੰਤਰੀ :** ਸਪੀਕਰ ਸਾਹਿਬ, ਜਿਸ ਵੇਲੇ ਮੈਂ ਮਹਿਕਮਾ ਸੰਭਾਲਿਆ ਤਾਂ ਮੈਂ ਵੇਖਿਆ ਕਿ ਈ.ਐਮ.ਓਜ਼ ਬਿਲਕੁਲ ਨਹੀਂ ਹਨ, ਐਮਰਜੈਂਸੀ ਸਰਵਿਸਿਜ਼ ਦਾ ਬੜਾ ਬੁਰਾ ਹਾਲ ਸੀ ਲੇਕਿਨ ਪਿਛਲੇ ਇੱਕ ਸਾਲ ਵਿੱਚ ਕਾਫੀ ਸੁਧਾਰ ਲਿਆਂਦਾ ਹੈ ਔਰ ਜਿਸ ਗੱਲ ਵੱਲ ਸਤਿਕਾਰਯੋਗ ਮੈਂਬਰ ਸਾਹਿਬਾਨ ਮੇਰਾ ਧਿਆਨ ਦਿਵਾ ਰਹੇ ਹਨ, ਮੈਂ ਉਸ ਨੂੰ ਉਨ੍ਹਾਂ ਨੂੰ ਹੋਰ ਪੁਖਤਾ ਕਰਨ ਲਈ ਐਸ਼ੋਅਰ ਕਰ ਦੇਵਾਂਗਾ।

**ਮਾਨਯੋਗ ਸਪੀਕਰ:** ਪੁਖਤਾ ਕਰਨ ਦੀ ਐਸ਼ੋਰੈਂਸ ਦਿੱਤੀ ਹੈ।

-----------

## ਹਲਕਾ ਸ਼ਾਮ ਚੁਰਾਸੀ ਦੇ ਹਰਿਆਣਾ ਸ਼ਹਿਰ ਵਿਖੇ ਬੱਸ ਸਟੈਂਡ ਬਣਾਉਣਾ

* 1236. **ਸ਼੍ਰੀ ਪਵਨ ਕੁਮਾਰ ਆਦੀਆ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵਿਧਾਨ ਸਭਾ ਹਲਕਾ ਸ਼ਾਮ ਚੁਰਾਸੀ ਦੇ ਹਰਿਆਣਾ ਸ਼ਹਿਰ ਵਿਖੇ ਨਵਾਂ ਬੱਸ ਅੱਡਾ ਬਣਾਉਣ ਲਈ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ :** ਨਗਰ ਕੌਂਸਲ ਹਰਿਆਣਾ ਪਾਸ ਬੱਸ ਸਟੈਂਡ ਲਈ ਕੋਈ ਜਗ੍ਹਾ ਉਪਲਬਧ ਨਹੀਂ ਹੈ। ਨਗਰ ਕੌਂਸਲ ਨੂੰ ਬੱਸ ਸਟੈਂਡ ਬਣਾਉਣ ਲਈ ਲਗਭਗ ਦੋ ਕਨਾਲ ਜਗ੍ਹਾ ਲੋੜੀਂਦੀ ਹੈ, ਜਿਸਦੀ ਕੀਮਤ ਲੱਗਭਗ 95.00 ਲੱਖ ਰੁਪਏ ਬਣਦੀ ਹੈ ਅਤੇ ਇਸ ਦੀ ਉਸਾਰੀ ਤੇ ਲੱਗਭਗ 35.00 ਲੱਖ ਰੁਪਏ ਖਰਚਾ ਆਉਣ ਦੀ ਸੰਭਾਵਨਾ ਹੈ। ਇਸ ਤਰ੍ਹਾਂ ਕੁੱਲ ਲਾਗਤ 130.00 ਲੱਖ ਰੁਪਏ ਬਣਦੀ ਹੈ। ਨਗਰ ਕੌਂਸਲ ਹਰਿਆਣਾ ਦਾ ਬਜਟ ਸਾਲ 2017-18 ਦਾ 243.00 ਲੱਖ ਰੁਪਏ ਦਾ ਹੈ। ਜਦਕਿ ਸਾਲ 2017-18 ਦੀ ਆਮਦਨ 139.00 ਲੱਖ ਰੁਪਏ ਦੀ ਹੈ। ਸਾਲ 2017-18 ਦਾ ਕੁਮਿਟਿਡ ਖਰਚਾ 157.00 ਲੱਖ ਰੁਪਏ ਹੈ। ਨਗਰ ਕੌਂਸਲ ਦੀ ਵਿੱਤੀ ਹਾਲਤ ਕਮਜ਼ੋਰ ਹੋਣ ਕਰਕੇ ਇਹ ਜਗ੍ਹਾ ਨਹੀਂ ਖਰੀਦੀ ਜਾ ਸਕਦੀ ਅਤੇ ਨਾ ਹੀ ਬੱਸ ਸਟੈਂਡ ਬਣਾਇਆ ਜਾ ਸਕਦਾ ਹੈ। ਫੰਡਾਂ ਦੀ ਉਪਲਬਧਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਜਲਦ ਬੱਸ ਸਟੈਂਡ ਦੀ ਉਸਾਰੀ ਕਰਨ ਦੀ ਕਾਰਵਾਈ ਕਰੇਗੀ।

ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਗੱਲ ਅਸੀਂ ਆਨਰੇਬਲ ਚੀਫ ਮਨਿਸਟਰ ਸਾਹਿਬ ਨਾਲ ਕੀਤੀ ਸੀ। ਮੇਰਾ ਵੀਰ ਕੁਲਬੀਰ ਸਿੰਘ ਜ਼ੀਰਾ ਇੱਥੇ ਬੈਠਾ ਹੈ, ਇਨ੍ਹਾਂ ਦਾ ਵੀ ਮਿਲਾ ਕੇ ਅੱਜ ਕਰੀਬ 14 ਬੱਸ ਸਟੈਂਡ ਮੇਰੇ ਭਰਾ ਮਨਪ੍ਰੀਤ ਸਿੰਘ ਜੀ ਆਪਣੀ ਬਜਟ ਸਪੀਚ ਵਿੱਚ ਅਨਾਊਂਸ ਕਰ ਰਹੇ ਹਨ। ਕਿਸੇ ਵਾਸਤੇ ਕਰੋੜ ਰੱਖਿਆ ਗਿਆ ਹੈ ਅਤੇ ਕਿਸੇ ਵਾਸਤੇ ਦੋ ਕਰੋੜ ਰੱਖਿਆ ਗਿਆ ਹੈ। ਜਿੱਥੇ 14 ਬੱਸ ਸਟੈਂਡ ਬਣ ਰਹੇ ਹਨ, ਉਥੇ ਜੇਕਰ ਇਨ੍ਹਾਂ ਕੋਲ ਪੈਸੇ ਨਹੀਂ ਹਨ ਤਾਂ 15 ਵੀ ਬਣ ਜਾਣਗੇ। ਜੇਕਰ ਇਹ 14 ਬੱਸ ਸਟੈਂਡਾਂ ਵਿੱਚ ਹੈ ਤਾਂ ਵੀ ਬਣ ਜਾਵੇਗਾ ਅਤੇ ਜੇਕਰ ਨਹੀਂ ਹੈ ਤਾਂ ਵੀ ਬਣਾ ਦਿੱਤਾ ਜਾਵੇਗਾ।

**ਸ਼੍ਰੀ ਪਵਨ ਕੁਮਾਰ ਆਦੀਆ** : ਸਪੀਕਰ ਸਾਹਿਬ....

**ਮਾਨਯੋਗ ਸਪੀਕਰ** : ਐਸ਼ੋਰੈਂਸ ਆ ਗਈ ਹੈ ਕਿ ਬੱਸ ਸਟੈਂਡ ਬਣ ਜਾਣਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸਪੀਕਰ ਸਾਹਿਬ, ਇਨ੍ਹਾਂ ਨੂੰ ਕਿਹੜੇ ਕਿਹੜੇ ਮਹਿਕਮੇ ਦਾ ਚਾਰਜ ਦੇ ਦਿੱਤਾ ਹੈ?

**ਮੰਤਰੀ :** ** **

**ਮਾਨਯੋਗ ਸਪੀਕਰ** : ਬੈਠੋ ਜੀ। ਆਦੀਆ ਜੀ, ਤੁਸੀਂ ਬੋਲੋ।

**ਸ਼੍ਰੀ ਪਵਨ ਕੁਮਾਰ ਆਦੀਆ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ....

**ਮੰਤਰੀ :** ** **

**ਸਰਦਾਰ ਬਿਕਰਮ ਸਿੰਘ ਮਜੀਠੀਆ :** ** **

**ਮਾਨਯੋਗ ਸਪੀਕਰ** : ਜੋ ਕੁਝ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਉਹ ਦਰਜ ਨਾ ਕੀਤਾ ਜਾਵੇ।(ਵਿਘਨ, ਸ਼ੋਰ) ਪਲੀਜ਼, ਚੇਅਰ ਨੂੰ ਐਡਰੈਸ ਕਰੋ।(ਵਿਘਨ, ਸ਼ੋਰ) ਬੈਠੋ ਪਲੀਜ਼। ਬੈਠੋ....ਬੈਠੋ... ਆਦੀਆ ਜੀ, ਸਪਲੀਮੈਂਟਰੀ ਪੁੱਛੋ।....** ** ਐਕਸਪੰਜ ਕਰ ਦਿੱਤਾ ਜਾਵੇ। ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾ ਕਿਹਾ ਜਾ ਰਿਹਾ ਹੈ, ਐਕਸਪੰਜ ਕੀਤਾ ਜਾਵੇ।(ਵਿਘਨ, ਸ਼ੋਰ) ਪਲੀਜ਼ ਬੈਠੋ। ਆਦੀਆ ਸਾਹਿਬ, ਬੋਲੋ।

**ਸ਼੍ਰੀ ਪਵਨ ਕੁਮਾਰ ਆਦੀਆ** : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਬੱਸ ਸਟੈਂਡ ਬਹੁਤ ਜ਼ਰੂਰੀ ਹੈ। ਸਿੱਧੂ ਸਾਹਿਬ ਉਥੇ ਗਏ ਸੀ ਅਤੇ ਉਸ ਵੇਲੇ ਵੀ ਕਹਿ ਕੇ ਆਏ ਸੀ। ਜੇਕਰ ਅੱਜ ਇਹ 14 ਬੱਸ ਸਟੈਂਡਾਂ ਵਿੱਚ ਇਸ ਨੂੰ ਕਰ ਦਿੰਦੇ ਹਨ ਤਾਂ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ।

**ਮਾਨਯੋਗ ਸਪੀਕਰ**: ਐਸ਼ੋਰੈਂਸ ਆ ਗਈ ਹੈ।

**ਸ਼੍ਰੀ ਪਵਨ ਕੁਮਾਰ ਆਦੀਆ** : ਮੈਂ ਇਨ੍ਹਾਂ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿਉਂਕਿ ਇੱਥੇ ਮੇਜਰ ਐਕਸੀਡੈਂਟ ਹੁੰਦੇ ਹਨ। ਧੰਨਵਾਦ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਅਤੇ ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

------------

** Not recorded/Expunged as ordered by the Chair.

## ਜ਼ਿਲ੍ਹਾ ਪਠਾਨਕੋਟ ਦੇ ਪਿੰਡਾਂ ਨੂੰ ਪੀਣ ਵਾਲਾ ਪਾਣੀ ਸਪਲਾਈ ਕਰਨਾ

*1058. **ਸ਼੍ਰੀ ਦਿਨੇਸ਼ ਸਿੰਘ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਪਿੰਡ ਕੁਈ, ਪੰਜਾਲਾ, ਭਮਲਾਡਾ ਅਤੇ ਬਾਡ–ਸੁਡਾਲ, ਬਲਾਕ ਧਾਰਕਲਾਂ, ਜ਼ਿਲ੍ਹਾ ਪਠਾਨਕੋਟ ਦੇ ਪਿੰਡਾਂ ਨੂੰ ਪੀਣ ਵਾਲਾ ਪਾਣੀ ਪਿਛਲੇ ਕੁਝ ਸਮੇਂ ਤੋਂ ਸਪਲਾਈ ਕਿਉਂ ਨਹੀਂ ਕੀਤਾ ਜਾ ਰਿਹਾ ਹੈ ;

(ਅ) ਲੋਕ ਹਿਤਾਂ ਨੂੰ ਮੁੱਖ ਰੱਖ ਕੇ ਸਰਕਾਰ ਇਨ੍ਹਾਂ ਪਿੰਡਾਂ ਨੂੰ ਕਦੋਂ ਤੱਕ ਮਿਤੀਬੱਧ ਕਰਕੇ ਜਲ ਸਪਲਾਈ ਚਾਲੂ ਕਰੇਗੀ ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** (ੳ) ਬਲਾਕ ਧਾਰ ਕਲਾਂ ਦੇ ਪਿੰਡ ਕੁਈ, ਪੰਜਾਲਾ ਅਤੇ ਭਮਲਾਡਾ ਨੂੰ ਜਲ ਸਪਲਾਈ ਸਕੀਮ ਭੰਗੂੜੀ ਐਟ ਗਲਘੱਟ ਅਤੇ ਪਿੰਡ ਬਾਡ–ਸੁਡਾਲ ਨੂੰ ਜਲ ਸਪਲਾਈ ਸਕੀਮ ਸਾਰਟੀ ਐਟ ਬਖਤਪੁਰ ਤੋਂ ਪਰਕੋਲੇਸ਼ਨ ਵੈਲ ਤੇ ਆਧਾਰਿਤ ਸਕੀਮਾਂ ਰਾਹੀਂ ਪੀਣ ਵਾਲੇ ਪਾਣੀ ਦੀ ਸਪਲਾਈ ਦਿੱਤੀ ਜਾ ਰਹੀ ਹੈ। ਪਹਾੜੀ ਏਰੀਏ ਦੇ ਇਹ ਇਲਾਕੇ ਉਚੇ–ਨੀਵੇਂ ਅਤੇ ਕਾਫੀ ਦੂਰ–ਦੁਰਾਡੇ ਹੋਣ ਕਾਰਨ, ਇਨ੍ਹਾਂ ਟੇਲ ਐਂਡ ਤੇ ਸਥਿਤ ਪਿੰਡਾਂ ਨੂੰ ਪਾਣੀ ਦੀ ਸਪਲਾਈ ਜ਼ੋਨ ਵਾਈਜ਼ ਇੱਕ ਦਿਨ ਛੱਡ ਕੇ ਮੁਹੱਈਆ ਕਰਵਾਈ ਜਾਂਦੀ ਹੈ।

(ਅ) ਧਾਰ ਕਲਾਂ ਬਲਾਕ ਦੇ ਉਪਰੋਕਤ ਪਿੰਡਾਂ ਨੂੰ ਮੌਜੂਦਾ ਸਮੇਂ ਵਿੱਚ ਪੀਣ ਯੋਗ ਪਾਣੀ ਦੀ ਸਪਲਾਈ ਜ਼ੋਨ ਵਾਈਜ਼ ਦਿੱਤੀ ਜਾ ਰਹੀ ਹੈ। ਇਨ੍ਹਾਂ ਪਿੰਡਾਂ ਨੂੰ ਦਿੱਤੀ ਜਾਣ ਵਾਲੀ ਪਾਣੀ ਦੀ ਸਪਲਾਈ ਵਿੱਚ ਹੋਰ ਸੁਧਾਰ ਲਿਆਉਣ ਲਈ ਨਵੀਂ ਸਕੀਮ ਦੀ ਤਜਵੀਜ਼ ਵਿਚਾਰ ਅਧੀਨ ਹੈ ।

**ਮਾਨਯੋਗ ਸਪੀਕਰ** : ਤ੍ਰਿਪਤ ਰਜਿੰਦਰ ਸਿੰਘ ਬਾਜਵਾ ਜੀ, ਬੋਲੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਅਤੇ ਸਥਾਨਕ ਸਰਕਾਰ ਮੰਤਰੀ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾ ਇਜਾਜ਼ਤ ਬੋਲ ਰਹੇ ਸਨ।)

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਧਾਰ ਬਲਾਕ ਦੇ ਇਹ ਜਿਹੜੇ ਪਿੰਡ ਹਨ...

**ਸਥਾਨਕ ਸਰਕਾਰ ਮੰਤਰੀ** : ** **

**ਮਾਨਯੋਗ ਸਪੀਕਰ** : ਜੋ ਕੁਝ ਵੀ ਕਿਹਾ ਜਾ ਰਿਹਾ ਹੈ, ਇਹ ਦਰਜ ਨਾ ਕੀਤਾ ਜਾਵੇ।...ਪਲੀਜ਼ ਬੈਠੋ...ਬਾਜਵਾ ਸਾਹਿਬ, ਤੁਸੀਂ ਬੋਲੋ।....(ਵਿਘਨ, ਸ਼ੋਰ) ਪਲੀਜ਼ ਬੈਠੋ...ਪਲੀਜ਼ ਬੈਠੋ। ਬਾਜਵਾ ਸਾਹਿਬ ਜਵਾਬ ਦੇ ਰਹੇ ਹਨ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ....

---

**Not recorded as ordered by the Chair.

**ਮਾਨਯੋਗ ਸਪੀਕਰ** : ਖਹਿਰਾ ਸਾਹਿਬ, ਬਾਜਵਾ ਸਾਹਿਬ ਜਵਾਬ ਦੇਣ ਲਈ ਖੜ੍ਹੇ ਹਨ। ਬਾਜਵਾ ਸਾਹਿਬ, ਤੁਸੀਂ ਬੋਲੋ ਜੀ, ਪਲੀਜ਼।(ਵਿਘਨ, ਸ਼ੋਰ) ਪਲੀਜ਼ ਬਾਜਵਾ ਸਾਹਿਬ, ਬੋਲੋ।

**ਮੰਤਰੀ** : ਇਹ ਪਿੰਡ tail end ਵਾਲੇ ਹਨ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ** : ਪਿੰਕੀ ਜੀ, ਬੈਠੋ। ਬੈਠੋ ਪਲੀਜ਼। ਬਾਜਵਾ ਸਾਹਿਬ ਦੀ ਸਪੀਚ ਤੋਂ ਬਿਨਾਂ ਕੁਝ ਵੀ ਰਿਕਾਰਡ ਨਾ ਕੀਤਾ ਜਾਵੇ। ਜੋ ਬਾਜਵਾ ਸਾਹਿਬ ਕਹਿ ਰਹੇ ਹਨ, ਸਿਰਫ ਉਹੀ ਰਿਕਾਰਡ ਕੀਤਾ ਜਾਵੇ। ਬਾਜਵਾ ਸਾਹਿਬ, ਬੋਲੋ ਜੀ।....ਖਹਿਰਾ ਸਾਹਿਬ, ਬਹਿ ਜਾਓ। ਬਾਜਵਾ ਸਾਹਿਬ, ਤੁਸੀਂ ਜਵਾਬ ਦਿਓ।

**ਮੰਤਰੀ** : ਸਪੀਕਰ ਸਾਹਿਬ, ਇਹ ਪਿੰਡ ਡੂੰਘਾਈ ਵਿੱਚ ਵੀ ਹਨ। ਇਨ੍ਹਾਂ ਨੂੰ ਅਸੀਂ ਪਾਣੀ ਦੇ ਰਹੇ ਹਾਂ ਪਰ ਆਲਟਰਨੇਟ ਡੇਜ਼ ਤੇ ਦੇ ਰਹੇ ਹਾਂ। ਇੱਕ ਦਿਨ ਛੱਡ ਕੇ ਇਨ੍ਹਾਂ ਪਿੰਡਾਂ ਨੂੰ ਪਾਣੀ ਮਿਲਦਾ ਹੈ। ਇਨ੍ਹਾਂ ਨੂੰ ਰੋਜ਼ ਪਾਣੀ ਦੇਣ ਲਈ ਅਸੀਂ ਇੱਕ ਨਵੀਂ ਸਕੀਮ ਬਣਾ ਰਹੇ ਹਾਂ ਅਤੇ ਬੜੀ ਛੇਤੀ ਬਣਾ ਕੇ ਇਸ ਨੂੰ ਲਾਗੂ ਕਰ ਦੇਵਾਂਗੇ।

**ਸ਼੍ਰੀ ਦਿਨੇਸ਼ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ....

**ਮਾਨਯੋਗ ਸਪੀਕਰ** : ਇਕ ਮਿੰਟ ਖਹਿਰਾ ਸਾਹਿਬ ਦੀ ਗੱਲ ਸੁਣ ਲਈਏ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਕਈ ਵਾਰ ਅਜਿਹਾ ਹੋ ਲਿਆ ਹੈ, ਇੱਕ ਵਾਰ ਨਹੀਂ। ਕੱਲ੍ਹ ਵੀ ਹੋਇਆ ਹੈ ਅਤੇ ਅੱਜ ਵੀ ਹੋ ਰਿਹਾ ਹੈ ਕਿ ਦੋਵੇਂ ਆਨਰੇਬਲ ਮੈਂਬਰ ਇਕ-ਦੂਜੇ ਨਾਲ ਬੇਤਹਾਸ਼ਾ ਅਨਪਾਰਲੀਮੈਂਟਰੀ ਲੈਂਗੁਏਜ਼ ਬੋਲਦੇ ਹਨ ਅਤੇ ਇੰਨਾ ਜ਼ਿਆਦਾ ਉਲਝਦੇ ਹਨ ਕਿ ਸਦਨ ਦਾ ਟਾਈਮ ਵੇਸਟ ਕਰਦੇ ਹਨ। ਸਪੀਕਰ ਸਾਹਿਬ, ਤੁਸੀਂ ਕੋਈ ਛੋਟਾ ਜਿਹਾ ਰੂਲ ਅਮੈਂਡ ਕਰੋ, ਬਾਹਰ ਲਾਊਂਜ ਵਿੱਚ ** ** ਤਾਂ ਕਿ ਪਤਾ ਲੱਗੇ ਕਿ ਤੁਸੀਂ ਕਿੰਨੇ ਕੁ ਵੱਡੇ ** ** ਹੋ।

**ਮਾਨਯੋਗ ਸਪੀਕਰ** : ** ** ਅਤੇ ** ** ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਇਹ ਤਾਂ ਬਹੁਤ ਚੰਗਾ ਸ਼ਬਦ ਹੈ। They are totally wasting the time. It is totally wastage of time.

**Mr. Speaker** : You are absolutely right. ਪ੍ਰਸ਼ਨ ਕਾਲ ਖ਼ਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

\-----------

**Expunged as ordered by the Chair.

## WRITTEN ANSWER TO STARRED QUESTION LAID ON THE TABLE OF THE HOUSE UNDER RULE 38

### ਕਮਿਊਨਿਟੀ ਹੈਲਥ ਸੈਂਟਰ ਨਿਹਾਲ ਸਿੰਘ ਵਾਲਾ ਨੂੰ 100 ਬਿਸਤਰਿਆਂ ਦਾ ਸਬ-ਡਵੀਜ਼ਨਲ ਹਸਪਤਾਲ ਬਣਾਉਣਾ

*1107. **ਸਰਦਾਰ ਮਨਜੀਤ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕਮਿਊਨਿਟੀ ਹੈਲਥ ਸੈਂਟਰ ਨਿਹਾਲ ਸਿੰਘ ਵਾਲਾ ਨੂੰ 100 ਬਿਸਤਰਿਆਂ ਦਾ ਸਬ-ਡਵੀਜ਼ਨਲ ਹਸਪਤਾਲ ਬਣਾਉਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸ਼੍ਰੀ ਬ੍ਰਹਮ ਮਹਿੰਦਰਾ** : ਸ਼੍ਰੀਮਾਨ **ਜੀ,** 30 ਬਿਸਤਰਿਆਂ ਦਾ ਕਮਿਊਨਿਟੀ ਹੈਲਥ ਸੈਂਟਰ ਨਿਹਾਲ ਸਿੰਘ ਵਾਲਾ ਪਹਿਲਾਂ ਹੀ ਚੱਲ ਰਿਹਾ ਹੈ ਅਤੇ ਕਮਿਊਨਿਟੀ ਹੈਲਥ ਸੈਂਟਰ ਨਿਹਾਲ ਸਿੰਘ ਵਾਲਾ ਨੂੰ 50 ਬਿਸਤਰਿਆਂ ਦਾ ਸਬ-ਡਵੀਜ਼ਨਲ ਹਸਪਤਾਲ ਬਣਾਉਣ ਲਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। 100 ਬਿਸਤਰਿਆਂ ਦਾ ਹਸਪਤਾਲ ਬਣਾਉਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

------------

## UNSTARRED QUESTIONS AND ANSWERS

### ਮਿਡ-ਡੇ-ਮੀਲ ਸਕੀਮ

155. **ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਵਿੱਚ ਮਿਡ-ਡੇ-ਮੀਲ ਸਕੀਮ ਤਹਿਤ ਦੁਪਹਿਰ ਦਾ ਖਾਣਾ ਦੇਣਾ ਲਾਜ਼ਮੀ ਹੈ;

ਅ) ਕੀ ਇਹ ਵੀ ਠੀਕ ਹੈ ਕਿ ਪੰਜਾਬ ਸਰਕਾਰ ਵੱਲੋਂ ਅਗਸਤ, 2017 ਤੋਂ ਮਿਡ ਡੇ ਮੀਲ ਸਕੀਮ ਤਹਿਤ ਪੰਜਾਬ ਦੇ 17 ਲੱਖ ਸਕੂਲੀ ਵਿਦਿਆਰਥੀਆਂ ਲਈ ਫੰਡਜ਼ ਜਾਰੀ ਨਹੀਂ ਕੀਤੇ ਗਏ ਜਿਸ ਕਰਕੇ ਮਾਨਯੋਗ ਸੁਪਰੀਮ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਹੋਈ ਹੈ;

ੲ) ਮਿਡ ਡੇ ਮੀਲ ਤਹਿਤ ਦਿੱਤੇ ਜਾਣ ਵਾਲੇ ਦੁਪਹਿਰ ਦੇ ਭੋਜਨ ਨੂੰ ਨਾ ਦੇਣ ਕਾਰਨ ਜੋ ਸਕੂਲੀ ਬੱਚਿਆਂ ਵਿਚ ਕੈਲੋਰੀਜ਼ ਦੀ ਘਾਟ ਹੋਈ ਹੈ, ਉਸ ਦੀ ਪੂਰਤੀ ਲਈ ਪੰਜਾਬ ਸਰਕਾਰ ਕੀ ਕਰ ਰਹੀ ਹੈ?

**ਸ਼੍ਰੀਮਤੀ ਅਰੁਨਾ ਚੌਧਰੀ :** (ੳ) ਹਾਂ ਜੀ।

(ਅ) ਨਹੀਂ ਜੀ।

(ੲ) ਪਹਿਲੀ ਤੋਂ ਅੱਠਵੀਂ ਜਮਾਤ ਦੇ ਸਮੂਹ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀਆਂ ਨੂੰ ਰੋਜ਼ਾਨਾ ਮਿਡ ਡੇ ਮੀਲ ਦਿੱਤਾ ਜਾਂਦਾ ਹੈ ਇਸ ਲਈ ਮਿਡ ਡੇ ਮੀਲ ਨਾ ਦੇਣ ਕਾਰਨ ਬੱਚਿਆਂ ਵਿੱਚ ਕੈਲੋਰੀਜ਼ ਦੀ ਘਾਟ ਨਹੀਂ ਹੋਈ ਹੈ।

-----------

## ਗੰਨਾ ਉਤਪਾਦਕਾਂ ਲਈ ਗੰਨੇ ਦੇ ਭਾਅ ਨਿਸ਼ਚਿਤ ਕਰਨਾ

156. **ਸਰਦਾਰ ਕੁਲਤਾਰ ਸਿੰਘ ਸੰਧਵਾਂ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ –

ੳ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਵੱਲੋਂ ਗੰਨਾ ਉਤਪਾਦਕਾਂ ਲਈ ਅਜੇ ਤੱਕ ਗੰਨੇ ਦਾ ਭਾਅ ਨਿਸ਼ਚਿਤ ਨਹੀਂ ਕੀਤਾ ਅਤੇ ਗੰਨਾ ਮਿੱਲਾਂ ਨੂੰ ਪਿਛਲੇ ਸਾਲ ਵਾਲੇ ਰੇਟ ਤੇ ਹੀ ਗੰਨਾ ਖਰੀਦਣ ਦੇ ਆਦੇਸ਼ ਜਾਰੀ ਕੀਤੇ ਗਏ ਹਨ ;

ਅ) ਜੇਕਰ ਉਪਰੋਕਤ ਭਾਵ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਕਿ ਪੰਜਾਬ ਸਰਕਾਰ ਨੇ ਗੰਨਾ ਉਤਪਾਦਕਾਂ ਲਈ ਚਾਲੂ ਸਾਲ ਲਈ ਰੇਟਸ ਨਹੀਂ ਵਧਾਏ ਜਦੋਂ ਕਿ ਬਾਹਰਲੇ ਰਾਜਾਂ ਵਿੱਚ ਇਹ ਰੇਟ ਵਧਾਏ ਗਏ ਹਨ?

**ਕੈਪਟਨ ਅਮਰਿੰਦਰ ਸਿੰਘ :** (ੳ) ਨਹੀਂ ਜੀ, ਪੰਜਾਬ ਰਾਜ ਵਿੱਚ ਪਿੜਾਈ ਸਾਲ 2017-18 ਦੌਰਾਨ ਗੰਨੇ ਦਾ ਰੇਟ 310, 300 ਅਤੇ 295 ਰੁਪਏ ਪ੍ਰਤੀ ਕੁਇੰਟਲ ਕ੍ਰਮਵਾਰ ਅਗੇਤੀਆਂ, ਦਰਮਿਆਨੀਆਂ ਅਤੇ ਪਛੇਤੀਆਂ ਕਿਸਮਾਂ ਲਈ ਨਿਰਧਾਰਿਤ ਕੀਤਾ ਗਿਆ ਹੈ ਅਤੇ ਰਾਜ ਦੀਆਂ ਖੰਡ ਮਿੱਲਾਂ ਵੱਲੋਂ ਪਿੜਾਈ ਸਾਲ 2017-18 ਦੌਰਾਨ ਨਿਰਧਾਰਿਤ ਕੀਤੇ ਰੇਟ ਅਨੁਸਾਰ ਹੀ ਗੰਨਾ ਖਰੀਦਿਆ ਜਾ ਰਿਹਾ ਹੈ। ਇਹ ਰੇਟ ਪਿੜਾਈ ਸਾਲ 2016-17 ਨਾਲੋਂ 10 ਰੁਪਏ ਪ੍ਰਤੀ ਕੁਇੰਟਲ ਵੱਧ ਹੈ।

(ਅ) ਸਵਾਲ ਪੈਦਾ ਨਹੀਂ ਹੁੰਦਾ।

----------

## ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਫਲੋਰਾਈਡ ਅਤੇ ਜ਼ਹਿਰੀਲੇ ਤੱਤਾਂ ਦੀ ਮਾਤਰਾ

157. **ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਧਰਤੀ ਦੇ ਹੇਠਲੇ ਪਾਣੀ ਵਿੱਚ ਫਲੋਰਾਈਡ ਅਤੇ ਜ਼ਹਿਰੀਲੇ ਤੱਤਾਂ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਇਹ ਪੀਣਯੋਗ ਨਹੀਂ ਹੈ;

(ਅ) ਜੇਕਰ ਅਜਿਹਾ ਹੋਵੇ ਤਾਂ ਹਰੇਕ ਜ਼ਿਲ੍ਹੇ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਫਲੋਰਾਈਡ ਅਤੇ ਜ਼ਹਿਰੀਲੇ ਤੱਤਾਂ ਦੀ ਮਾਤਰਾ ਸੰਬੰਧੀ ਅੰਕੜੇ ਦਿੱਤੇ ਜਾਣ;

(ੲ) ਪੰਜਾਬ ਸਰਕਾਰ ਇਸ ਵਿੱਚ ਸੁਧਾਰ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** (ੳ) ਹਾਂ ਜੀ, ਇਹ ਠੀਕ ਹੈ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਜ਼ਮੀਨੀ ਪਾਣੀ ਵਿੱਚ ਫਲੋਰਾਈਡ ਅਤੇ ਕਈ ਥਾਵਾਂ ਤੇ ਭਾਰੀ ਧਾਤਾਂ ਦੀ ਮੌਜੂਦਗੀ ਪਾਈ ਗਈ ਹੈ। ਪੰਜਾਬ ਦੀਆਂ ਵੱਖ ਵੱਖ ਬੈਲਟਾਂ ਵਿੱਚ ਅਲੱਗ ਅਲੱਗ ਤਰ੍ਹਾਂ ਦੀ ਦੂਸ਼ਿਤਤਾ ਪਾਈ ਗਈ ਹੈ ਅਤੇ ਇਨ੍ਹਾਂ ਇਲਾਕਿਆਂ ਦਾ ਪਾਣੀ ਪੀਣਯੋਗ ਨਹੀਂ ਹੈ ।

(ਅ) ਜਿਨ੍ਹਾਂ ਪਿੰਡਾਂ ਵਿੱਚ 5 ਮੁੱਖ ਅਸ਼ੁੱਧੀਆਂ ਫਲੋਰਾਈਡ, ਆਰਸੈਨਿਕ, ਯੂਰੇਨੀਅਮ, ਸਿਲੇਨੀਅਮ ਅਤੇ ਲੋਹਾ ਬੀ.ਆਈ.ਐਸ. (ਬਿਓਰੋ ਆਫ ਇੰਡੀਅਨ ਸਟੈਂਡਰਡ) ਵੱਲੋਂ ਨਿਰਧਾਰਿਤ ਸੀਮਾ ਤੋਂ ਵੱਧ ਪਾਈਆਂ ਗਈਆਂ ਹਨ, ਉਨ੍ਹਾਂ ਦੇ ਜ਼ਿਲ੍ਹੇ ਵਾਰ ਅੰਕੜੇ ਹੇਠ ਲਿਖੇ ਅਨੁਸਾਰ ਹਨ :

| ਲੜੀ ਨੰ. | ਜ਼ਿਲ੍ਹਾ | ਬਹੁਤ ਵੱਧ ਮਾਤਰਾ ਵਿੱਚ (ਚਰਮ ਸੀਮਾ ਤੋਂ ਦੁੱਗਣੇ ਤੋਂ ਜ਼ਿਆਦਾ) | | | | |
|---|---|---|---|---|---|---|
| | | ਆਰਸੈਨਿਕ (0.02 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ) | ਫਲੋਰਾਈਡ (3 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ) | ਯੂਰੇਨੀਅਮ (120 ਮਾਈਕ੍ਰੋਗ੍ਰਾਮ ਪ੍ਰਤੀ ਲੀਟਰ ਤੋਂ ਵੱਧ) | ਸਲੇਨੀਅਮ (0.02 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ | ਆਇਰਨ (2 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ) |
| | | ਚਰਮ ਸੀਮਾ 0.01 ਮਿਲੀਗ੍ਰਾਮ ਪ੍ਰਤੀ ਲੀਟਰ | ਚਰਮ ਸੀਮਾ 1.5 ਮਿਲੀਗ੍ਰਾਮ ਪ੍ਰਤੀ ਲੀਟਰ | ਚਰਮ ਸੀਮਾ 60 ਮਾਈਕ੍ਰੋਗ੍ਰਾਮ ਪ੍ਰਤੀ ਲੀਟਰ | ਚਰਮ ਸੀਮਾ 0.01 ਮਿਲੀਗ੍ਰਾਮ ਪ੍ਰਤੀ ਲੀਟਰ | ਚਰਮ ਸੀਮਾ 1 ਮਿਲੀਗ੍ਰਾਮ ਪ੍ਰਤੀ ਲੀਟਰ |
| 1 | ਅੰਮ੍ਰਿਤਸਰ | 270 | 2 | 0 | 4 | 16 |
| 2 | ਬਰਨਾਲਾ | 0 | 0 | 11 | 0 | 0 |
| 3 | ਬਠਿੰਡਾ | 0 | 0 | 10 | 0 | 0 |
| 4 | ਫਤਿਹਗੜ੍ਹ ਸਾਹਿਬ | 0 | 2 | 0 | 0 | 3 |
| 5 | ਫਾਜ਼ਿਲਕਾ | 2 | 1 | 8 | 3 | 3 |
| 6 | ਫਰੀਦਕੋਟ | 0 | 2 | 0 | 0 | 0 |
| 7 | ਫਿਰੋਜ਼ਪੁਰ | 11 | 1 | 13 | 3 | 12 |
| 8 | ਗੁਰਦਾਸਪੁਰ | 90 | 0 | 0 | 2 | 0 |
| 9 | ਹੁਸ਼ਿਆਰਪੁਰ | 2 | 1 | 9 | 0 | 0 |
| 10 | ਜਲੰਧਰ | 0 | 0 | 0 | 14 | 0 |
| 11 | ਕਪੂਰਥਲਾ | 1 | 0 | 0 | 6 | 6 |
| 12 | ਲੁਧਿਆਣਾ | 1 | 0 | 2 | 20 | 0 |
| 13 | ਮਾਨਸਾ | 0 | 0 | 2 | 0 | 0 |
| 14 | ਮੋਗਾ | 1 | 1 | 13 | 1 | 8 |
| 15 | ਪਠਾਨਕੋਟ | 0 | 2 | 0 | 4 | 0 |
| 16 | ਪਟਿਆਲਾ | 2 | 42 | 3 | 6 | 3 |
| 17 | ਰੂਪਨਗਰ | 12 | 8 | 0 | 1 | 5 |
| 18 | ਸੰਗਰੂਰ | 1 | 7 | 6 | 1 | 0 |
| 19 | ਐਸ.ਏ.ਐਸ.ਨਗਰ | 0 | 4 | 0 | 0 | 0 |
| 20 | ਐਸ.ਬੀ.ਐਸ.ਨਗਰ | 0 | 0 | 0 | 7 | 0 |
| 21 | ਤਰਨਤਾਰਨ | 75 | 0 | 2 | 3 | 1 |
| ਕੁੱਲ | | 468 | 73 | 79 | 75 | 68 |

[ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ]

| ਲੜੀ ਨੰ. | ਜ਼ਿਲ੍ਹਾ | ਦਰਮਿਆਨੀ ਮਾਤਰਾ ਵਿੱਚ ਸੀਮਾ ਤੋਂ ਵੱਧ (ਚਰਮ ਸੀਮਾ ਤੋਂ 1% ਗੁਣਾ ਤੋਂ ਜ਼ਿਆਦਾ ਅਤੇ ਦੁੱਗਣੇ ਤੋਂ ਘੱਟ) | | | | |
|---|---|---|---|---|---|---|
| | | ਆਰਸੈਨਿਕ (0.015 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ) | ਫਲੋਰਾਈਡ (2.25 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ) | ਯੂਰੇਨੀਅਮ (90 ਮਾਈਕ੍ਰੋਗ੍ਰਾਮ ਪ੍ਰਤੀ ਲੀਟਰ ਤੋਂ ਵੱਧ) | ਸਲੇਨੀਅਮ (0.015 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ | ਆਇਰਨ (1.5 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ) |
| | | ਚਰਮ ਸੀਮਾ 0.01 ਮਿਲੀਗ੍ਰਾਮ ਪ੍ਰਤੀ ਲੀਟਰ | ਚਰਮ ਸੀਮਾ 1.5 ਮਿਲੀਗ੍ਰਾਮ ਪ੍ਰਤੀ ਲੀਟਰ | ਚਰਮ ਸੀਮਾ 60 ਮਾਈਕ੍ਰੋਗ੍ਰਾਮ ਪ੍ਰਤੀ ਲੀਟਰ | ਚਰਮ ਸੀਮਾ 0.01 ਮਿਲੀਗ੍ਰਾਮ ਪ੍ਰਤੀ ਲੀਟਰ | ਚਰਮ ਸੀਮਾ 1 ਮਿਲੀਗ੍ਰਾਮ ਪ੍ਰਤੀ ਲੀਟਰ |
| 1 | ਅੰਮ੍ਰਿਤਸਰ | 33 | 0 | 0 | 0 | 3 |
| 2 | ਬਰਨਾਲਾ | 0 | 1 | 11 | 0 | 0 |
| 3 | ਬਠਿੰਡਾ | 0 | 1 | 8 | 0 | 0 |
| 4 | ਫਤਿਹਗੜ੍ਹ ਸਾਹਿਬ | 1 | 7 | 3 | 0 | 3 |
| 5 | ਫਾਜ਼ਿਲਕਾ | 0 | 2 | 9 | 0 | 1 |
| 6 | ਫਰੀਦਕੋਟ | 0 | 0 | 0 | 0 | 0 |
| 7 | ਫਿਰੋਜ਼ਪੁਰ | 7 | 0 | 13 | 0 | 9 |
| 8 | ਗੁਰਦਾਸਪੁਰ | 28 | 0 | 0 | 0 | 1 |
| 9 | ਹੁਸ਼ਿਆਰਪੁਰ | 11 | 0 | 1 | 2 | 0 |
| 10 | ਜਲੰਧਰ | 0 | 0 | 0 | 7 | 0 |
| 11 | ਕਪੂਰਥਲਾ | 2 | 0 | 0 | 1 | 1 |
| 12 | ਲੁਧਿਆਣਾ | 1 | 0 | 1 | 10 | 0 |
| 13 | ਮਾਨਸਾ | 0 | 0 | 0 | 0 | 0 |
| 14 | ਮੋਗਾ | 0 | 0 | 23 | 0 | 2 |
| 15 | ਪਠਾਨਕੋਟ | 0 | 0 | 0 | 0 | 0 |
| 16 | ਪਟਿਆਲਾ | 8 | 39 | 0 | 5 | 3 |
| 17 | ਰੂਪਨਗਰ | 35 | 0 | 0 | 0 | 7 |
| 18 | ਸੰਗਰੂਰ | 1 | 9 | 10 | 4 | 0 |
| 19 | ਐਸ.ਏ.ਐਸ.ਨਗਰ | 4 | 4 | 0 | 0 | 0 |
| 20 | ਐਸ.ਬੀ.ਐਸ.ਨਗਰ | 0 | 0 | 0 | 3 | 0 |
| 21 | ਤਰਨਤਾਰਨ | 30 | 1 | 0 | 4 | 0 |
| ਕੁੱਲ | | 161 | 64 | 79 | 36 | 30 |

| ਲੜੀ ਨੰ. | ਜ਼ਿਲ੍ਹਾ | ਚਰਮ ਸੀਮਾ ਤੋਂ ਥੋੜ੍ਹਾ ਜ਼ਿਆਦਾ (ਚਰਮ ਸੀਮਾ ਤੋਂ ਥੋੜ੍ਹਾ ਜ਼ਿਆਦਾ ਜਾਂ ਬਾਰਡਰ ਲਾਈਨ ਤੇ ਪਰ 1% ਗੁਣਾਂ ਤੋਂ ਘੱਟ) | | | | |
|---|---|---|---|---|---|---|
| | | ਆਰਸੈਨਿਕ (0.01 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ) | ਫਲੋਰਾਈਡ (1.5 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ) | ਯੂਰੇਨੀਅਮ (60 ਮਾਈਕ੍ਰੋਗ੍ਰਾਮ ਪ੍ਰਤੀ ਲੀਟਰ ਤੋਂ ਵੱਧ) | ਸਲੇਨੀਅਮ (0.01 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ | ਆਇਰਨ (1.0 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ) |
| | | ਚਰਮ ਸੀਮਾ 0.01 ਮਿਲੀਗ੍ਰਾਮ ਪ੍ਰਤੀ ਲੀਟਰ | ਚਰਮ ਸੀਮਾ 1.5 ਮਿਲੀਗ੍ਰਾਮ ਪ੍ਰਤੀ ਲੀਟਰ | ਚਰਮ ਸੀਮਾ 60 ਮਾਈਕ੍ਰੋਗ੍ਰਾਮ ਪ੍ਰਤੀ ਲੀਟਰ | ਚਰਮ ਸੀਮਾ 0.01 ਮਿਲੀਗ੍ਰਾਮ ਪ੍ਰਤੀ ਲੀਟਰ | ਚਰਮ ਸੀਮਾ 1 ਮਿਲੀਗ੍ਰਾਮ ਪ੍ਰਤੀ ਲੀਟਰ |
| 1 | ਅੰਮ੍ਰਿਤਸਰ | 29 | 2 | 0 | 1 | 3 |
| 2 | ਬਰਨਾਲਾ | 0 | 3 | 27 | 0 | 0 |
| 3 | ਬਠਿੰਡਾ | 0 | 1 | 7 | 0 | 0 |
| 4 | ਫਤਿਹਗੜ੍ਹ ਸਾਹਿਬ | 0 | 23 | 1 | 9 | 4 |
| 5 | ਫਾਜ਼ਿਲਕਾ | 2 | 23 | 33 | 1 | 1 |
| 6 | ਫਰੀਦਕੋਟ | 0 | 0 | 0 | 0 | 12 |
| 7 | ਫਿਰੋਜ਼ਪੁਰ | 18 | 14 | 92 | 10 | 25 |
| 8 | ਗੁਰਦਾਸਪੁਰ | 25 | 4 | 0 | 11 | 8 |
| 9 | ਹੁਸ਼ਿਆਰਪੁਰ | 1 | 4 | 3 | 6 | 12 |
| 10 | ਜਲੰਧਰ | 1 | 2 | 0 | 48 | 0 |
| 11 | ਕਪੂਰਥਲਾ | 18 | 1 | 0 | 23 | 5 |
| 12 | ਲੁਧਿਆਣਾ | 1 | 6 | 17 | 28 | 7 |
| 13 | ਮਾਨਸਾ | 0 | 4 | 0 | 0 | 0 |
| 14 | ਮੋਗਾ | 3 | 4 | 53 | 3 | 1 |
| 15 | ਪਠਾਨਕੋਟ | 0 | 0 | 0 | 0 | 0 |
| 16 | ਪਟਿਆਲਾ | 8 | 107 | 15 | 25 | 8 |
| 17 | ਰੂਪਨਗਰ | 30 | 2 | 4 | 17 | 4 |
| 18 | ਸੰਗਰੂਰ | 3 | 10 | 23 | 9 | 1 |
| 19 | ਐਸ.ਏ.ਐਸ.ਨਗਰ | 0 | 7 | 0 | 0 | 2 |
| 20 | ਐਸ.ਬੀ.ਐਸ.ਨਗਰ | 1 | 0 | 5 | 11 | 0 |
| 21 | ਤਰਨਤਾਰਨ | 34 | 2 | 4 | 3 | 0 |
| ਕੁੱਲ | | 174 | 219 | 284 | 205 | 93 |

(ੲ) ਪੰਜਾਬ ਸਰਕਾਰ ਪ੍ਰਭਾਵਿਤ ਇਲਾਕਿਆਂ ਵਿੱਚ ਸ਼ੁੱਧ ਪੀਣਯੋਗ ਪਾਣੀ ਮੁਹੱਈਆ ਕਰਵਾਉਣ ਲਈ ਹੇਠ ਲਿਖੇ ਉਪਰਾਲੇ ਕਰ ਰਹੀ ਹੈ :

1. ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਪਾਣੀ ਨੂੰ ਸ਼ੁੱਧ ਕਰਨ ਲਈ ਹੁਣ ਤੱਕ 2305 ਆਰ.ਓ. ਪਲਾਂਟਸ ਲਗਾਏ ਜਾ ਚੁੱਕੇ ਹਨ ਅਤੇ ਇਸ ਸਾਲ 153 ਹੋਰ ਆਰ.ਓ. ਪਲਾਂਟ ਨਬਾਰਡ 22 ਅਧੀਨ ਉਨ੍ਹਾਂ ਪਿੰਡਾਂ ਵਿੱਚ ਲਗਾਏ ਜਾਣਗੇ ਜਿਨ੍ਹਾਂ ਦਾ ਜ਼ਮੀਨੀ ਪਾਣੀ ਭਾਰੀ ਧਾਤਾਂ ਨਾਲ ਪ੍ਰਭਾਵਿਤ ਹੈ ।

[ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ]

2. ਆਰਸੈਨਿਕ ਨਾਲ ਪ੍ਰਭਾਵਿਤ ਪਿੰਡਾਂ ਵਿੱਚ 43 ਟਰੀਟਮੈਂਟ ਪਲਾਂਟ ਉਸਾਰੇ ਜਾ ਚੁੱਕੇ ਹਨ ਅਤੇ 84 ਹੋਰ ਪਲਾਂਟਸ ਇਸ ਸਾਲ ਵਿੱਚ ਹੀ ਮੁਕੰਮਲ ਹੋ ਜਾਣਗੇ ।
3. ਬਹੁਤ ਜ਼ਿਆਦਾ ਫਲੋਰਾਈਡ ਨਾਲ ਪ੍ਰਭਾਵਿਤ ਇਲਾਕਿਆਂ ਰਾਜਪੁਰਾ ਅਤੇ ਫਤਿਹਗੜ੍ਹ ਸਾਹਿਬ ਵਿਖੇ 64 ਆਰ.ਓ. ਸਿਸਟਮ ਲਗਾਉਣ ਦਾ ਕੰਮ ਚੱਲ ਰਿਹਾ ਹੈ ।
4. ਧਰਤੀ ਹੇਠਲੇ ਪਾਣੀ ਵਿੱਚ ਵਧਦੇ ਹੋਏ ਹਾਨੀਕਾਰਕ ਤੱਕ ਜਿਵੇਂ ਯੂਰੇਨੀਅਮ, ਫਲੋਰਾਈਡ, ਆਰਸੈਨਿਕ, ਆਇਰਨ ਵਾਲੇ ਇਲਾਕਿਆਂ ਲਈ ਪੰਜਾਬ ਸਰਕਾਰ ਨੇ ਜ਼ਮੀਨੀ ਪਾਣੀ ਤੋਂ ਨਹਿਰੀ ਪਾਣੀ ਤੇ ਆਧਾਰਿਤ 820 ਪਿੰਡਾਂ ਲਈ 722 ਕਰੋੜ ਰੁਪਏ ਦਾ ਪ੍ਰਾਜੈਕਟ ਅਪਰੂਵ ਕਰ ਦਿੱਤਾ ਹੈ। ਇਸ ਪ੍ਰਾਜੈਕਟ ਅਧੀਨ ਮੋਗਾ ਦੇ 85 ਪਿੰਡ ਅਤੇ ਰੂਪਨਗਰ ਦੇ 45 ਪਿੰਡਾਂ ਦੇ ਪ੍ਰਾਜੈਕਟਾਂ ਨੂੰ 2018 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ ਅਤੇ ਬਾਕੀ ਦੇ ਰਹਿੰਦੇ ਪ੍ਰਾਜੈਕਟ 2021 ਤੱਕ ਮੁਕੰਮਲ ਕੀਤੇ ਜਾਣਗੇ।

------------

## ਟਰੈਫਿਕ ਸਮੱਸਿਆ ਨੂੰ ਹੱਲ ਕਰਨ ਲਈ ਸਟੈਂਡਰਡ ਪ੍ਰੋਟੋਕੋਲ ਲਾਗੂ ਕਰਨ ਬਾਰੇ

158. **ਸਰਦਾਰ ਕੁਲਤਾਰ ਸਿੰਘ ਸੰਧਵਾਂ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਨਿਯੁਕਤ ਕੀਤੇ ਗਏ ਟਰੈਫਿਕ ਐਡਵਾਈਜ਼ਰ ਵੱਲੋਂ ਟਰੈਫਿਕ ਸਮੱਸਿਆ ਨੂੰ ਹੱਲ ਕਰਨ ਲਈ ਕਰੀਬ ਦੋ ਸਾਲ ਪਹਿਲਾਂ ਸਟੈਂਡਰਡ ਪ੍ਰੋਟੋਕੋਲ ਤਿਆਰ ਕਰਕੇ ਪੰਜਾਬ ਸਰਕਾਰ ਨੂੰ ਲਾਗੂ ਕਰਨ ਲਈ ਕਿਹਾ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਇਸ ਸਟੈਂਡਰਡ ਪ੍ਰੋਟੋਕੋਲ ਦੀ ਕਾਪੀ ਦਿੱਤੀ ਜਾਵੇ;

(ੲ) ਪੰਜਾਬ ਸਰਕਾਰ ਵੱਲੋਂ ਦੋ ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਇਸ ਸਟੈਂਡਰਡ ਪ੍ਰੋਟੋਕੋਲ ਤੇ ਕੋਈ ਕਾਰਵਾਈ ਨਾ ਕਰਨ ਦੇ ਕੀ ਕਾਰਨ ਹਨ ਅਤੇ ਇਸ ਦੇ ਲਈ ਕਿਹੜਾ ਅਧਿਕਾਰੀ ਜ਼ੁੰਮੇਵਾਰ ਹੈ?

**ਕੈਪਟਨ ਅਮਰਿੰਦਰ ਸਿੰਘ** : (ੳ) ਸ਼੍ਰੀ ਨਵਦੀਪ ਅਸੀਜਾ, ਟਰੈਫਿਕ ਐਡਵਾਈਜ਼ਰ, ਪੰਜਾਬ ਵੱਲੋਂ ਧੁੰਦ ਦੇ ਮੌਸਮ ਵਿੱਚ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ 10-ਨੁਕਾਤੀ ਐਡਵਾਈਜ਼ਰੀ ਨੋਟ ਨਵੰਬਰ, 2015 ਵਿੱਚ ਰਾਜ ਸਰਕਾਰ ਅਤੇ ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਦੇ ਦਫਤਰ ਨੂੰ ਭੇਜਿਆ ਗਿਆ ਸੀ ।

(ਅ) ਇਹ ਕੋਈ ਸਟੈਂਡਰਡ ਪ੍ਰੋਟੋਕੋਲ ਨਹੀਂ, ਬਲਕਿ ਐਡਵਾਈਜ਼ਰੀ ਨੋਟ ਸੀ, ਜਿਸ ਦੀ ਕਾਪੀ ਨਾਲ ਨੱਥੀ* ਹੈ।

(ੲ) ਐਡਵਾਈਜ਼ਰੀ ਨੋਟ ਦੇ ਅਨੁਸਾਰ ਪੁਲਿਸ ਵਿਭਾਗ ਵੱਲੋਂ ਉਨ੍ਹਾਂ ਨਾਲ ਸੰਬੰਧਿਤ ਨੁਕਤਿਆਂ ਤੇ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ ਅਤੇ ਰਾਜ ਵਿੱਚ ਸੜਕ ਦੁਰਘਟਨਾਵਾਂ ਘਟਾਉਣ ਲਈ ਕਾਰਵਾਈ ਜਾਰੀ ਹੈ । ਦਸੰਬਰ, 2016 ਤੋਂ ਜਨਵਰੀ, 2017 ਤੱਕ

* Placed in Revisor's branch.

ਧੁੰਦ ਦੇ ਮੌਸਮ ਦੌਰਾਨ ਸੜਕ ਦੁਰਘਟਨਾਵਾਂ ਵਿੱਚ 700 ਵਿਅਕਤੀਆਂ ਦੀ ਮੌਤ ਹੋਈ ਸੀ ਜਦੋਂ ਕਿ ਇਸ ਦੀ ਤੁਲਨਾ ਵਿੱਚ ਦਸੰਬਰ, 2015 ਤੋਂ ਜਨਵਰੀ, 2016 ਤੱਕ ਧੁੰਦ ਕਾਰਨ ਹੋਈਆਂ ਸੜਕ ਦੁਰਘਟਨਾਵਾਂ ਵਿੱਚ ਮਾਰੇ ਗਏ ਵਿਅਕਤੀਆਂ ਦੀ ਗਿਣਤੀ 835 ਸੀ ।

ਇਸ ਤੋਂ ਇਲਾਵਾ, ਸਾਲ 2017 ਵਿੱਚ ਸੜਕ ਦੁਰਘਟਨਾਵਾਂ ਵਿੱਚ 4278 ਵਿਅਕਤੀਆਂ ਦੀ ਮੌਤ ਹੋਈ ਸੀ ਜਦੋਂ ਕਿ ਸਾਲ 2016 ਦੌਰਾਨ ਸੜਕੀ ਦੁਰਘਟਨਾਵਾਂ ਵਿੱਚ 5077 ਵਿਅਕਤੀ ਮਾਰੇ ਗਏ ਸਨ। ਇਸ ਤਰ੍ਹਾਂ ਸੜਕ ਦੁਰਘਟਨਾ ਦੌਰਾਨ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ ਵਿੱਚ 15.7 ਪ੍ਰਤੀਸ਼ਤ ਕਮੀ ਆਈ ਹੈ, ਜਿਹੜੀ ਕਿ ਦੂਜੇ ਰਾਜਾਂ ਦੇ ਮੁਕਾਬਲੇ ਸਭ ਤੋਂ ਵੱਧ ਹੈ ।

ਸਾਰੇ ਸੰਬੰਧਿਤ ਵਿਭਾਗਾਂ ਨੂੰ ਐਡਵਾਈਜ਼ਰੀ ਨੋਟ ਦੀ ਲਗਾਤਾਰ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਉਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ।

-----------

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 190***

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

-----------

## ਜ਼ੀਰਾ ਵਿੱਚ ਪੈਂਦੇ ਪਿੰਡਾਂ ਤੋਂ ਬਾਹਰ ਹਵੇਲੀਆਂ ਤੱਕ ਦੇ ਕੱਚੇ ਰਸਤਿਆਂ ਨੂੰ ਪੱਕਾ ਕਰਨਾ

191. **ਸਰਦਾਰ ਕੁਲਬੀਰ ਸਿੰਘ ਜ਼ੀਰਾ** : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

ੳ) ਵਿਧਾਨ ਸਭਾ ਹਲਕਾ ਜ਼ੀਰਾ ਵਿੱਚ ਪੈਂਦੇ ਪਿੰਡਾਂ ਤੋਂ ਬਾਹਰ ਹਵੇਲੀਆਂ ਤੱਕ ਕੁੱਲ ਕਿੰਨੇ ਕੱਚੇ ਰਸਤੇ ਹਨ;

ਅ) ਇਨ੍ਹਾਂ ਵਿੱਚੋਂ ਕਿੰਨੇ ਪੱਕੇ ਕਰ ਦਿੱਤੇ ਗਏ ਹਨ ਅਤੇ ਬਾਕੀ ਰਹਿੰਦੇ ਕੱਚੇ ਰਸਤੇ ਕਦੋਂ ਤੱਕ ਪੱਕੇ ਕਰ ਦਿੱਤੇ ਜਾਣਗੇ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ** : ਸ਼੍ਰੀਮਾਨ ਜੀ, (ੳ) ਵਿਧਾਨ ਸਭਾ ਹਲਕਾ ਜ਼ੀਰਾ ਅਧੀਨ ਪੈਂਦੇ ਪਿੰਡਾਂ ਵਿੱਚ, ਪਿੰਡਾਂ ਤੋਂ ਬਾਹਰ ਹਵੇਲੀਆਂ ਤੱਕ ਕੁੱਲ 1180 ਰਸਤੇ ਹਨ।

(ਅ) ਇਨ੍ਹਾਂ 1180 ਰਸਤਿਆਂ ਵਿਚੋਂ 891 ਰਸਤੇ ਪੱਕੇ ਕਰ ਦਿੱਤੇ ਗਏ ਹਨ ਅਤੇ ਬਾਕੀ ਰਹਿੰਦੇ ਰਸਤਿਆਂ ਨੂੰ ਪੱਕੇ ਕਰਨ ਦੀ ਹਾਲ ਦੀ ਘੜੀ ਕੋਈ ਤਜਵੀਜ਼ ਨਹੀਂ ਹੈ।

-------------

## ਸ਼ਰਾਬ ਦੇ ਠੇਕਿਆਂ ਤੋਂ ਹੋਈ ਆਮਦਨ ਦਾ ਵੇਰਵਾ

192. **ਸਰਦਾਰ ਕੁਲਬੀਰ ਸਿੰਘ ਜ਼ੀਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ 10 ਸਾਲਾਂ ਵਿੱਚ ਸ਼ਰਾਬ ਦੇ ਠੇਕਿਆਂ ਤੋਂ ਕਿੰਨੀ ਆਮਦਨ ਹੋਈ ਹੈ ਅਤੇ ਇਸ ਵਿੱਚੋਂ ਕਿੰਨੀ ਰਾਸ਼ੀ ਐਜੂਕੇਸ਼ਨ ਸੈੱਸ ਦੇ ਤੌਰ ਤੇ ਸਿੱਖਿਆ ਵਿਭਾਗ ਨੂੰ ਦਿੱਤੀ ਗਈ ਹੈ ਅਤੇ ਇਹ ਰਾਸ਼ੀ ਕਿਸ ਮੰਤਵ ਲਈ ਵਰਤੀ ਗਈ ਹੈ?

*Unstarred Question No. 190 and reply thereto please see Appendix to this Debate.

**ਕੈਪਟਨ ਅਮਰਿੰਦਰ ਸਿੰਘ :** ਪਿਛਲੇ 10 ਸਾਲਾਂ ਦੌਰਾਨ ਆਬਕਾਰੀ ਮਾਲੀਏ ਅਤੇ ਐਜੂਕੇਸ਼ਨ ਸੈੱਸ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸਾਲ | ਆਬਕਾਰੀ ਮਾਲੀਏ ਦੀ ਡਿਟੇਲ (ਰਕਮ ਕਰੋੜਾਂ ਵਿੱਚ) | ਐਜੂਕੇਸ਼ਨ ਸੈੱਸ ਦੀ ਡਿਟੇਲ (ਰਕਮ ਕਰੋੜਾਂ ਵਿੱਚ) |
|---|---|---|---|
| 1. | 2007-2008 | 1860.99 | 33.28 |
| 2. | 2008 -09 | 1810.72 | 39.80 |
| 3. | 2009-10 | 2100.57 | 64.28 |
| 4. | 2010-11 | 2372.02 | 72.86 |
| 5. | 2011-12 | 2755.01 | 71.30 |
| 6. | 2012-13 | 3324.22 | 70.31 |
| 7. | 2013-14 | 3758.75 | 81.29 |
| 8. | 2014-15 | 4250.88 | 93.81 |
| 9. | 2015-16 | 4796.80 | 99.72 |
| 10. | 2016-17 | 4405.73 | 101.61 |
| 11. | 2017-18 | 4305.24<br>ਜਨਵਰੀ, 2018 ਤੱਕ | ਨਿੱਲ |

ਜਿਨ੍ਹਾਂ ਮੰਤਵਾਂ ਵਾਸਤੇ ਐਜੂਕੇਸ਼ਨ ਸੈੱਸ ਦੀ ਰਕਮ ਦੀ ਵਰਤੋਂ ਕੀਤੀ ਗਈ ਹੈ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| **ਲੜੀ ਨੰ:** | **ਸਕੂਲ/ਸੰਸਥਾ ਦਾ ਵੇਰਵਾ** | **ਰਾਸ਼ੀ (ਕਰੋੜਾਂ ਵਿੱਚ)** |
|---|---|---|
| 1 | ਆਦਰਸ਼ ਸਕੂਲਾਂ ਦੇ ਕੰਮ ਕਾਜੀ ਖਰਚਿਆਂ ਲਈ ਜਾਰੀ ਕੀਤੀ ਗਈ ਰਾਸ਼ੀ | 144.13 |
| 2 | ਆਦਰਸ਼ ਸਕੂਲਾਂ ਦੇ ਪੂੰਜੀਗਤ ਖਰਚਿਆਂ ਲਈ ਜਾਰੀ ਕੀਤੀ ਗਈ ਰਾਸ਼ੀ | 78.88 |
| 3 | ਮੈਰੀਟੋਰੀਅਸ ਸਕੂਲਾਂ ਦੇ ਕੰਮ ਕਾਜੀ ਖਰਚਿਆਂ ਲਈ ਜਾਰੀ ਕੀਤੀ ਗਈ ਰਾਸ਼ੀ | 161.26 |
| 4 | ਵੱਖ-ਵੱਖ ਸੰਸਥਾਵਾਂ ਨੂੰ ਜਾਰੀ ਕੀਤੀ ਗਈ ਰਾਸ਼ੀ। | 491.73 |
| | **ਕੁੱਲ ਰਾਸ਼ੀ** | **876.00** |

-------------

## ਪੁਲਿਸ ਕਾਂਸਟੇਬਲ ਤੋਂ ਇੰਸਪੈਕਟਰ ਰੈਂਕ ਤੱਕ ਮਿਲਣਯੋਗ ਰਾਸ਼ਨ ਭੱਤੇ ਦਾ ਵੇਰਵਾ

193. **ਸਰਦਾਰ ਕੁਲਬੀਰ ਸਿੰਘ ਜ਼ੀਰਾ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਸਾਲ 1990 ਤੋਂ ਹੁਣ ਤੱਕ ਪੁਲਿਸ ਕਾਂਸਟੇਬਲ ਤੋਂ ਲੈ ਕੇ ਇੰਸਪੈਕਟਰ ਰੈਂਕ ਤੱਕ ਕੈਟਾਗਰੀ ਵਾਈਜ਼ ਪ੍ਰਤੀ ਮਹੀਨਾ ਕਿੰਨਾ ਰਾਸ਼ਨ ਭੱਤਾ ਮਿਲਦਾ ਹੈ;

(ਅ) ਕੀ ਸਰਕਾਰ ਦੀ ਇਹ ਭੱਤਾ ਵਧਾਉਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਹੈ;

(ੲ) ਜੇਕਰ ਉਪ੍ਰੋਕਤ (ਅ) ਦਾ ਜਵਾਬ ਹਾਂ ਵਿੱਚ ਹੈ ਤਾਂ ਇਹ ਭੱਤਾ ਕਿੰਨੇ ਰੁਪਏ ਪ੍ਰਤੀ ਮਹੀਨਾ ਵਧਾਉਣ ਦਾ ਵਿਚਾਰ ਹੈ?

**ਕੈਪਟਨ ਅਮਰਿੰਦਰ ਸਿੰਘ :** (ੳ) ਸਰਕਾਰ ਵੱਲੋਂ ਪੱਤਰ ਮਿਤੀ 03.10.1989 ਰਾਹੀਂ ਪੰਜਾਬ ਆਰਮਡ ਪੁਲਿਸ ਫੋਰਸਿਜ਼ ਨੂੰ ਮਿਤੀ 01.09.1989 ਤੋਂ ਹੇਠ ਦਰਸਾਏ ਰੇਟਾਂ ਤੇ ਰਾਸ਼ਨ ਭੱਤਾ ਮਨਜ਼ੂਰ ਕੀਤਾ ਗਿਆ ਸੀ:-

| **ਪੰਜਾਬ ਪੁਲਿਸ ਦੇ ਵਿੰਗ ਦਾ ਨਾਮ** | **ਰਾਸ਼ੀ ਰੁਪਏ ਵਿੱਚ** |
|---|---|
| **ਪੰਜਾਬ ਆਰਮਡ ਪੁਲਿਸ** | |
| ਕਾਂਸਟੇਬਲ ਤੋਂ ਇੰਸਪੈਕਟਰ ਰੈਂਕ ਤੱਕ | 100/- ਰੁਪਏ ਪ੍ਰਤੀ ਮਹੀਨਾ |

ਇਸ ਉਪਰੰਤ ਸਰਕਾਰ ਵੱਲੋਂ ਪੱਤਰ ਮਿਤੀ 28.11.1991 ਰਾਹੀਂ ਜ਼ਿਲ੍ਹਾ ਪੁਲਿਸ ਫੋਰਸ ਨੂੰ ਰਾਸ਼ਨ ਭੱਤਾ ਮਨਜ਼ੂਰ ਕੀਤਾ ਗਿਆ ਸੀ ਅਤੇ ਪੰਜਾਬ ਆਰਮਡ ਪੁਲਿਸ ਦੇ ਰਾਸ਼ਨ ਭੱਤੇ ਦੇ ਰੇਟ ਰਿਵਾਈਜ਼ ਕੀਤੇ ਗਏ ਸਨ। ਇਸ ਅਨੁਸਾਰ ਮਿਤੀ 01.11.1991 ਤੋਂ ਪੰਜਾਬ ਆਰਮਡ ਪੁਲਿਸ ਅਤੇ ਜ਼ਿਲ੍ਹਾ ਪੁਲਿਸ ਫੋਰਸਿਜ਼ ਨੂੰ ਹੁਣ ਤੱਕ ਹੇਠ ਦਰਸਾਏ ਰੇਟਾਂ ਅਨੁਸਾਰ ਅਦਾਇਗੀ ਕੀਤੀ ਜਾ ਰਹੀ ਹੈ:

| **ਪੰਜਾਬ ਪੁਲਿਸ ਦੇ ਵਿੰਗ ਦਾ ਨਾਮ** | **ਰਾਸ਼ੀ ਰੁਪਏ ਵਿੱਚ** |
|---|---|
| **ਪੰਜਾਬ ਆਰਮਡ ਪੁਲਿਸ** | |
| ਸਿਪਾਹੀ ਤੋਂ ਇੰਸਪੈਕਟਰ ਰੈਂਕ ਤੱਕ | 150/- ਰੁਪਏ ਪ੍ਰਤੀ ਮਹੀਨਾ |
| **ਜ਼ਿਲ੍ਹਾ ਪੁਲਿਸ** | |
| ਸਿਪਾਹੀ ਤੋਂ ਇੰਸਪੈਕਟਰ ਰੈਂਕ ਤੱਕ | 100/- ਰੁਪਏ ਪ੍ਰਤੀ ਮਹੀਨਾ |

ਸਰਕਾਰ ਵੱਲੋਂ ਪੱਤਰ ਮਿਤੀ 15.09.1992 ਰਾਹੀਂ ਕਮਾਂਡੋ ਪੁਲਿਸ ਫੋਰਸ ਨੂੰ ਰਾਸ਼ਟਰੀ ਸੁਰੱਖਿਆ ਗਾਰਡ ਦੇ ਪੈਟਰਨ ਤੇ ਰਾਸ਼ਨ ਭੱਤਾ ਹੇਠ ਦਰਸਾਏ ਰੇਟ ਤੇ ਮਨਜ਼ੂਰ ਕੀਤਾ ਗਿਆ ਸੀ:-

| **ਪੰਜਾਬ ਪੁਲਿਸ ਦੇ ਵਿੰਗ ਦਾ ਨਾਮ** | **ਰਾਸ਼ੀ ਰੁਪਏ ਵਿੱਚ** |
|---|---|
| **ਕਮਾਂਡੋ ਪੁਲਿਸ ਫੋਰਸ** | |
| ਸਿਪਾਹੀ ਤੋਂ ਇੰਸਪੈਕਟਰ ਰੈਂਕ ਤੱਕ | 11.85/- ਰੁਪਏ ਪ੍ਰਤੀ ਦਿਨ<br>(356/- ਰੁਪਏ ਪ੍ਰਤੀ ਮਹੀਨਾ) |

[ਮੁੱਖ ਮੰਤਰੀ]

ਇਸ ਉਪਰੰਤ ਸਰਕਾਰ ਵੱਲੋਂ ਪੱਤਰ ਮਿਤੀ 23.04.2002 ਰਾਹੀਂ ਕਮਾਡੋਂ ਪੁਲਿਸ ਫੋਰਸ ਨੂੰ ਰਾਸ਼ਟਰੀ ਸੁਰੱਖਿਆ ਗਾਰਡ ਦੇ ਪੈਟਰਨ ਤੇ ਰਾਸ਼ਨ ਭੱਤੇ ਦੇ ਰੇਟ ਰਿਵਾਇਜ਼ ਕੀਤੇ ਗਏ ਸਨ। ਜਿਸ ਅਨੁਸਾਰ ਮਿਤੀ 01.04.2001 ਤੋਂ ਹੁਣ ਤੱਕ ਕਮਾਂਡੋ ਪੁਲਿਸ ਫੋਰਸ ਨੂੰ ਹੁਣ ਤੱਕ ਹੇਠ ਦਰਸਾਏ ਰੇਟਾਂ ਅਨੁਸਾਰ ਅਦਾਇਗੀ ਕੀਤੀ ਜਾ ਰਹੀ ਹੈ:-

| **ਪੰਜਾਬ ਪੁਲਿਸ ਦੇ ਵਿੰਗ ਦਾ ਨਾਮ** | **ਰਾਸ਼ੀ ਰੁਪਏ ਵਿੱਚ** |
|---|---|
| **ਕਮਾਂਡੋ ਪੁਲਿਸ ਫੋਰਸ**<br>ਸਿਪਾਹੀ ਤੋਂ ਇੰਸਪੈਕਟਰ ਰੈਂਕ ਤੱਕ | 25.75/-ਰੁਪਏ ਪ੍ਰਤੀ ਦਿਨ<br>(773/- ਰੁਪਏ ਪ੍ਰਤੀ ਮਾਹ ਲਗਭਗ) |

(ਅ) ਨਹੀਂ ਜੀ;

(ੲ) ਸਵਾਲ ਪੈਦਾ ਹੀ ਨਹੀਂ ਹੁੰਦਾ ਹੈ ਜੀ।

-------------

## PRESENTATION OF BUDGET ESTIMATES FOR THE YEAR 2018-19

**ਮਾਨਯੋਗ ਸਪੀਕਰ:** ਸਾਲ 2018-19 ਲਈ ਬਜਟ ਅਨੁਮਾਨ ਪੇਸ਼ ਕਰਨਾ।ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਸਾਲ 2018-19 ਲਈ ਬਜਟ ਅਨੁਮਾਨ ਪੇਸ਼ ਕਰਨ। (ਥੰਪਿੰਗ)

**ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** :ਜਨਾਬ ਸਪੀਕਰ ਸਾਹਿਬ, ਮੇਰੇ ਲਈ ਅੱਜ ਖੁਸ਼ੀ ਅਤੇ ਮਸੱਰਤ ਦਾ ਮੁਕਾਮ ਹੈ ਕਿ ਮੈਂ ਕਾਬਲੇ ਕਦਰ ਕੈਪਟਨ ਅਮਰਿੰਦਰ ਸਿੰਘ ਸਾਹਿਬ ਦੀ ਕਿਆਦਤ ਵਾਲੀ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਰਕਾਰ ਦਾ ਦੂਸਰਾ ਬਜਟ ਪੇਸ਼ ਕਰਨ ਜਾ ਰਿਹਾ ਹਾਂ। ਮੈਨੂੰ ਖੁਸ਼ੀ ਹੈ ਕਿ ਗੁਜਿਸ਼ਤਾ ਬਜਟ ਵਿੱਚ ਜੋ ਇਰਾਦੇ, ਮਨਸੂਬੇ ਬਣਾਏ ਸਨ, ਉਹਨਾਂ ਨੂੰ ਪੂਰਾ ਕਰਨ ਵਿੱਚ ਬਹੁਤ ਹੱਦ ਤੱਕ ਕਾਮਯਾਬੀ ਹਾਸਲ ਹੋਈ ਹੈ। ਕਿਸੇ ਵੀ ਹਾਲਾਤ ਵਿੱਚ ਸੰਤੁਸ਼ਟ ਹੋ ਕੇ ਬੈਠ ਜਾਣਾ ਜ਼ਿੰਦਾ ਕੌਮਾਂ ਦੀ ਆਦਤ ਨਹੀਂ ਹੁੰਦੀ। ਪੰਜਾਬ ਦੀ ਤਰੱਕੀ ਦੇ ਬਹੁਤ ਸਾਰੇ ਮੈਦਾਨ ਸਾਡੇ ਕਦਮਾਂ ਦੇ ਮੁਨਤਜ਼ਿਰ (ਇੰਤਜ਼ਾਰ ਕਰ ਰਹੇ) ਹਨ। ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਪ੍ਰਮਾਤਮਾ ਦੀ ਮਦਦ ਦਾ ਤਲਬਗਾਰ ਹਾਂ।

2. ਸਾਰੀਆਂ ਅੱਖਾਂ ਅਤੇ ਸਾਰੇ ਸਮੇਂ ਲਈ, ਪੰਜਾਬ ਦੇਸ਼ ਲਈ ਆਸ, ਉਮੀਦ ਅਤੇ ਤਾਕਤ ਦਾ ਚਾਨਣ-ਮੁਨਾਰਾ ਰਿਹਾ ਹੈ। ਇਸ ਨੂੰ ਮੇਰੇ ਤੋਂ ਜਾਂ ਕਿਸੇ ਹੋਰ ਇਨਸਾਨ ਤੋਂ ਕੋਈ ਸੰਨਦ ਜਾਂ ਸਬੂਤ ਲੈਣ ਦੀ ਜ਼ਰੂਰਤ ਨਹੀਂ। ਪੰਜਾਬ ਨੇ ਆਪਣਾ ਇਤਿਹਾਸ ਖੁਦ ਲਾਲ ਰੰਗ ਵਿੱਚ ਲਿਖਿਆ ਹੈ। ਇਸ ਦੇ ਸ਼ਹੀਦ ਬੇਟੇ ਅਤੇ ਬੇਟੀਆਂ ਦਾ ਖੂਨ ਇਸ ਦੀ ਮਿੱਟੀ ਵਿੱਚ ਸ਼ਾਮਲ ਹੈ। ਦੁਨੀਆ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਪੰਜਾਬ ਵਰਗੇ ਹੌਂਸਲੇ ਦੀ ਮਿਸਾਲ ਕਿਤੇ ਨਹੀਂ ਮਿਲਦੀ।

3. ਮੁੱਢ ਕਦੀਮ ਤੋਂ ਪੰਜਾਬ ਫੌਜੀਆਂ ਦੀ ਧਰਤੀ ਹੈ। ਇੱਕ ਸਿਪਾਹੀ ਦੀ ਸਿਖਲਾਈ ਦਾ ਸਭ ਤੋਂ ਵੱਡਾ ਅਭਿਆਸ ਹੈ – ਬਲੀਦਾਨ ਦੇਣਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ, **"ਬ-ਖੁਦ ਸਾਬਕਾ ਫੌਜੀ"** ਦੇ ਰੂਪ ਵਿੱਚ ਸਾਨੂੰ ਵਧੀਆ ਲੀਡਰਸ਼ਿਪ ਹਾਸਲ ਹੈ। ਇਤਿਹਾਸ ਗਵਾਹ ਹੈ ਕਿ ਪਿਛਲੇ ਸਮੇਂ ਵਿੱਚ ਵੀ ਕੁਰਬਾਨੀ ਦੇਣ ਤੋਂ ਗੁਰੇਜ਼ ਨਹੀਂ ਕੀਤਾ ਅਤੇ ਉਨ੍ਹਾਂ ਦੀ ਸਰਕਾਰ ਉਨ੍ਹਾਂ ਏਜੰਡਿਆਂ ਤੇ ਭਟਕਣ ਦਾ ਇਰਾਦਾ ਨਹੀਂ ਰੱਖਦੀ ਜੋ ਅਸੀਂ ਤਹਿ ਕੀਤੇ ਹਨ।

4. ਪੰਜ ਦਰਿਆਵਾਂ ਦੀ ਧਰਤੀ ਤੇ ਇਹ ਪਰਛਾਵਾਂ ਆਰਜ਼ੀ ਹੈ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਸਾਨੂੰ ਸਾਡੇ ਸਿਵਾ ਦੁਨੀਆ ਦੀ ਕੋਈ ਤਾਕਤ ਹਰਾ ਨਹੀਂ ਸਕਦੀ। ਮੈਂ ਹਮੇਸ਼ਾ ਕਿਹਾ ਹੈ ਅਤੇ ਅੱਜ ਫਿਰ ਦੁਹਰਾਅ ਰਿਹਾ ਹਾਂ ਕਿ ਪੰਜਾਬੀ ਅਤੇ ਮਾਯੂਸੀ, ਪੰਜਾਬੀ ਅਤੇ ਬੁਜ਼ਦਿਲੀ, ਇਹ ਦੋ ਲਫਜ਼ ਇੱਕੋ ਸਾਹ ਵਿੱਚ ਜਮ੍ਹਾਂ ਨਹੀਂ ਹੋ ਸਕਦੇ। ਉਹ ਸਾਡੇ ਹੀ ਬਜ਼ੁਰਗ ਸਨ, ਜਿਨ੍ਹਾਂ ਨੇ ਸਿਕੰਦਰੇ ਆਜ਼ਮ ਦੀਆਂ ਫੌਜਾਂ ਦੇ ਮੂੰਹ ਮੋੜ ਦਿੱਤੇ। ਖੈਬਰ ਦੇ ਪਹਾੜ ਦੀਆਂ ਛਾਤੀਆਂ ਨੂੰ ਫਤਿਹ ਕੀਤਾ। ਬਿਜਲੀਆਂ ਕੜਕੀਆਂ ਤਾਂ ਮੁਸਕਰਾ ਕੇ ਜਵਾਬ ਦਿੱਤਾ, ਹਨ੍ਹੇਰੀਆਂ ਉਠੀਆਂ ਤਾਂ ਉਨ੍ਹਾਂ ਨੂੰ ਕਿਹਾ ਕਿ ਤੁਹਾਡਾ ਰਸਤਾ ਇਹ ਨਹੀਂ ਹੈ। ਪੰਜਾਬ ਦੀ ਮਿੱਟੀ ਨੇ ਹਮੇਸ਼ਾ ਦੂਰ ਅੰਦੇਸ਼ੀ, ਦਿਆਨਤਦਾਰੀ ਅਤੇ ਹੌਸਲੇ ਦੀਆਂ ਤਵਾਰੀਖ਼ੀ ਖੂਬੀਆਂ ਆਪਣੇ ਬੇਟੇ ਅਤੇ ਬੇਟੀਆਂ ਵਿੱਚ ਪੈਦਾ ਕੀਤੀਆਂ ਅਤੇ ਇਹ ਖੂਬੀਆਂ ਪ੍ਰਮਾਤਮਾ ਦੀ ਨੁਸਰਤ ਅਤੇ ਮਦਦ ਨਾਲ ਮਿਲਦੀਆਂ ਹਨ। ਇਹ ਖੂਬੀਆਂ ਹੱਟੀਆਂ ਤੋਂ ਨਹੀਂ ਖਰੀਦੀਆਂ ਜਾ ਸਕਦੀਆਂ। ਇਹ ਤਾਂ ਦਿਲ ਦੀ ਦੁਕਾਨ ਅਤੇ ਚੰਗੇ ਅਮਲਾਂ ਨਾਲ ਹੀ ਮਿਲ ਸਕਦੀਆਂ ਹਨ। ਅੱਜ ਅਸੀਂ ਦੇਸ਼ ਦੀ ਤਰੱਕੀ ਦਾ ਇੱਕ ਦੌਰ ਮੁਕੰਮਲ ਕਰ ਚੁੱਕੇ ਹਾਂ। ਭਾਰਤ ਦੀ ਤਰੱਕੀ ਦੇ ਕੁਝ ਸਫੇ ਅਜੇ ਵੀ ਖਾਲੀ ਪਏ ਹਨ। ਅਸੀਂ ਉਹਨਾਂ ਸਫ਼ਿਆਂ ਦੀ ਰੌਣਕ ਬਣ ਸਕਦੇ ਹਾਂ ਬਸ਼ਰਤੇ ਅਸੀਂ ਉਨ੍ਹਾਂ ਲਈ ਤਿਆਰ ਹੋ ਜਾਈਏ।

ਆਲੀ ਜਨਾਬ ਸਪੀਕਰ ਸਾਹਿਬ,

5. ਅੱਜ ਮੇਰੇ ਜ਼ਿਹਨ ਵਿੱਚ ਭਾਰਤੀ ਉਪ ਮਹਾਂਦੀਪ ਦੇ ਮਹਾਨ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਦੇ ਬਹੁਤ ਹੀ ਖੂਬਸੂਰਤ ਸ਼ਬਦ ਯਾਦ ਆ ਰਹੇ ਹਨ :

ਸਬਾ ਨੇ ਫਿਰ ਦਰ-ਏ-ਜੰਦਾਨ ਪੇ ਆ ਕੇ ਦਸਤਕ ਦੀ,
ਸਹਿਰ ਕਰੀਬ ਹੈ, ਦਿਲ ਸੇ ਕਹੋ, ਨਾ ਘਬਰਾਏ।

6. ਮੈਂ ਅੱਜ ਸੂਬੇ ਦੇ ਮਾਲੀ ਹਾਲਾਤ ਦੇ ਕੁਝ ਮੁੱਦਿਆਂ ਤੇ ਹੀ ਆਪ ਦਾ ਰੁਝਾਨ ਦਿਵਾਉਣਾ ਚਾਹੁੰਦਾ ਹਾਂ। ਬਜਟ ਦੀ ਤਫਸੀਲਾਤ, ਜਨਾਬ ਫਾਈਨੈਂਸ ਸੈਕਟਰੀ ਵੱਲੋਂ, ਮੈਮੋਰੰਡਮ ਵਿੱਚ ਖਸੂਸੀ ਤਵੱਜੋ ਨਾਲ ਪੇਸ਼ ਕੀਤੀ ਗਈ ਹੈ। ਮੇਰੀ ਕੋਸ਼ਿਸ਼ ਹੈ ਕਿ ਤਫਸੀਲਾਤ ਦੀਆਂ ਪੇਚੀਦਗੀਆਂ ਤੋਂ ਬਗੈਰ ਮੈਂਬਰ ਸਾਹਿਬਾਨ ਸਾਹਮਣੇ ਮਾਲੀ ਹਾਲਾਤ ਦੀ ਸਹੀ ਅਤੇ ਸਾਫ਼ ਤਸਵੀਰ ਪੇਸ਼ ਕਰ ਸਕਾਂ।

7. ਮੈਂ ਇਸ ਅਜ਼ੀਮ ਸਦਨ ਨੂੰ ਇਹ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਜਦੋਂ ਸਾਡੀ ਸਰਕਾਰ ਨੇ ਆਪਣਾ ਕਾਰਜਭਾਰ ਸੰਭਾਲਿਆ ਤਾਂ ਰਾਜ ਦਾ ਖਜ਼ਾਨਾ ਬੰਦ ਹੋਣ ਦੇ ਨਾਲ-ਨਾਲ ਭਾਰੀ ਵਿੱਤੀ ਸੰਕਟ ਵਿਚ ਫਸਿਆ ਹੋਇਆ ਸੀ ਅਤੇ ਆਰ ਬੀ ਆਈ ਨੇ ਰਾਜ ਸਰਕਾਰ ਦੀਆਂ ਅਦਾਇਗੀਆਂ ਕਰਨੀਆਂ ਬੰਦ ਕਰ ਦਿੱਤੀਆਂ। ਸਾਲ 2007-17 ਦੌਰਾਨ ਰਾਜ ਦੇ ਵਿੱਤੀ ਕੁਪ੍ਰਬੰਧਾਂ ਤੇ ਰੌਸ਼ਨੀ ਪਾਉਂਦਾ ਇੱਕ ਵਾਈਟ ਪੇਪਰ ਇਸ ਵਿਧਾਨ ਸਭਾ ਦੇ ਪਹਿਲੇ ਹੀ ਸੈਸ਼ਨ ਵਿਚ ਪੇਸ਼ ਕੀਤਾ ਗਿਆ ਸੀ। ਇਸ ਵਾਈਟ ਪੇਪਰ ਵਿਚ ਉਸ ਵਿੱਤੀ ਘਾਲੇ-ਮਾਲੇ ਨੂੰ ਦਰਸਾਇਆ ਗਿਆ ਸੀ ਜੋ ਸਾਨੂੰ ਵਿਰਸੇ ਵਿਚ ਮਿਲਿਆ ਸੀ। ਇਹ ਸੰਕਟ ਇੰਨਾ ਗੰਭੀਰ ਹੈ ਕਿ ਸਾਨੂੰ ਵਧੀਆ ਮਾਲੀ ਪ੍ਰਬੰਧ ਵਾਲੇ ਰਾਜਾਂ ਦੀ ਉੱਚ ਸਾਰਣੀ ਵਿਚ ਆਪਣੀ ਸਥਿਤੀ ਮੁੜ ਪ੍ਰਾਪਤ ਕਰਨ ਲਈ ਬਹੁਤ ਹੀ ਸਖ਼ਤ ਯਤਨਾਂ ਦੀ ਜ਼ਰੂਰਤ ਪਵੇਗੀ।

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

8. ਸਾਲ 2016-17 ਵਿਚ ਰਾਜ ਦੀ ਜੀ ਐੱਸ ਡੀ ਪੀ 4,33,660 ਕਰੋੜ ਤੋਂ ਵੱਧ ਕੇ ਸਾਲ 2017-18 ਵਿਚ 4,77,482 ਕਰੋੜ ਰੁਪਏ ਹੋ ਗਈ ਹੈ। ਮੈਨੂੰ ਉਮੀਦ ਹੈ ਕਿ ਸਾਲ 2018-19 ਦੌਰਾਨ ਰਾਜ ਦੀ ਜੀ ਐੱਸ ਡੀ ਪੀ 5,18,165 ਕਰੋੜ ਰੁਪਏ ਤੱਕ ਹੋ ਜਾਵੇਗੀ। ਰਾਜ ਦੀ ਪ੍ਰਤੀ ਵਿਅਕਤੀ ਆਮਦਨ ਸਾਲ 2016-17 ਵਿਚ 1,31,112 ਰੁਪਏ ਤੋਂ ਵੱਧ ਕੇ ਸਾਲ 2017-18 ਵਿਚ 1,42,958 ਰੁਪਏ ਹੋ ਗਈ ਹੈ ਜੋ ਕਿ 1,11,782 ਰੁਪਏ ਦੀ ਕੌਮੀ ਔਸਤ ਤੋਂ 28 ਫ਼ੀਸਦ ਵਧੇਰੇ ਹੈ।

## ਮਾਲੀ ਮਜ਼ਬੂਤੀ

9. 14ਵੇਂ ਵਿੱਤ ਕਮਿਸ਼ਨ ਨੇ ਸਾਰੇ ਰਾਜਾਂ ਲਈ ਇਕ ਵਿੱਤੀ ਮਜ਼ਬੂਤੀ ਮਾਰਗ ਦੀ ਸਿਫਾਰਸ਼ ਕੀਤੀ ਸੀ। ਰਾਜ ਲਈ ਕਾਨੂੰਨੀ ਤੌਰ ਤੇ ਇਹ ਜ਼ਰੂਰੀ ਸੀ ਕਿ ਉਸ ਵੱਲੋਂ ਆਪਣੇ ਵਿੱਤੀ ਘਾਟੇ ਨੂੰ ਜੀ. ਐੱਸ. ਡੀ. ਪੀ. ਦੇ 3 ਫ਼ੀਸਦ ਦੇ ਅਨੁਪਾਤ ਵਿਚ ਰੱਖਿਆ ਜਾਵੇ, ਬਦਕਿਸਮਤੀ ਨਾਲ ਪਿਛਲੀ ਸਰਕਾਰ ਜਦੋਂ ਆਪਣਾ ਕਾਰਜ ਭਾਰ ਤਿਆਗਣ ਵਾਲੀ ਸੀ, ਉਸ ਵੱਲੋਂ ਪੰਜਾਬ ਵਾਸੀਆਂ ਉਪਰ 30,584.11 ਕਰੋੜ ਰੁਪਏ (31 ਦਸੰਬਰ, 2016 ਅਨੁਸਾਰ) ਦਾ ਭਾਰੀ ਕਰਜ਼ ਪਾ ਦਿੱਤਾ ਗਿਆ ਜਿਸ ਦੀ ਪ੍ਰਤੀ ਸਾਲਾਨਾ ਵਾਪਸੀ ਹੀ 3240 ਕਰੋੜ ਰੁਪਏ ਹੈ। ਇਸ ਦੇ ਕਾਰਨ ਸਾਲ 2016-17 ਲਈ 12.18 ਫ਼ੀਸਦ ਦੇ ਮੁਕਾਬਲੇ ਅਸੀਂ ਸਾਲ 2017-18 ਦੌਰਾਨ ਵਿੱਤੀ ਘਾਟਾ 4.36 ਫ਼ੀਸਦ ਤੱਕ ਰੋਕਣ ਵਿਚ ਹੀ ਸਫ਼ਲ ਹੋ ਸਕੇ। ਭਾਰੀ ਪ੍ਰਤੀਬੱਧ ਦੇਣਦਾਰੀਆਂ ਦੇ ਮੱਦੇਨਜ਼ਰ ਸਾਲ 2018-19 ਦੇ ਚਾਲੂ ਵਿੱਤੀ ਸਾਲ ਦੌਰਾਨ ਮੈਂ ਵਿੱਤੀ ਘਾਟੇ ਨੂੰ 3.81 ਫ਼ੀਸਦ ਦੇ ਟੀਚੇ ਤੱਕ ਹੀ ਰੱਖ ਸਕਾਂਗਾ। ਵਿੱਤੀ ਘਾਟੇ ਨਾਲ ਸਬੰਧਿਤ ਐਫ ਆਰ ਬੀ ਐਮ ਐਕਟ, 2003 ਦੇ ਉਪਬੰਧਾਂ ਤੋਂ ਮੈਂ ਵਾਕਿਫ਼ ਹਾਂ ਪ੍ਰੰਤੂ ਜਿਵੇਂ ਕਿ ਦਰਸਾਇਆ ਗਿਆ ਹੈ ਕਿ ਰਾਜ ਸੰਭਾਵੀਂ ਰੂਪ ਵਿਚ ਇਸ ਟੀਚੇ ਨੂੰ ਪ੍ਰਾਪਤ ਨਹੀਂ ਕਰ ਸਕੇਗਾ, ਇਸ ਲਈ ਐਕਟ ਦੇ ਸੈਕਸ਼ਨ 6 (2) ਅਨੁਸਾਰ, ਮੈਂ ਇਸ ਸਦਨ ਨੂੰ ਵਾਸਤਵਿਕ ਸਥਿਤੀ ਸਬੰਧੀ ਵਾਕਿਫ਼ ਕਰਵਾ ਰਿਹਾ ਹਾਂ।

10. ਵਿੱਤੀ ਸੰਜਮ ਇਸ ਗੱਲ ਦੀ ਮੰਗ ਕਰਦਾ ਹੈ ਕਿ ਰਾਜ ਨੂੰ ਵਾਧੂ ਮਾਲੀਏ ਦੀ ਸਿਰਜਣਾ ਕਰਕੇ ਇਸ ਦੀ ਵਰਤੋਂ ਪੂੰਜੀਗਤ ਖ਼ਰਚ ਲਈ ਉਸਾਰੀਆਂ ਵਾਸਤੇ ਸਰੋਤ ਸਿਰਜਣ ਸੰਪਤੀਆਂ ਲਈ ਕਰਨੀ ਚਾਹੀਦੀ ਹੈ ਪ੍ਰੰਤੂ ਪਿਛਲੇ ਦਸ ਸਾਲਾਂ ਦੀਆਂ ਨੀਤੀਆਂ ਨੇ ਰਾਜ ਦੀਆਂ ਪ੍ਰਤੀਬੱਧ ਦੇਣਦਾਰੀਆਂ ਵਿਚ ਪ੍ਰਤੱਖ ਵਾਧਾ ਕੀਤਾ ਹੈ ਅਤੇ ਗ਼ੈਰ-ਮਾਲੀਆ ਉਤਪਾਦਨ ਸੰਪਤੀਆਂ ਉੱਪਰ ਗ਼ੈਰ-ਸੰਜਮੀ ਖ਼ਰਚ ਇਹ ਸੰਕੇਤ ਕਰਦਾ ਹੈ ਕਿ ਸਾਡੀਆਂ ਅਣਥੱਕ ਕੋਸ਼ਿਸ਼ਾਂ ਦੇ ਬਾਵਜੂਦ ਇਹ ਇੱਛਤ ਘਾਟੇ ਨਾਲੋਂ ਵਧੇਰੇ ਹੋਵੇਗਾ।

11. ਇਸ ਸਾਲ ਦੀਆਂ ਤਜਵੀਜ਼ਾਂ ਵਿਚ ਰਾਜ ਦਾ ਮਾਲੀ ਖ਼ਰਚ ਸਾਲ 2016-17 ਵਿਚ 55,296 ਕਰੋੜ ਰੁਪਏ ਤੋਂ ਵੱਧ ਕੇ ਸਾਲ 2017-18 ਵਿਚ (ਸੋਧੇ ਅਨੁਮਾਨ) 71,182 ਕਰੋੜ ਰੁਪਏ ਹੋ ਗਿਆ ਹੈ ਜੋ ਕਿ 29 ਫ਼ੀਸਦ ਦਾ ਵਾਧਾ ਦਰਸਾਉਂਦਾ ਹੈ। ਇਸੇ ਸਮੇਂ ਦੌਰਾਨ ਤਨਖਾਹਾਂ, ਉਜਰਤਾਂ ਅਤੇ ਸਹਾਇਤਾ ਰਾਸ਼ੀਆਂ ਉਪਰਲਾ ਖ਼ਰਚ 21729 ਕਰੋੜ ਰੁਪਏ ਤੋਂ ਵੱਧ ਕੇ 24938 ਕਰੋੜ ਰੁਪਏ ਜੋ ਕਿ 15 ਫ਼ੀਸਦ ਦਾ ਵਾਧਾ ਹੈ ਅਤੇ ਪੈਨਸ਼ਨਾਂ ਉਪਰਲਾ ਖ਼ਰਚ 8773 ਕਰੋੜ ਤੋਂ ਵੱਧ ਕੇ 9469 ਕਰੋੜ ਰੁਪਏ ਹੋ ਗਿਆ ਹੈ ਜੋ ਕਿ 8 ਫ਼ੀਸਦ ਦਾ ਵਾਧਾ ਹੈ। ਇਸ ਲਈ ਤਨਖਾਹਾਂ ਅਤੇ ਉਜਰਤਾਂ (ਸਹਾਇਤਾ ਰਾਸ਼ੀ ਸਮੇਤ) ਅਤੇ ਕਰਮਚਾਰੀਆਂ/ਰਿਟਾਇਰੀਆਂ ਨੂੰ ਪੈਨਸ਼ਨਾਂ ਉਪਰਲਾ ਖ਼ਰਚ 13 ਫ਼ੀਸਦ ਵੱਧ ਗਿਆ ਹੈ। ਵਿਆਜ ਅਦਾਇਗੀਆਂ ਉਪਰਲਾ ਖ਼ਰਚ 11,642 ਕਰੋੜ ਰੁਪਏ ਤੋਂ ਵੱਧ ਕੇ 15,175 ਕਰੋੜ ਰੁਪਏ ਹੋ ਗਿਆ ਹੈ ਜੋ ਕਿ 30 ਫ਼ੀਸਦ ਦਾ ਵਾਧਾ ਦਰਸਾਉਂਦਾ ਹੈ। ਇਨ੍ਹਾਂ ਪ੍ਰਤੀਬੱਧ

ਦੇਣਦਾਰੀਆਂ ਉਪਰਲਾ ਕੁੱਲ ਮਾਲੀ ਖ਼ਰਚ ਸਾਲ 2017-18 ਦੀਆਂ ਕੁੱਲ ਮਾਲੀ ਪ੍ਰਾਪਤੀਆਂ ਦਾ 87 ਫ਼ੀਸਦ ਹੈ। ਇਸ ਪ੍ਰਕਾਰ ਸਰਕਾਰ ਦੇ ਮਾਲੀ ਖ਼ਰਚ ਵਿਚ ਤਨਖਾਹਾਂ, ਪੈਨਸ਼ਨਾਂ ਅਤੇ ਵਿਆਜ ਅਦਾਇਗੀਆਂ ਦਾ ਨਿਰੰਤਰ ਵਧਦਾ ਹਿੱਸਾ ਰਾਜ ਨੂੰ ਵਾਫ਼ਰ ਮਾਲੀਆ ਪ੍ਰਾਪਤ ਕਰਨ ਤੋਂ ਵਰਜਦਾ ਹੈ।

12. ਮੇਰੇ ਅਣਥੱਕ ਯਤਨਾਂ ਦੇ ਬਾਵਜੂਦ ਸਾਲ 2018-19 ਦੌਰਾਨ ਮੈਂ ਮਾਲੀ ਘਾਟੇ ਨੂੰ ਜੀ ਐੱਸ ਡੀ ਪੀ ਦੇ 2.42 ਫ਼ੀਸਦ ਤੱਕ ਰੋਕਣ ਦੇ ਯੋਗ ਹੋਇਆ ਹਾਂ ਪ੍ਰੰਤੂ ਅਸੀਂ ਇਸ ਨਿਰੰਤਰ ਵਧਦੇ ਘਾਟੇ ਨੂੰ ਰੋਕਣ ਅਤੇ ਸੂਬੇ ਨੂੰ ਵਾਫ਼ਰ ਮਾਲੀਏ ਦੇ ਯੁੱਗ ਵਿਚ ਲਿਆਉਣ ਲਈ ਵਚਨਬੱਧ ਹਾਂ। ਮਾਣਯੋਗ ਕੈਪਟਨ ਅਮਰਿੰਦਰ ਸਿੰਘ ਜੀ ਦੀ ਯੋਗ ਅਤੇ ਦ੍ਰਿੜ੍ਹ ਅਗਵਾਈ ਅਧੀਨ ਅਸੀਂ ਪ੍ਰਗਤੀ ਪਥ ਉਪਰ ਹਾਂ ਅਤੇ ਮੈਨੂੰ ਵਿਸ਼ਵਾਸ ਹੈ ਕਿ ਜਲਦੀ ਹੀ ਅਸੀਂ ਮੁਕਾਮ ਹਾਸਲ ਕਰ ਲਵਾਂਗੇ।

## ਕਰਜ਼ ਸਥਿਤੀ

ਜਨਾਬ ਸਪੀਕਰ ਸਾਹਿਬ,

13. ਮਾਣਯੋਗ ਮੈਂਬਰ ਸਾਹਿਬਾਨ ਇਸ ਗੱਲ ਤੋਂ ਭਲੀਭਾਂਤ ਵਾਕਫ਼ ਹਨ ਕਿ ਸਾਡੀ ਸਰਕਾਰ ਨੂੰ ਪਿਛਲੀ ਸਰਕਾਰ ਵੱਲੋਂ ਭਾਰੀ ਕਰਜ਼ ਬੋਝ ਵਿਰਸੇ ਵਿਚ ਮਿਲਿਆ ਹੈ। ਜਦੋਂ ਇਸ ਸਰਕਾਰ ਨੇ ਆਪਣਾ ਕਾਰਜਭਾਰ ਸੰਭਾਲਿਆ ਤਾਂ ਅਖੌਤੀ ਸੀ ਸੀ ਐੱਲ (ਕੈਸ਼ ਕ੍ਰੈਡਿਟ ਲਿਮਟ) ਦੇ ਵਿਰਾਸਤੀ ਖਾਤਿਆਂ ਦੇ ਨਿਪਟਾਰਿਆਂ ਲਈ ਕਰਜ਼ ਦੇ ਰੂਪ ਵਿਚ 30584.11 ਕਰੋੜ ਰੁਪਏ ਦੀ ਵਧੀਕ ਦੇਣਦਾਰੀ ਨੇ ਇਸ ਦਾ ਸਵਾਗਤ ਕੀਤਾ।

14. ਮਿਤੀ 31.3.2018 ਨੂੰ ਰਾਜ ਦਾ ਕੁੱਲ ਬਕਾਇਆ ਕਰਜ਼ 195978 ਕਰੋੜ (ਸੋਧੇ ਅਨੁਮਾਨ) ਰੁਪਏ ਹੈ ਜੋ ਸਾਲ 2017-18 (ਸੋਧੇ ਅਨੁਮਾਨ) ਲਈ ਜੀ. ਐਸ. ਡੀ. ਪੀ. ਦਾ 41.04 ਫ਼ੀਸਦ ਹੈ ਅਤੇ ਸਾਲ 2018-19 (ਬਜਟ ਅਨੁਮਾਨ) ਲਈ ਬਕਾਇਆ ਕਰਜ਼ 211523 ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ ਜੋ ਕਿ ਜੀ. ਐੱਸ. ਡੀ. ਪੀ. ਦਾ 40.82 ਫ਼ੀਸਦ ਹੈ। ਰਾਜ ਸਰਕਾਰ ਵੱਖ-ਵੱਖ ਪੀ ਐੱਸ ਯੂ ਅਤੇ ਹੋਰ ਸੰਗਠਨਾਂ ਵੱਲੋਂ ਲਏ ਕਰਜ਼ਿਆਂ ਲਈ ਰਾਜਕੀ ਗਰੰਟੀ ਵੀ ਦਿੰਦੀ ਹੈ। ਮਿਤੀ 31.3.2018 ਨੂੰ ਇਸ ਖਾਤੇ ਵਿਚਲੀ ਕੁੱਲ ਦੇਣਦਾਰੀ 19357 ਕਰੋੜ ਰੁਪਏ ਹੈ। ਇਸ ਦਾ ਅਰਥ ਹੈ ਕਿ ਜੇਕਰ ਜਨਤਕ ਖੇਤਰ ਅਦਾਰੇ ਇਸ ਕਰਜ਼ ਨੂੰ ਅਦਾ ਕਰਨ ਵਿਚ ਅਸਮਰੱਥ ਰਹਿੰਦੇ ਹਨ ਤਾਂ ਇਹ ਸਰਕਾਰ ਦੀ ਦੇਣਦਾਰੀ ਬਣ ਜਾਂਦੀ ਹੈ। ਇਸ ਅਜ਼ੀਮ ਸਦਨ ਦੇ ਧਿਆਨ ਵਿਚ ਲਿਆਉਣਾ ਮੇਰਾ ਅਹਿਮ ਫਰਜ਼ ਹੈ ਕਿ ਪਿਛਲੇ ਦਸ ਸਾਲਾਂ ਦੌਰਾਨ ਰਾਜ ਦੇ ਕੁਝ ਜਨਤਕ ਖੇਤਰ ਅਦਾਰਿਆਂ ਦੀ ਨਿਰੰਤਰ ਬਦਇੰਤਜ਼ਾਮੀ ਕਾਰਨ ਅਜਿਹੀ ਸਥਿਤੀ ਪੈਦਾ ਹੋ ਗਈ ਹੈ ਜਿਥੇ ਰਾਜ ਨੂੰ ਇਨ੍ਹਾਂ ਜਨਤਕ ਖੇਤਰ ਅਦਾਰਿਆਂ ਵੱਲੋਂ ਲਏ ਕਰਜ਼ ਨੂੰ ਨਿਪਟਾਉਣਾ ਪੈ ਸਕਦਾ ਹੈ।

15. ਵਿੱਤੀ ਸਾਲ 2018-19 ਲਈ 15545 ਕਰੋੜ ਰੁਪਏ ਦੀਆਂ ਨਿਰੋਲ ਉਧਾਰੀਆਂ ਦੇ ਮੁਕਾਬਲੇ ਸਾਲ 2018-19 ਲਈ ਕਰਜ਼ ਵਾਪਸੀ (ਮੂਲ + ਵਿਆਜ) 24870 ਕਰੋੜ ਰੁਪਏ ਦੀ ਭਾਰੀ ਰਕਮ ਤੇ ਪਹੁੰਚ ਗਈ ਹੈ। ਇਸ ਨਾਲ ਸੂਬੇ ਵੱਲੋਂ ਉਧਾਰ ਲਈ ਰਕਮ ਨੂੰ ਨਿਵੇਸ਼ ਵਿਚ ਲਾਉਣ ਅਤੇ ਸ੍ਰੋਤ ਸਿਰਜਣ ਪੂੰਜੀਗਤ ਸੰਪਤੀਆਂ ਦੇ ਨਿਰਮਾਣ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ। ਇਸ ਸਰਕਾਰ ਲਈ ਕੇਵਲ ਇਹੋ ਰਸਤਾ ਰਹਿ ਜਾਂਦਾ ਹੈ ਕਿ ਹੋਰ ਵਧੇਰੇ ਮਾਲੀਆ ਜੁਟਾਇਆ ਜਾਵੇ ਅਤੇ ਇਸ ਦੇ ਨਾਲ ਨਾਲ ਸਾਡੇ ਗ਼ੈਰ-ਪ੍ਰਤੀਬੱਧ ਖ਼ਰਚ ਵਿਚ ਵੀ ਕਟੌਤੀ ਕੀਤੀ ਜਾਵੇ।

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]
ਜਨਾਬ ਸਪੀਕਰ ਸਾਹਿਬ,

16. ਯੂ.ਪੀ.ਏ. ਸਰਕਾਰ ਨੇ ਸਾਲ 2005 ਵਿੱਚ ਦੇਸ਼ ਨੂੰ ਸੂਚਨਾ ਦਾ ਅਧਿਕਾਰ ਐਕਟ ਦਿੱਤਾ ਅਤੇ ਇਸੇ ਹੀ ਭਾਵਨਾ ਨਾਲ ਪਾਰਦਰਸ਼ਤਾ, ਆਮ ਸਹਿਮਤੀ ਅਤੇ ਪ੍ਰਭਾਵਕਾਰੀ ਫ਼ੈਸਲਾ ਲੈਣ ਸਬੰਧੀ ਆਰਥਿਕ ਨੀਤੀ ਅਤੇ ਯੋਜਨਾ ਵਿਭਾਗ ਵੱਲੋਂ ਇਸ ਅਜ਼ੀਮ ਸਦਨ ਦੇ ਮੈਂਬਰ ਸਾਹਿਬਾਨਾਂ ਅਤੇ ਸੂਬੇ ਦੇ ਲੋਕਾਂ ਦੀ ਜਾਣਕਾਰੀ ਲਈ ਸਾਲ 2018-19 ਲਈ ਮੁੱਖ ਵਿਕਾਸ ਸਕੀਮਾਂ ਸਬੰਧੀ ਇਕ ਕਿਤਾਬਚਾ ਤਿਆਰ ਕੀਤਾ ਜਾ ਰਿਹਾ ਹੈ। ਇਸ ਨਾਲ ਸੂਬੇ ਦੇ ਚੁਣੇ ਹੋਏ ਪ੍ਰਤੀਨਿਧਾਂ ਰਾਹੀਂ ਜਾਗਰੂਕਤਾ ਦੇ ਪ੍ਰਸਾਰ ਦੁਆਰਾ ਅਤੇ ਉਨ੍ਹਾਂ ਨੂੰ ਜਨਤਾ ਵਿਚ ਸੂਚਨਾ ਦੇ ਪ੍ਰਸਾਰ ਦੇ ਯੋਗ ਬਣਾ ਕੇ ਇਕ ਵਿਲੱਖਣ ਸਮਾਜ ਦੇ ਨਿਰਮਾਣ ਵਿੱਚ ਸਹਾਇਤਾ ਮਿਲੇਗੀ ਤਾਂ ਜੋ ਉਹ ਸਰਕਾਰੀ ਸਕੀਮਾਂ/ਪ੍ਰੋਜੈਕਟਾਂ ਤੋਂ ਵੱਧ ਤੋਂ ਵੱਧ ਲਾਭ ਲੈ ਸਕਣ। ਬਹੁਤ ਹੀ ਆਸ਼ਾਵਾਦੀ ਨਜ਼ਰੀਏ ਨਾਲ ਮੈਂ ਸਾਡੀ ਪਾਰਟੀ ਵੱਲੋਂ ਪੰਜਾਬ ਦੇ ਲੋਕਾਂ ਨਾਲ ਕੀਤੀਆਂ ਵਚਨਬੱਧਤਾਵਾਂ ਦੀ ਅਨੁਕੂਲਤਾ ਵਿਚ ਨਿਮਨ ਖੇਤਰੀ ਰਾਖਵੇਂਕਰਨ ਅਤੇ ਨਵੀਆਂ ਪਹਿਲ ਕਦਮੀਆਂ ਦੇ ਵਿਕਾਸ ਮਾਰਗ ਦੀ ਤਜਵੀਜ਼ ਕਰਦਾ ਹਾਂ।

## ਕਿਸਾਨਾਂ ਦੀ ਭਲਾਈ

ਜਨਾਬ ਸਪੀਕਰ ਸਾਹਿਬ,

17. ਮੈਂ ਸੂਬੇ ਦੇ ਕਿਸਾਨਾਂ ਵੱਲੋਂ ਕੀਤੀ ਸਖ਼ਤ ਮਿਹਨਤ ਦੀ ਸ਼ਲਾਘਾ ਕਰਨੀ ਚਾਹਾਂਗਾ ਜਿਨ੍ਹਾਂ ਨੇ ਦਹਾਕਿਆਂ ਤੱਕ ਦੇਸ਼ ਦੀ ਅਨਾਜ ਪੂਰਤੀ ਕੀਤੀ ਹੈ ਅਤੇ ਭਾਰਤ ਨੂੰ ਅਨਾਜਾਂ ਵਿਚ ਸਵੈ-ਨਿਰਭਰ ਹੋਣ ਦਾ ਸਨਮਾਨ ਬਹਾਲ ਕੀਤਾ ਹੈ। ਭੂਗੋਲਿਕ ਰੂਪ ਵਿਚ ਦੇਸ਼ ਦਾ ਕੇਵਲ 1.53 ਫ਼ੀਸਦ ਖੇਤਰ ਹੋਣ ਦੇ ਬਾਵਜੂਦ ਅਸੀਂ ਦੇਸ਼ ਦਾ ਅਨਾਜ ਭੰਡਾਰ ਹਾਂ। ਮੈਨੂੰ ਇਹ ਘੋਸ਼ਣਾ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ ਸਾਲ 2018-19 ਲਈ ਕੁੱਲ ਖਰਚ ਸਾਲ 2017-18 (ਬਜਟ ਅਨੁਮਾਨ) ਦੇ 10581 ਕਰੋੜ ਰੁਪਏ ਦੇ ਮੁਕਾਬਲੇ ਵਧਾ ਕੇ 14737 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜੋ ਕਿ 2017-18 ਦੇ ਬਜਟ ਅਨੁਮਾਨ ਨਾਲੋਂ 4153 ਕਰੋੜ ਰੁਪਏ ਵਧੇਰੇ ਅਤੇ 39.25 ਫ਼ੀਸਦ ਦਾ ਵਾਧਾ ਹੈ ਅਤੇ 2016-17 ਦੇ ਬਜਟ ਅਨੁਮਾਨਾਂ ਦੀ ਤੁਲਨਾ ਵਿੱਚ ਲਾਗਤ 6383 ਕਰੋੜ ਰੁਪਏ ਤੋਂ ਵਧ ਕੇ 14734 ਕਰੋੜ ਰੁਪਏ ਹੋ ਗਈ ਹੈ ਜੋ ਕਿ 131 ਫ਼ੀਸਦ ਦਾ ਵਾਧਾ ਹੈ।

## ਖੇਤੀਬਾੜੀ

### ਕਰਜ਼ ਰਾਹਤ

18. ਆਪਣੇ ਯੋਗਦਾਨ ਨਾਲ ਸਾਨੂੰ ਸਵੈ-ਨਿਰਭਰ ਬਣਾਉਣ ਦੇ ਬਾਵਜੂਦ "ਅੰਨਦਾਤਾ" ਸੰਕਟ ਵਿਚ ਹੈ। ਭਾਰਤ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਵਿਚ ਨਿਗੁਣੇ ਵਾਧੇ ਅਤੇ ਖੇਤੀਬਾੜੀ ਲਾਗਤਾਂ ਦੀਆਂ ਵਧੀਆਂ ਕੀਮਤਾਂ ਅਤੇ ਖੇਤੀ ਉਤਪਾਦਨ ਵਿਚਲੀ ਖੜ੍ਹੋਤ ਨੇ ਕਿਸਾਨ ਨੂੰ ਕਰਜ਼ ਦੇ ਪੰਜਿਆਂ ਵਿਚ ਜਕੜ ਦਿੱਤਾ ਹੈ ਅਤੇ ਇਹ ਸਮੇਂ ਦੀ ਮਾਰ ਕਾਰਨ ਆਤਮਹੱਤਿਆਵਾਂ ਦੇ ਰਾਹ ਤੁਰ ਪਿਆ ਹੈ। ਵਾਰ ਵਾਰ ਕੀਤੀਆਂ ਬੇਨਤੀਆਂ ਦੇ ਬਾਵਜੂਦ ਕੇਂਦਰ ਸਰਕਾਰ ਅੰਨਦਾਤਾ ਨੂੰ ਬਚਾਉਣ ਵਿਚ ਅਸਫ਼ਲ ਰਹੀ ਹੈ। ਸਾਡੇ ਮਾਣਯੋਗ ਮੁੱਖ ਮੰਤਰੀ ਨੇ ਪਹਿਲਾਂ ਹੀ ਇਹ ਕਿਹਾ ਕਿ ਸਾਡੀ ਸਰਕਾਰ ਦਾ ਮੁੱਖ ਉਦੇਸ਼ ਹੈ "ਖੁਸ਼ਹਾਲ ਕਿਸਾਨ, ਪ੍ਰਗਤੀਸ਼ੀਲ ਨੌਜਵਾਨ।" ਇਸ ਲਈ ਇਸ ਸਰਕਾਰ ਦੇ ਯਤਨ ਇਸ ਉਦੇਸ਼ ਦੀ ਪ੍ਰਾਪਤੀ ਵੱਲ ਸੇਧਤ ਹਨ। ਇਸ ਗੱਲ ਦੇ ਬਾਵਜੂਦ ਕਿ ਸਾਡੀ ਸਰਕਾਰ ਨੂੰ ਖਾਲੀ ਤਿਜੋਰੀਆਂ ਵਿਰਸੇ ਵਿਚ ਮਿਲੀਆਂ ਪ੍ਰੰਤੂ ਫਿਰ ਵੀ ਮਾਣਯੋਗ ਕੈਪਟਨ ਅਮਰਿੰਦਰ ਸਿੰਘ ਜੀ ਨੇ ਆਪਣੇ ਵਾਅਦੇ ਦੀ ਪੂਰਤੀ ਕਰਦਿਆਂ ਸੂਬੇ ਦੇ ਕਰਜ਼ ਪੀੜਿਤ ਕਿਸਾਨਾਂ ਨੂੰ ਰਾਹਤ ਮੁਹੱਈਆ ਕਰਵਾਈ।ਸਹਿਕਾਰੀ ਅਤੇ ਕਮਰਸ਼ੀਅਲ ਬੈਂਕਾਂ ਤੋਂ ਕਰਜ਼ ਦੀ ਦੇਣਦਾਰੀ ਦੇ ਵੇਰਵੇ ਅਜੇ

ਆ ਰਹੇ ਹਨ। ਮੈਂ ਸਾਲ 2018-19 ਦੌਰਾਨ ਇਸ ਸਕੀਮ ਦੇ ਅਮਲ ਲਈ 4250 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਕਰਦਾ ਹਾਂ। ਸਾਲ 2017-18 ਦੌਰਾਨ 71166 ਹਾਸ਼ੀਆ ਗ੍ਰਸਤ ਕਿਸਾਨਾਂ ਵਿੱਚ 370 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ। ਅਧਿਸੂਚਿਤ ਕਰਜ਼ਾ ਰਾਹਤ ਸਕੀਮ ਦੇ ਅਨੁਸਾਰ ਸਾਰੇ ਯੋਗ ਕਿਸਾਨਾਂ ਨਾਲ ਕਰਜ਼ਾ ਰਾਹਤ ਦੇ ਕੀਤੇ ਸਾਡੇ ਵਾਅਦਿਆਂ ਦੀ ਪੂਰਤੀ ਲਈ ਇਸ ਰਕਮ ਵਿੱਚ ਲੋੜ ਅਨੁਸਾਰ ਵਾਧਾ ਕੀਤਾ ਜਾਵੇਗਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਆਪਣੇ ਹੱਥਾਂ ਵਿਚ ਕਰਜ਼ਾ ਮੁਆਫੀ ਸਬੰਧੀ ਸਲੋਗਨ ਲਹਿਰਾਉਂਦੇ ਹੋਏ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਤੁਸੀਂ ਬਾਅਦ ਵਿਚ ਬਜਟ ਦੀ ਬਹਿਸ ਮੌਕੇ ਬੋਲ ਲੈਣਾ। ਹੁਣ ਬੈਠ ਜਾਓ। ਵਿੱਤ ਮੰਤਰੀ ਜੀ ਦੀ ਸਪੀਚ ਤੋਂ ਬਿਨਾਂ ਹੋਰ ਕੁਝ ਵੀ ਰਿਕਾਰਡ ਨਾ ਕੀਤਾ ਜਾਵੇ।

**ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ :** 19. ਸਰਕਾਰ ਦਾ ਮੁੱਖ ਧਿਆਨ ਕੇਂਦਰਿਤ ਮੁੱਦਾ ਸੂਬੇ ਦਾ ਕਿਸਾਨ ਹੈ ਅਤੇ ਅਸੀਂ ਇਹ ਫ਼ੈਸਲਾ ਕੀਤਾ ਹੈ ਕਿ ਖੇਤੀਬਾੜੀ ਅਤੇ ਪੇਂਡੂ ਆਰਥਿਕਤਾ ਨਾਲ ਸਬੰਧਤ ਸਾਡੀਆਂ ਨੀਤੀਆਂ ਕੇਵਲ ਤੇ ਕੇਵਲ ਕਿਸਾਨ ਭਲਾਈ ਉਪਰ ਕੇਂਦਰਿਤ ਹੋਣਗੀਆਂ। ਜਦੋਂ ਵੀ ਅਸੀਂ ਦੇਸ਼ ਦੇ ਅਨਾਜ ਭੰਡਾਰ ਨਾਲ ਆਪਣੀ ਵਚਨਬੱਧਤਾ ਨੂੰ ਪ੍ਰਗਟਾਉਂਦੇ ਹਾਂ ਤਾਂ ਸਾਡੇ ਕਿਸਾਨ ਦੀ ਬਿਹਤਰੀ ਅਤੇ ਖੁਸ਼ਹਾਲੀ ਸਬੰਧੀ ਪ੍ਰਤੀਬੱਧਤਾ ਵੀ ਇਸ ਨਾਲ ਜੁੜੀ ਹੋਈ ਹੈ।

## ਕਿਸਾਨਾਂ ਨੂੰ ਮੁਫ਼ਤ ਬਿਜਲੀ

ਜਨਾਬ ਸਪੀਕਰ ਸਾਹਿਬ,

20. ਸਾਡੀ ਸਰਕਾਰ ਕਿਸਾਨਾਂ ਨੂੰ ਮੁਫ਼ਤ ਬਿਜਲੀ ਮੁਹੱਈਆ ਕਰਵਾਉਣ ਪ੍ਰਤੀ ਵਚਨਬੱਧ ਹੈ ਅਤੇ ਇਸ ਮੰਤਵ ਲਈ ਸਾਲ 2018-19 ਦੇ ਬਜਟ ਵਿਚ 6256 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਹੈ।

## ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਆਰ ਕੇ ਵੀ ਵਾਈ)

21. ਇਸ ਮੰਤਵ ਦੀ ਪ੍ਰਾਪਤੀ ਦੀ ਨੀਤੀ ਦੇ ਹਿੱਸੇ ਵਜੋਂ ਮੈਂ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਲਈ 400 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਕਰਦਾ ਹਾਂ ਤਾਂ ਜੋ ਖੇਤੀ ਵਾਤਾਵਰਣਿਕ ਪ੍ਰਸਥਿਤੀਆਂ, ਕੁਦਰਤੀ ਸ੍ਰੋਤਾਂ ਅਤੇ ਤਕਨਾਲੋਜੀ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਵਿਸਤ੍ਰਿਤ ਖੇਤੀਬਾੜੀ ਵਿਕਾਸ ਯੋਜਨਾ ਨੂੰ ਉਲੀਕਿਆ ਅਤੇ ਮੁਕੰਮਲ ਕੀਤਾ ਜਾ ਸਕੇ ਅਤੇ ਇਸ ਦੇ ਨਾਲ ਹੀ ਸਬੰਧਤ ਸੇਵਾਵਾਂ ਵਿਚ ਸਮੂਹਿਕ ਅਤੇ ਅਖੰਡ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ। ਆਰ ਕੇ ਵੀ ਵਾਈ ਰਾਹੀਂ ਰਾਮਪੁਰਾ ਫੂਲ ਵਿਖੇ ਵੈਟਰਨਰੀ ਕਾਲਜ ਦੀ ਮੁਕੰਮਲਤਾ ਅਤੇ ਕੰਢੀ ਖੇਤਰ ਵਿਚ ਜੰਗਲੀ ਜਾਨਵਰਾਂ ਤੋਂ ਫ਼ਸਲਾਂ ਦੀ ਸੁਰੱਖਿਆ ਲਈ ਕੰਡਿਆਲੀ ਤਾਰ ਲਗਾਉਣ ਦਾ ਵੀ ਪ੍ਰਬੰਧ ਕਰਾਂਗੇ। ਸਕੀਮ ਅਧੀਨ ਅਧੂਰੇ ਵੈਟਰਨਰੀ ਪੌਲੀਕਲੀਨਿਕਾਂ ਨੂੰ ਵੀ ਮੁਕੰਮਲ ਕੀਤਾ ਜਾਵੇਗਾ ਜਿਸ ਲਈ 3 ਕਰੋੜ ਰੁਪਏ ਦੇ ਖ਼ਰਚ ਦੀ ਤਜਵੀਜ਼ ਕੀਤੀ ਗਈ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ** ** ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿਚ ਆ ਗਏ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

---

** Not recorded as ordered by the Chair.

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

22. ਇਸੇ ਤਰ੍ਹਾਂ ਹੋਰਨਾਂ ਗੱਲਾਂ ਦੇ ਨਾਲ ਨਾਲ ਬਜਟ ਅਨੁਮਾਨਾਂ ਵਿੱਚ ਵਿਸਤਾਰ ਸੇਵਾਵਾਂ ਦੀ ਸਹਾਇਤਾ ਲਈ 25 ਕਰੋੜ ਰੁਪਏ ਅਤੇ ਕੌਮੀ ਖੁਰਾਕ ਸੁਰੱਖਿਆ ਮਿਸ਼ਨ ਲਈ 10 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਕੀਤੀ ਗਈ ਹੈ।

**ਮਾਨਯੋਗ ਸਪੀਕਰ :** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ : ਪੰਜਾਬ ਭੂਮੀ ਸੁਧਾਰ ਸਕੀਮ**

23. ਲੰਮੇ ਸਮੇਂ ਤੋਂ ਲੰਬਿਤ ਮੁੱਦੇ ਦਾ ਨਿਪਟਾਰਾ ਕਰਦਿਆਂ ਪੰਜਾਬ ਭੂਮੀ ਸੁਧਾਰ ਸਕੀਮ ਐਕਟ, 1963 ਵਿਚ ਸੋਧ ਕੀਤੀ ਗਈ ਹੈ ਤਾਂ ਜੋ ਹੱਦਬੰਦੀ ਕੀਤੀ ਲਾਈਨ ਦੇ ਮਾਰਗ ਵਿਚ ਆਉਂਦੀ ਫ਼ਸਲ ਜਾਂ ਢਾਂਚੇ ਦੇ ਨੁਕਸਾਨ ਦੇ ਮੁਆਵਜ਼ੇ ਦੀ ਅਦਾਇਗੀ ਦੇ ਉਪਬੰਧ ਦੁਆਰਾ ਦੂਸਰਿਆਂ ਦੀਆਂ ਜ਼ਮੀਨਾਂ ਵਿਚ ਅੰਡਰਗਰਾਊਂਡ ਪਾਈਪ ਲਾਈਨਾਂ ਪਾਉਣ ਦਾ ਅਧਿਕਾਰ ਮੁਹੱਈਆ ਕਰਵਾਇਆ ਜਾ ਸਕੇ। ਮੈਂ ਸਾਲ ਦੌਰਾਨ ਸਿੰਜਾਈ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਨੂੰ ਯਕੀਨੀ ਬਣਾਉਣ ਲਈ ਅੰਡਰ ਗਰਾਊਂਡ ਪ੍ਰੋਜੈਕਟਾਂ ਲਈ 44 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ।

## ਖੇਤੀਬਾੜੀ ਵਿਭਿੰਨਤਾ

### ਬਾਗਬਾਨੀ

24. ਇਸ ਸਾਲ ਸਰਕਾਰ ਖੇਤੀਬਾੜੀ ਵਿਚ ਕਣਕ/ਝੋਨੇ ਉਪਰ ਨਿਰਭਰਤਾ ਨੂੰ ਘਟਾਉਣ ਅਤੇ ਫ਼ਸਲੀ ਚੱਕਰ ਦੀ ਵਿਭਿੰਨਤਾ ਲਈ ਵਿਸ਼ੇਸ਼ ਯਤਨ ਕਰੇਗੀ। ਸਾਲ 2018-19 ਦੌਰਾਨ 7000 ਕਿਸਾਨਾਂ ਦੀ ਸਹਾਇਤਾ ਅਤੇ 10000 ਏਕੜ ਕਾਸ਼ਤਯੋਗ ਰਕਬੇ ਨੂੰ ਫ਼ਸਲੀ ਵਿਭਿੰਨਤਾ ਅਧੀਨ ਲਿਆਉਣ ਦਾ ਉਦੇਸ਼ ਹੈ। ਸਰਕਾਰ ਇਸ ਖੇਤਰ ਵਿਚ ਸਫਲਤਾ ਦੀ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਬਾਗਬਾਨੀ ਉਤਪਾਦਾਂ ਦੇ ਬਾਜ਼ਾਰੀਕਰਨ ਅਤੇ ਖਾਦ ਪਦਾਰਥਾਂ ਦੀ ਪ੍ਰੋਸੈਸਿੰਗ ਉਪਰ ਵਿਸ਼ੇਸ਼ ਜ਼ੋਰ ਦੇਵੇਗੀ। ਸਾਲ 2018-19 ਦੌਰਾਨ ਇਨ੍ਹਾਂ ਪਹਿਲਕਦਮੀਆਂ ਦੇ ਹਿੱਸੇ ਵਜੋਂ 8 ਸਰਕਾਰੀ ਆਲੂ ਅਤੇ ਸਬਜ਼ੀ ਬੀਜ ਕੇਂਦਰਾਂ ਉਪਰ ਬੀਮਾਰੀ ਮੁਕਤ ਆਲੂਆਂ ਅਤੇ ਦੂਸਰੇ ਸਬਜ਼ੀ ਬੀਜਾਂ ਦਾ ਉਤਪਾਦਾਂ ਕਰਕੇ 23 ਸਰਕਾਰੀ ਫ਼ਲ ਨਰਸਰੀਆਂ ਅਤੇ ਰਜਿਸਟਡ ਪ੍ਰਾਈਵੇਟ ਫ਼ਲ ਨਰਸਰੀਆਂ ਦੁਆਰਾ ਲੱਗਭੱਗ 6.50 ਲੱਖ ਫ਼ਲਾਂ ਵਾਲੇ ਪੌਦੇ ਅਤੇ 4 ਵਿਭਾਗੀ ਮਸ਼ਰੂਮ ਲੈਬਾਰਟਰੀਆਂ ਦੁਆਰਾ 41,500 ਮਸ਼ਰੂਮ ਸਪਾਨ(spawn) ਬੋਤਲਾਂ ਕਿਸਾਨਾਂ ਨੂੰ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਸਾਲ 2018-19 ਦੌਰਾਨ ਤਕਰੀਬਨ 80,000 ਕਿਲੋ ਫ਼ਲਾਂ ਨੂੰ 6 ਵਿਭਾਗੀ ਫਲ ਸੰਭਾਲ ਸੁਰੱਖਿਆ ਲੈਬਾਰਟਰੀਆਂ ਵਿਚ ਪ੍ਰੋਸੈਸ ਕੀਤਾ ਜਾਵੇਗਾ।ਇਸ ਸਾਲ ਦੌਰਾਨ ਕੌਮੀ ਬਾਗਵਾਨੀ ਮਿਸ਼ਨ ਦੇ ਅਧੀਨ 55 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।(ਵਿਘਨ, ਸ਼ੋਰ)

25. ਬਾਗਬਾਨੀ ਅਤੇ ਖੇਤੀਬਾੜੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਸਾਡੀ ਨੀਤੀ ਦੇ ਹਿੱਸੇ ਵਜੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਜੱਲੋਵਾਲ (ਜਲੰਧਰ) ਅਤੇ ਖਨੌਰਾ (ਹੁਸ਼ਿਆਰਪੁਰ) ਨਰਸਰੀਆਂ ਦੀ ਮਦਦ ਨਾਲ ਰਾਜ ਵਿੱਚ ਪ੍ਰੋਸੈੱਸ ਹੋਣ ਯੋਗ ਮਿੱਠੇ ਸੰਤਰੇ ਦੀਆਂ 12 ਅਤੇ ਨਾਰੰਗੀ ਦੀਆਂ 5 ਨਵੀਆਂ ਪ੍ਰਜਾਤੀਆਂ ਲਿਆ ਕੇ ਖੱਟਾ ਪ੍ਰਜਾਤੀ ਕਾਸ਼ਤਕਾਰੀ ਵਿਚ ਬਹੁਵਿਭਿੰਨਤਾ ਲਿਆਂਦੀ ਜਾਵੇਗੀ ਅਤੇ ਇਨ੍ਹਾਂ ਨੂੰ ਕਿਸਾਨਾਂ ਵਿਚ ਵੰਡਿਆ ਜਾਵੇਗਾ। ਇਨ੍ਹਾਂ ਨਰਸਰੀਆਂ ਨੂੰ ਹੁਸ਼ਿਆਰਪੁਰ ਇਲਾਕੇ ਵਿਚ ਕੈਰੀਜੋ ਅਤੇ ਅਬੋਹਰ ਇਲਾਕੇ ਲਈ ਖੁਰਦਰੇ ਨਿੰਬੂ ਦੀ ਉਗਾਈ ਗਈ ਡੇਜੀ ਸੰਤਰਾ ਪੌਦ ਦੀ ਉਪਲਬਧਤਾ ਲਈ ਵੀ ਮਜ਼ਬੂਤ ਬਣਾਇਆ ਜਾ ਰਿਹਾ ਹੈ। ਸਾਲ 2018-19 ਵਿੱਚ ਤਕਰੀਬਨ 25000 ਮਿੱਠੇ ਸੰਤਰੇ ਅਤੇ 25000 ਡੇਜ਼ੀ ਸੰਤਰੇ ਅਤੇ ਡਬਲਿਊ ਮਰੱਕਾਟ ਬੂਟੇ ਲਗਾਏ ਜਾਣ ਦੀ ਸੰਭਾਵਨਾ ਹੈ।

** Not recorded as ordered by the Chair.

## ਫੁੱਲਾਂ ਦੀ ਕਾਸ਼ਤ ਲਈ ਆਹਲਾ ਦਰਜੇ ਦਾ ਕੇਂਦਰ

26. ਵਿਸ਼ਵ ਪੱਧਰੀ ਫੁੱਲਾਂ ਦੀ ਕਾਸ਼ਤ ਤਕਨਾਲੋਜੀ ਦੇ ਮਿਆਰੀਕਰਣ ਅਤੇ ਪ੍ਰਦਰਸ਼ਨ ਲਈ ਇੰਡੋ-ਡੱਚ ਕਾਰਜ ਯੋਜਨਾ ਅਧੀਨ ਦੋਰਾਹਾ, ਲੁਧਿਆਣਾ ਵਿਖੇ ਫੁੱਲ ਕਾਸ਼ਤਕਾਰੀ ਲਈ ਇਕ ਆਹਲਾ ਦਰਜੇ ਦਾ ਕੇਂਦਰ ਸਥਾਪਿਤ ਕੀਤਾ ਜਾ ਰਿਹਾ ਹੈ, ਬਰਬਾਦੀ ਨੂੰ ਘੱਟ ਕਰਨ ਅਤੇ ਖਰਾਬ ਹੋਣ ਯੋਗ ਵਸਤਾਂ ਨੂੰ ਲੰਮੇ ਸਮੇਂ ਤੱਕ ਰੱਖਣ ਲਈ ਪੰਜਾਬ ਵਿਚ 79.59 ਲੱਖ ਰੁਪਏ ਦੀ ਲਾਗਤ ਨਾਲ ਕਪੂਰਥਲਾ ਵਿਖੇ (ਖਰਬੂਜ਼ਿਆਂ ਲਈ) ਇਕ 15 ਐਮ ਟੀ ਦਾ ਲਘੂ ਕੋਲਡ ਸਟੋਰ (ਫਾਰਮ ਦੀ ਰਹਿੰਦ ਖੂੰਹਦ ਤੋਂ ਚੱਲਣ ਵਾਲਾ) ਅਤੇ ਹੁਸ਼ਿਆਰਪੁਰ ਵਿਖੇ (ਕਿਨੂੰ ਲਈ) 30 ਮੀਟਰਿਕ ਟਨ ਦਾ ਕੋਲਡ ਸਟੋਰ ਦੀ ਪ੍ਰੋਜੈਕਟ ਤਜਵੀਜ਼ ਰਾਸ਼ਟਰੀ ਕਿਸਾਨ ਵਿਕਾਸ ਯੋਜਨਾ ਅਧੀਨ ਪ੍ਰਵਾਨ ਕੀਤੀ ਗਈ ਹੈ। ਰੇਸ਼ਮ ਉਤਪਾਦਨ ਰਾਹੀਂ ਕਕੂਨ ਉਤਪਾਦਨ ਵਿੱਚ ਵਾਧਾ ਕਰਨ ਲਈ ਰਾਜ ਵਿਚ ਰੇਸ਼ਮ ਉਤਪਾਦਨ ਦੇ ਵਿਕਾਸ ਲਈ 158.15 ਲੱਖ ਰੁਪਏ ਦਾ ਇਕ ਪ੍ਰੋਜੈਕਟ ਭਾਰਤ ਸਰਕਾਰ ਨੂੰ ਭੇਜਿਆ ਗਿਆ ਹੈ।

## ਗੰਨਾ ਉਤਪਾਦਕ

27. ਰਾਜ ਦੇ ਗੰਨਾ ਉਤਪਾਦਕਾਂ ਦੀ ਸਹਾਇਤਾ ਕਰਨ ਲਈ ਸਾਲ 2018-19 ਲਈ 180 ਕਰੋੜ ਦਾ ਰਾਖਵਾਂਕਰਨ ਕੀਤਾ ਹੈ।

## ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ

28. ਫ਼ਸਲੀ ਰਹਿੰਦ-ਖੂੰਹਦ ਨੂੰ ਜਲਾਉਣ ਨਾਲ ਵਾਤਾਵਰਣ ਤੇ ਪੈ ਰਹੇ ਪ੍ਰਭਾਵ ਨੂੰ ਲੈ ਕੇ ਅਸੀਂ ਬਹੁਤ ਜ਼ਿਆਦਾ ਗੰਭੀਰ ਹਾਂ ਅਤੇ ਸਾਨੂੰ ਭਰੋਸਾ ਹੈ ਕਿ ਇਸ ਸਮੱਸਿਆ ਦਾ ਹੱਲ ਕੇਵਲ ਦੂਰਦਰਸ਼ੀ ਪਹੁੰਚ ਨਾਲ ਹੀ ਕੀਤਾ ਜਾ ਸਕਦਾ ਹੈ। ਇਸ ਲਈ ਰਾਜ ਵੱਲੋਂ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ ਵਾਸਤੇ ਇਕ ਵਿਵਹਾਰਕ ਅਤੇ ਪ੍ਰਾਪਤੀਯੋਗ ਕਾਰਜਯੋਜਨਾ ਵਿਉਂਤੀ ਗਈ ਹੈ ਅਤੇ ਇਸ ਸਾਲ ਲਈ 100 ਕਰੋੜ ਰੁਪਏ ਦਾ ਖ਼ਰਚ ਮਖ਼ਸੂਸ ਕੀਤਾ ਗਿਆ ਹੈ। ਸਰਕਾਰ ਨੇ ਸੁਪਰ ਸਟਰਾਅ ਮੈਨੇਜਮੈਂਟ ਸਿਸਟਮ (ਐੱਸ.ਐਮ.ਐੱਸ) ਨੂੰ ਆਟੋਮੈਟਿਕ ਕੰਬਾਈਨ ਹਾਰਵੈਸਟਰ ਨਾਲ ਜੋੜਨਾ ਲਾਜ਼ਮੀ ਕਰ ਦਿੱਤਾ ਹੈ। ਰਾਜ ਸਰਕਾਰ ਨੇ ਆਪਣੀਆਂ ਪ੍ਰਮੁੱਖ ਖੇਤੀਬਾੜੀ ਸਹਿਕਾਰੀ ਸੁਸਾਇਟੀਆਂ ਰਾਹੀਂ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ ਲਈ ਲੋੜੀਂਦੀ ਮਸ਼ੀਨਰੀ ਉਪਲਬਧ ਕਰਵਾਉਣ ਲਈ ਪਹਿਲਕਦਮੀ ਵੀ ਕੀਤੀ ਹੈ। ਅਜਿਹੀ ਮਸ਼ੀਨਰੀ ਕਿਸਾਨਾਂ ਵਾਸਤੇ ਕਿਫਾਇਤੀ ਦਰਾਂ ਤੇ ਰਸਮੀ ਕਿਰਾਇਆ ਆਧਾਰ 'ਤੇ ਉਪਲਬਧ ਹੋਵੇਗੀ। ਮੈਂ ਇਸ ਅਜ਼ੀਮ ਸਦਨ ਨੂੰ ਇਹ ਦੱਸਣਾ ਚਾਹਾਂਗਾ ਕਿ ਸਰਕਾਰ ਦੇ ਨਿਰੰਤਰ ਯਤਨਾਂ ਅਤੇ ਕਿਸਾਨਾਂ ਦੇ ਸਮਰਥਨ ਸਦਕਾ ਹੀ ਸਾਲ 2016 ਵਿੱਚ ਇਸ ਸਮੇਂ ਦੌਰਾਨ 85 ਫ਼ੀਸਦ ਦੇ ਮੁਕਾਬਲੇ ਸਾਲ 2017 ਦੀ ਸਾਉਣੀ ਦੌਰਾਨ ਬੀਜੇ ਗਏ ਝੋਨੇ ਦੇ ਖੇਤਰ ਵਿਚ ਪਰਾਲੀ ਸਾੜਨ ਦੇ ਮਾਮਲੇ ਘੱਟ ਕੇ 62 ਫ਼ੀਸਦ ਰਹਿ ਗਏ ਹਨ। (ਵਿਘਨ, ਸ਼ੋਰ)

## ਖੇਤੀਬਾੜੀ ਮੰਡੀਕਰਨ

29. ਖੇਤੀਬਾੜੀ ਵਿਭਿੰਨਤਾ ਦੀ ਸਫਲਤਾ ਕਾਫੀ ਹੱਦ ਤੱਕ ਮੰਡੀਕਰਨ ਤੇ ਨਿਰਭਰ ਕਰਦੀ ਹੈ। ਇਸ ਤੱਥ ਨੂੰ ਧਿਆਨ ਵਿਚ ਰੱਖਦੇ ਹੋਏ ਸਾਲ 2018-19 ਦੌਰਾਨ ਰਾਜ ਦੀਆਂ ਖੇਤੀਬਾੜੀ ਮੰਡੀਆਂ ਦੇ ਬੁਨਿਆਦੀ ਢਾਂਚੇ ਨੂੰ ਸੁਧਾਰਨ ਲਈ 750 ਕਰੋੜ ਰੁਪਏ ਦੀ ਲਾਗਤ ਵਾਲਾ ਇਕ ਵਿਸ਼ੇਸ਼ ਪ੍ਰੋਜੈਕਟ ਆਰੰਭ ਕੀਤਾ ਜਾਵੇਗਾ।

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

**ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ**

30. ਖੇਤੀ ਆਮਦਨ, ਵਿਭਿੰਨਤਾ ਅਤੇ ਪੇਂਡੂ ਆਰਥਿਕਤਾ ਦੇ ਵਾਧੇ ਲਈ ਸਰਕਾਰ ਦੇ ਯਤਨਾਂ ਵਿਚ ਪਸ਼ੂਧਨ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਲਈ ਪਸ਼ੂ ਧਨ ਦੀ ਉਤਪਾਦਕਤਾ ਵਿਚ ਵਾਧਾ ਕਰਨ ਉੱਤੇ ਧਿਆਨ ਕੇਂਦਰਤ ਕੀਤਾ ਗਿਆ ਹੈ। ਸਾਲ 2018-19 ਦੌਰਾਨ ਡੇਅਰੀ ਵਿਕਾਸ ਅਤੇ ਦੁੱਧ ਉਤਪਾਦਨ ਵਿਚ ਵਾਧੇ ਲਈ ਡੇਅਰੀ ਉਤਪਾਦਨ ਵਿਚ 6 ਫ਼ੀਸਦ ਦੇ ਵਾਧੇ ਦੇ ਟੀਚੇ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ ਜਿਸ ਤੋਂ ਭਾਵ 190 ਲੱਖ ਲੀਟਰ ਵੇਚਣਯੋਗ ਵਾਧੂ ਦੁੱਧ ਨਾਲ ਪ੍ਰਤੀ ਦਿਨ 340 ਲੱਖ ਲੀਟਰ ਦੁੱਧ ਦਾ ਉਤਪਾਦਨ ਹੈ। ਲੋਕਾਂ ਨੂੰ ਪੇਂਡੂ ਪੱਧਰ ਤੇ ਜਾਗਰੂਕਤਾ ਅਤੇ ਸਿਖਲਾਈ ਰਾਹੀਂ ਵਿਸ਼ੇਸ਼ ਤੌਰ ਤੇ ਅਨੁਸੂਚਿਤ ਜਾਤੀ ਲਾਭਪਾਤਰੀਆਂ ਤੇ ਵਿਸ਼ੇਸ਼ ਜ਼ੋਰ ਦਿੰਦਿਆਂ, ਡੇਅਰੀ ਫਾਰਮਿੰਗ ਲਈ ਪ੍ਰੇਰਿਤ ਕੀਤਾ ਜਾਵੇਗਾ। ਸਿਖਲਾਈ ਅਤੇ ਮਸ਼ੀਨਾਂ ਲਈ ਵਿੱਤੀ ਸਹਾਇਤਾ ਰਾਹੀਂ ਪੇਸ਼ੇਵਰਾਨਾ ਡੇਅਰੀ ਫਾਰਮਾਂ ਨੂੰ ਪ੍ਰੋਤਸਾਹਿਤ ਕੀਤਾ ਜਾਵੇਗਾ ਅਤੇ ਤਕਨੀਕੀ ਜਾਣਕਾਰੀ ਅਤੇ ਫਾਰਮ ਪੱਧਰ ਤੇ ਮੁੱਲ ਵਾਧਾ ਮੁਹੱਈਆ ਕਰਵਾਇਆ ਜਾਵੇਗਾ।ਬੀੜ ਦੋਸਾਂਝ ਵਿਖੇ 12.84 ਕਰੋੜ ਰੁਪਏ ਦੀ ਲਾਗਤ ਨਾਲ ਦੇਸੀ ਦੁਧਾਰੂ ਨਸਲਾਂ ਦੀ ਸੰਭਾਲ ਅਤੇ ਪ੍ਰਸਾਰ ਲਈ ਗੋਕੁਲ ਗ੍ਰਾਮ ਦੀ ਸਥਾਪਨਾ ਕੀਤੀ ਗਈ ਹੈ। ਸਾਲ 2018-19 ਦੌਰਾਨ ਰਾਜ ਵਿਚ ਡੇਅਰੀ ਵਿਕਾਸ ਦੀ ਤਰੱਕੀ ਲਈ ਰਾਸ਼ਟਰੀ ਕਿਸਾਨ ਯੋਜਨਾ ਦੇ ਅੰਤਰਗਤ 50 ਫ਼ੀਸਦ ਗ੍ਰਾਂਟ ਦਿੱਤੀ ਜਾ ਰਹੀ ਹੈ। ਮੈਂ ਪੱਟੀ ਵਿਖੇ ਬਫੈਲੋ ਰਿਸਰਚ ਸੈਂਟਰ ਲਈ 10 ਕਰੋੜ ਰੁਪਏ ਦੇ ਖ਼ਰਚ ਦੀ ਤਜਵੀਜ਼ ਰੱਖਦਾ ਹਾਂ, ਮੈਨੂੰ ਪੂਰਨ ਵਿਸ਼ਵਾਸ ਹੈ ਕਿ ਇਸ ਨਾਲ ਇਸ ਖੇਤਰ ਵਿਚ ਵੀ ਡੇਅਰੀ ਵਿਕਾਸ ਨੂੰ ਲੋੜੀਂਦਾ ਹੁੰਗਾਰਾ ਮਿਲੇਗਾ। (ਵਿਘਨ, ਸ਼ੋਰ)

**ਮੱਛੀ ਪਾਲਣ**

31. ਸਾਲ 2018-19 ਦੌਰਾਨ ਮੱਛੀ ਪਾਲਣ ਅਤੇ ਮੱਛੀ ਉਤਪਾਦਨ ਦੇ ਵੱਧ ਰਹੇ ਖੇਤਰ ਤੇ ਵੀ ਜ਼ੋਰ ਦਿੱਤਾ ਜਾਵੇਗਾ। ਖਾਰੇ ਪਾਣੀ ਵਾਲੇ ਇਲਾਕਿਆਂ ਵਿਚ ਝੀਂਗਾ ਮੱਛੀ ਪਾਲਣ ਦੀ ਸਫਲਤਾ ਦੇ ਮੱਦੇਨਜ਼ਰ ਸਾਲ 2018-19 ਦੌਰਾਨ ਇਸ ਨੂੰ 6 ਜ਼ਿਲ੍ਹਿਆਂ ਵਿਚ ਵਪਾਰਕ ਤੌਰ ਦੇ ਉੱਨਤ ਕੀਤਾ ਜਾਵੇਗਾ। ਮੱਛੀ ਪੂੰਗ ਉਤਪਾਦਨ ਦੇ ਮੌਜੂਦਾ 10 ਕਰੋੜ ਦੇ ਪੱਧਰ ਨੂੰ ਵਧਾ ਕੇ 16 ਕਰੋੜ ਕੀਤਾ ਜਾਵੇਗਾ। ਮੱਛੀ ਪੂੰਗ ਉਤਪਾਦਨ ਨੂੰ ਵਿਸ਼ੇਸ਼ ਹੁਲਾਰਾ ਦੇਣ ਲਈ ਨਿੱਜੀ ਖੇਤਰ ਵਿਚ ਇੱਕ ਮੱਛੀ ਬਰੂਡ ਬੈਂਕ ਅਤੇ ਹੈਚਰੀਆਂ ਸਥਾਪਿਤ ਕੀਤੀਆਂ ਜਾਣਗੀਆਂ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ** ** ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿਚ ਆ ਗਏ, ਜੋ ਕਿ ਮਾਨਯੋਗ ਸਪੀਕਰ ਸਾਹਿਬ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸੂਰ ਪਾਲਣ ਅਤੇ ਬੱਕਰੀ ਪਾਲਣ**

32. ਡੇਅਰੀ, ਮੁਰਗੀ ਪਾਲਣ ਅਤੇ ਮੱਛੀ ਪਾਲਣ ਤੋਂ ਇਲਾਵਾ ਸੂਰ ਪਾਲਣ ਅਤੇ ਬੱਕਰੀ ਪਾਲਣ ਨੂੰ ਪ੍ਰੋਤਸਾਹਿਤ ਕਰਨ ਉਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ। ਸਰਕਾਰੀ ਸੂਰ ਬ੍ਰੀਡਿੰਗ ਫਾਰਮ, ਨਾਭਾ ਦਾ ਨਵੀਨੀਕਰਨ ਅਤੇ ਮਜ਼ਬੂਤੀਕਰਨ ਕੀਤਾ ਗਿਆ ਹੈ। ਹੁਸ਼ਿਆਰਪੁਰ ਅਤੇ ਗੁਰਦਾਸਪੁਰ ਵਿਖੇ ਦੋ ਨਵੇਂ ਸੂਰ ਬਰੀਡਿੰਗ ਫਾਰਮ ਸਥਾਪਿਤ ਕੀਤੇ ਗਏ ਅਤੇ ਕੋਟਕਪੂਰਾ (ਫਰੀਦਕੋਟ) ਕੁਲੇਮਾਜਰਾ (ਪਟਿਆਲਾ) ਅਤੇ ਮੱਤੇਵਾੜਾ (ਲੁਧਿਆਣਾ) ਵਿਖੇ ਤਿੰਨ ਬੱਕਰੀ ਬਰੀਡਿੰਗ ਫਾਰਮਾਂ ਦਾ ਆਧੁਨਿਕੀਕਰਨ ਅਤੇ ਮਜ਼ਬੂਤੀਕਰਨ ਕੀਤਾ ਜਾ ਰਿਹਾ ਹੈ।

---

**Not recorded as ordered by the Chair.

**ਸਹਿਕਾਰਤਾ**

33. ਸਹਿਕਾਰਤਾ ਨੇ ਜਿਥੇ ਵੱਖ ਵੱਖ ਖੇਤਰਾਂ ਵਿਚ ਕਿਸਾਨਾਂ ਦੀ ਤਾਕਤ ਨੂੰ ਸੁਚਾਰੂ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਉਥੇ ਹੀ ਉਨ੍ਹਾਂ ਨੂੰ ਸਵੈ-ਨਿਰਭਰ ਵੀ ਬਣਾਇਆ ਹੈ। ਦਿਹਾਤੀ ਆਰਥਿਕਤਾ ਨੂੰ ਮਜ਼ਬੂਤ ਬਣਾਉਣ ਤੋਂ ਇਲਾਵਾ ਖੇਤੀਬਾੜੀ ਦੀ ਵਿਭਿੰਨਤਾ ਨੂੰ ਪ੍ਰੋਤਸਾਹਿਤ ਕਰਨ ਵਾਲੇ ਇਸ ਖੇਤਰ ਨੂੰ ਸਰਕਾਰੀ ਸਹਾਇਤਾ ਜਾਰੀ ਰਹੇਗੀ। (ਵਿਘਨ, ਸ਼ੋਰ)

**ਡੇਅਰੀ ਸਹਿਕਾਰਤਾ**

34. ਸਹਿਕਾਰੀ ਖੇਤਰ ਵਿਚ ਖੇਤੀਬਾੜੀ ਵਿਭਿੰਨਤਾ ਅਤੇ ਡੇਅਰੀ ਵਿਕਾਸ ਨੂੰ ਪ੍ਰੋਤਸਾਹਿਤ ਕਰਨ ਦੇ ਸਾਡੇ ਯਤਨਾਂ ਦੇ ਨਾਲ ਨਾਲ ਮਿਲਕਫੈਂਡ (ਵੇਰਕਾ) ਵੱਲੋਂ ਬੱਸੀ ਪਠਾਣਾਂ ਵਿਖੇ 10 ਐਲ ਐਲ ਪੀ ਡੀ ਦੀ ਸਮਰੱਥਾ ਵਾਲਾ ਮੈਗਾ ਡੇਅਰੀ ਪ੍ਰਾਜੈਕਟ ਸਥਾਪਤ ਕਰਨ ਦੀ ਯੋਜਨਾ ਬਣਾਈ ਗਈ ਹੈ। ਤਿੰਨ ਪੜਾਵਾਂ ਵਿਚ ਲਾਗੂ ਹੋਣ ਵਾਲੇ ਇਸ ਪ੍ਰਾਜੈਕਟ ਵਿਚ ਬੁਨਿਆਦੀ ਢਾਂਚੇ ਵਿਚ ਸੁਧਾਰ ਕੀਤੇ ਜਾਣ ਦੇ ਨਾਲ ਨਾਲ ਦੁੱਧ ਦੀ ਸੈਪਟਿਕ ਰਹਿਤ, ਪ੍ਰੋਸੈਸਿੰਗ ਅਤੇ ਦੁੱਧ ਅਤੇ ਦੁੱਧ ਉਤਪਾਦਾਂ ਦੀ ਪੈਕਿੰਗ ਅਤੇ ਲੰਬੇ ਸਮੇਂ ਤੱਕ ਵਰਤਣਯੋਗ ਬਣਾਉਣਾ ਸ਼ਾਮਲ ਹੈ, ਤਾਂ ਜੋ ਬਿਹਤਰ ਬਜ਼ਾਰੀ ਮੁੱਲ ਮਿਲ ਸਕੇ ਜਿਸ ਦੇ ਫਲਸਰੂਪ ਕਿਸਾਨਾਂ ਨੂੰ ਫਾਰਮ ਵਿਖੇ ਹੀ ਚੰਗੀਆਂ ਕੀਮਤਾਂ ਪ੍ਰਾਪਤ ਹੋ ਸਕਣ। ਸਾਲ 2018-19 ਵਿਚ ਇਸ ਪ੍ਰਾਜੈਕਟ ਲਈ 65 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

**ਪਸ਼ੂ ਖੁਰਾਕ**

35. ਕਪੂਰਥਲਾ ਵਿਖੇ 13 ਕਰੋੜ ਰੁਪਏ ਦੀ ਲਾਗਤ ਨਾਲ ਨਵਾਂ ਕੈਟਲ ਫੀਡ ਪਲਾਂਟ ਸਥਾਪਿਤ ਕੀਤਾ ਜਾਵੇਗਾ ਜਿਸ ਵਿਚ ਅਤਿ ਆਧੁਨਿਕ ਤਕਨੀਕਾਂ ਅਤੇ ਊਰਜਾ ਕਿਫ਼ਾਇਤੀ ਮਸ਼ੀਨਰੀ ਨਾਲ ਘੱਟੋ ਘੱਟ 20 ਫ਼ੀਸਦ ਈਂਧਣ ਦੀ ਬੱਚਤ ਹੋਵੇਗੀ।

**ਘਿਓ ਅਤੇ ਖਾਣਯੋਗ ਤੇਲ**

36. ਖੰਨਾ ਵਿਖੇ ਮੌਜੂਦਾ ਪੁਰਾਣੀ ਮਸ਼ੀਨਰੀ ਅਤੇ ਪਲਾਂਟ ਨੂੰ ਤਬਦੀਲ ਕਰਕੇ 42 ਕਰੋੜ ਰੁਪਏ ਦੀ ਲਾਗਤ ਨਾਲ ਆਹਲਾ ਦਰਜੇ ਦਾ 80 ਟੀ ਪੀ ਡੀ ਵਨਸਪਤੀ, 50 ਟੀ. ਪੀ. ਡੀ. ਖਾਣਯੋਗ ਤੇਲ ਰਿਫਾਇਨਰੀ ਅਤੇ ਫਰੈਕਸ਼ਨੇਸ਼ਨ ਪਲਾਂਟ ਵੀ ਲਗਾਇਆ ਜਾਵੇਗਾ।

**ਸਹਿਕਾਰੀ ਖੰਡ ਮਿੱਲਾਂ**

37. ਭੋਗਪੁਰ ਵਿਖੇ ਸਹਿਕਾਰੀ ਸੈਕਟਰ ਵਿਚ ਸਭ ਤੋਂ ਪੁਰਾਣੀ ਖੰਡ ਮਿੱਲ ਦੇ ਆਧੁਨਿਕੀਕਰਨ ਅਤੇ ਵਿਸਤਾਰ ਦੇ ਵਿਸ਼ੇਸ਼ ਪ੍ਰੋਜੈਕਟ ਦਾ ਮੰਤਵ ਇਸ ਦੀ ਸਮਰੱਥਾ ਨੂੰ 15 ਮੈਗਾਵਾਟ ਸਹਿ-ਉਤਪਾਦਨ ਦੇ ਨਾਲ 3000 ਟੀ. ਸੀ. ਡੀ. ਤੱਕ ਵਧਾਉਣਾ ਹੈ ਜਿਸ ਦੀ ਕੁੱਲ ਲਾਗਤ 109 ਕਰੋੜ ਰੁਪਏ ਹੈ ਜਿਸ ਉਤੇ ਕਾਰਜ ਚਲ ਰਿਹਾ ਹੈ। ਇਸ ਮੰਤਵ ਲਈ ਸਾਲ 2018-19 ਦੇ ਰਾਜ ਬਜਟ ਵਿਚ 31.31 ਕਰੋੜ ਰੁਪਏ ਦੀ ਵਧੀਕ ਰਕਮ ਮੁਹੱਈਆ ਕਰਵਾਈ ਹੈ। ਬਟਾਲੇ ਵਿਖੇ ਸਰਕਾਰੀ ਖੰਡ ਮਿੱਲ ਦੇ ਆਧੁਨਿਕੀਕਰਣ ਅਤੇ ਅਪਗ੍ਰੇਡੇਸ਼ਨ ਲਈ ਵੀ ਯਤਨ ਕੀਤੇ ਜਾਣਗੇ।(ਵਿਘਨ, ਸ਼ੋਰ)

**ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸੁਸਾਇਟੀਆਂ (ਪੀ.ਏ.ਸੀ.ਐਸ.)**

38. ਸੂਚਨਾ ਤਕਨਾਲੋਜੀ ਰਾਹੀਂ ਪਾਰਦਰਸ਼ਤਾ ਅਤੇ ਕੁਸ਼ਲਤਾ ਲਿਆਉਣ ਲਈ ਸਮੁੱਚੀਆਂ 3,537 ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸੁਸਾਇਟੀਆਂ ਨੂੰ ਅਤਿ ਆਧੁਨਿਕ ਲੀਹਾਂ ਤੇ ਕੰਪਿਊਟ੍ਰੀਕਰਨ ਕੀਤਾ ਜਾਵੇਗਾ। ਇਸ ਸਬੰਧ ਵਿਚ ਸਾਲ 2018-19 ਵਿੱਚ ਲਗਭਗ 45.50 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

**ਨੌਜਵਾਨ, ਰੁਜ਼ਗਾਰ ਅਤੇ ਉਦਯੋਗ**

**ਖੇਡ ਅਤੇ ਯੁਵਕ ਮਾਮਲੇ**

39. ਪੰਜਾਬ ਦੇ ਨੌਜਵਾਨਾਂ ਨੇ ਖੇਡਾਂ ਵਿਚ ਹਮੇਸ਼ਾ ਹੀ ਵਧੀਆ ਪ੍ਰਦਰਸ਼ਨ ਕੀਤਾ ਹੈ ਅਤੇ ਰਾਜ ਸਰਕਾਰ ਵੱਖ-ਵੱਖ ਸਕੀਮਾਂ ਅਧੀਨ, ਜਿਨ੍ਹਾਂ ਵਿਚ ਖੇਲੋ ਇੰਡੀਆ ਵੀ ਸ਼ਾਮਲ ਹੈ, ਵਿਚ ਬੁਨਿਆਦੀ ਢਾਂਚੇ ਦੇ ਨਿਰਮਾਣ/ਮਜ਼ਬੂਤੀਕਰਨ ਅਤੇ ਮੌਜੂਦਾ ਖੇਡ ਮੁਕਾਬਲਿਆਂ ਜਿਨ੍ਹਾਂ ਵਿਚ ਕਿਲ੍ਹਾ ਰਾਏਪੁਰ ਖੇਡਾਂ ਵੀ ਸ਼ਾਮਲ ਹਨ, ਨੂੰ ਪ੍ਰੋਤਸਾਹਿਤ ਕਰਨਾ ਚਾਹੁੰਦੀ ਹੈ। ਇਸ ਮੰਤਵ ਲਈ ਖੇਲੋ ਇੰਡੀਆ ਅਧੀਨ 50 ਲੱਖ ਰੁਪਏ ਦਾ ਰਾਖਵਾਂਕਰਨ ਕੀਤਾ ਗਿਆ ਹੈ।

**ਪਟਿਆਲਾ ਵਿਖੇ ਸਪੋਰਟਸ ਯੂਨੀਵਰਸਿਟੀ**

40. ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਹਮੇਸ਼ਾ ਹੀ ਵੱਖ-ਵੱਖ ਵਿਧਾਵਾਂ ਨਾਲ ਸਬੰਧਿਤ ਯੂਨੀਵਰਸਿਟੀਆਂ ਦੀ ਸਥਾਪਨਾ ਨੂੰ ਤਰਜੀਹ ਦਿੱਤੀ ਹੈ। ਸਰਕਾਰ ਖੇਡ ਗਤੀਵਿਧੀਆਂ ਨੂੰ ਪ੍ਰੋਤਸਾਹਿਤ ਕਰਨ ਲਈ ਪਟਿਆਲਾ ਵਿਖੇ ਇਕ ਸਪੋਰਟਸ ਯੂਨੀਵਰਸਿਟੀ ਸਥਾਪਤ ਕਰਨ ਦੀ ਤਜਵੀਜ਼ ਰੱਖਦੀ ਹੈ। ਮੈਂ ਇਸ ਮੰਤਵ ਲਈ ਸਾਲ 2018-19 ਦੌਰਾਨ 10 ਕਰੋੜ ਰੁਪਏ ਦੇ ਆਰੰਭਕ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ।

**ਬਲਾਕ ਪੱਧਰ 'ਤੇ ਸਟੇਡੀਅਮ**

41. ਸਰਕਾਰ ਰਾਜ ਦੇ ਸਾਰੇ ਬਲਾਕਾਂ ਵਿਚ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਦੇ ਉਦੇਸ਼ ਲਈ ਸਟੇਡੀਅਮ ਸਥਾਪਤ ਕਰਨਾ ਚਾਹੁੰਦੀ ਹੈ। ਸਾਲ 2018-19 ਦੌਰਾਨ ਮੈਂ ਗੁਰੂ ਹਰਿ ਸਹਾਏ, ਟਾਂਡਾ ਉੜਮੁੜ, ਗਿੱਦੜਬਾਹਾ ਅਤੇ ਖਡੂਰ ਸਾਹਿਬ ਸਮੇਤ ਬਲਾਕ ਪੱਧਰ 'ਤੇ ਸਟੇਡੀਅਮ ਸਥਾਪਤ ਕਰਨ ਲਈ 6.25 ਕਰੋੜ ਰੁਪਏ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ।

**ਮੁਹਾਲੀ ਅਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਸ਼ੂਟਿੰਗ ਲਈ ਆਹਲਾ ਦਰਜੇ ਦਾ ਕੇਂਦਰ**

42. ਪੰਜਾਬ ਨੇ ਕਈ ਨਿਸ਼ਾਨੇਬਾਜ ਦਿੱਤੇ ਹਨ ਜਿਨ੍ਹਾਂ ਨੇ ਓਲੰਪਿਕਸ ਅਤੇ ਹੋਰ ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਆਪਣੇ ਜੌਹਰ ਦਿਖਾਏ ਹਨ। ਇਸ ਖੇਡ ਨੂੰ ਪ੍ਰੋਤਸਾਹਿਤ ਕਰਨ ਲਈ ਮੁਹਾਲੀ ਵਿਖੇ ਆਹਲਾ ਦਰਜੇ ਦੀ ਇਕ ਸ਼ੂਟਿੰਗ ਰੇਂਜ ਅਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਇਕ ਨਵਾਂ ਟ੍ਰੈਪ ਅਤੇ ਸਕੀਟ ਸ਼ੂਟਿੰਗ ਰੇਂਜ 2018-19 ਵਿਚ 6 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤੀ ਜਾਵੇਗੀ। (ਵਿਘਨ, ਸ਼ੋਰ)

**ਰੁਜ਼ਗਾਰ ਸਿਰਜਨ ਅਤੇ ਸਿਖਲਾਈ**

**ਘਰ-ਘਰ ਰੁਜ਼ਗਾਰ**

43. ਪੰਜਾਬ ਸਰਕਾਰ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਨਜਿੱਠਣ ਅਤੇ ਘਰ-ਘਰ ਰੁਜ਼ਗਾਰ ਦੀ ਆਪਣੀ ਵਚਨਬੱਧਤਾ ਨੂੰ ਪੂਰਾ ਕਰਨ ਲਈ ਦ੍ਰਿੜ ਹੈ। ਇਹ ਨੌਜਵਾਨਾਂ ਲਈ ਕੈਰੀਅਰ ਰਹਿਨੁਮਾਈ, ਸਲਾਹ ਅਤੇ ਕਿੱਤਾ ਮੁਖੀ ਸਿਖਲਾਈ ਦੇ ਨਾਲ-ਨਾਲ ਢੁਕਵੇਂ ਨੀਤੀ ਪ੍ਰਬੰਧਨ ਰਾਹੀਂ ਰਾਜ ਵਿਚ ਰੁਜ਼ਗਾਰ ਦੇ ਮੌਕਿਆਂ ਵਿਚ ਸੁਧਾਰ ਲਿਆ ਕੇ ਨੌਜਵਾਨਾਂ ਲਈ ਰੁਜ਼ਗਾਰ ਵਿਚ ਵਾਧਾ ਕਰਨ ਲਈ ਵਚਨਬੱਧ ਹੈ।

44. ਪੰਜਾਬ ਦੇ ਸਾਰੇ 22 ਜ਼ਿਲ੍ਹਿਆਂ ਵਿਚ ਰੋਜ਼ਗਾਰ ਅਤੇ ਉੱਦਮ ਦੇ ਜ਼ਿਲ੍ਹਾ ਬਿਊਰੋ ਸਥਾਪਤ ਅਤੇ ਕਾਰਜਸ਼ੀਲ ਕੀਤੇ ਜਾ ਰਹੇ ਹਨ। ਇਹ ਬਿਊਰੋ ਜ਼ਿਲ੍ਹਾ ਪੱਧਰ ਤੇ ਵਿਭਾਗਾਂ ਵਿਚਕਾਰ ਰੋਜ਼ਗਾਰ ਸਿਰਜਣਾ, ਹੁਨਰ ਸਿਖਲਾਈ, ਸਵੈ-ਰੋਜ਼ਗਾਰ ਅਤੇ ਉਦਮ ਵਿਕਾਸ ਲਈ ਵੱਖ ਵੱਖ ਸਕੀਮਾਂ ਦੇ ਲਾਗੂਕਰਨ ਵਿਚ ਲੋੜੀਂਦਾ ਤਾਲਮੇਲ, ਨਿਗਰਾਨੀ ਅਤੇ ਪ੍ਰਭਾਵਕਾਰੀ ਤਾਲਮੇਲ ਲਿਆਉਣਗੇ ਅਤੇ ਵਿਦੇਸ਼ਾਂ ਵਿਚ ਰੋਜ਼ਗਾਰ ਪ੍ਰਾਪਤੀ ਵਿਚ ਵੀ ਸਹਾਇਤਾ ਕਰਨਗੇ। ਮੈਂ ਇਨ੍ਹਾਂ ਲਈ ਸਾਲ 2018-19 ਦੇ ਬਜਟ ਵਿਚ 20 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਕਰਦਾ ਹਾਂ।

### ਨੌਜਵਾਨਾਂ ਨੂੰ ਨੌਕਰੀਦਾਤਾਵਾਂ ਨਾਲ ਜੋੜਨਾ

45. ਰੋਜ਼ਗਾਰ ਸਿਰਜਨਾ ਅਤੇ ਸਿਖਲਾਈ ਵਿਭਾਗ, ਪੰਜਾਬ (ਈਜੀਟੀ) ਨੇ ਉਦਯੋਗਾਂ ਵਿਚ ਨੌਜਵਾਨਾਂ ਦੀਆਂ ਪੱਕੀਆਂ ਨੌਕਰੀਆਂ ਲਈ ਅਤੇ ਉਦਯੋਗਪਤੀਆਂ/ਸੇਵਾਵਾਂ ਖੇਤਰ ਨੂੰ ਇਕ ਦੂਜੇ ਨਾਲ ਤਾਲਮੇਲ ਕਰਨ ਲਈ ਅਤੇ ਹੁਨਰਮੰਦ ਨੌਜਵਾਨਾਂ ਲਈ ਇੱਕ ਸੂਚਨਾ ਤਕਨਾਲੋਜੀ ਪਲੇਟਫਾਰਮ ਦਾ ਵੀ ਵਿਕਾਸ ਕੀਤਾ ਹੈ। (ਵਿਘਨ, ਸ਼ੋਰ)

## ਉਦਯੋਗ ਅਤੇ ਵਣਜ ਵਿਕਾਸ

### ਰਿਆਇਤੀ ਬਿਜਲੀ

ਜਨਾਬ ਸਪੀਕਰ ਸਾਹਿਬ,

46. ਪੰਜਾਬ ਹਮੇਸ਼ਾ ਹੀ ਇੱਕ ਬਹੁਤ ਮਜ਼ਬੂਤ ਐੱਮ.ਐੱਸ.ਐੱਮ.ਈ. ਖੇਤਰ ਰਿਹਾ ਹੈ ਜਿਸ ਨੇ ਨਾ ਕੇਵਲ ਰੋਜ਼ਗਾਰ ਮੁਹੱਈਆ ਕਰਵਾਇਆ ਸਗੋਂ ਰਾਜ ਦੀ ਆਰਥਿਕਤਾ ਵਿਚ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ ਪਰ ਪਿਛਲੇ ਕੁਝ ਸਾਲਾਂ ਦੌਰਾਨ ਇਸ ਨੇ ਤਤਕਾਲੀਨ ਸਰਕਾਰ ਦੁਆਰਾ ਗੰਭੀਰ ਅਣਗਹਿਲੀ ਦਾ ਸਾਹਮਣਾ ਕੀਤਾ ਅਤੇ ਇਸ ਨੂੰ ਸਹਾਇਤਾ ਦੀ ਜ਼ਰੂਰਤ ਹੈ। ਮਾਣਯੋਗ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ 1440 ਕਰੋੜ ਰੁਪਏ ਦੀ ਸਬਸਿਡੀ ਉਦਯੋਗਾਂ ਨੂੰ ਮੁਹੱਈਆ ਕਰਵਾਈ ਹੈ ਅਤੇ 5 ਰੁਪਏ ਪ੍ਰਤੀ ਯੂਨਿਟ ਦੀ ਪਰਿਵਰਤਨਸ਼ੀਲ ਲਾਗਤ ਨਾਲ ਉਦਯੋਗ ਨੂੰ ਬਿਜਲੀ ਮੁਹੱਈਆ ਕਰਵਾਈ ਜੋ ਕਿ ਰਾਜ ਦੇ ਇਤਿਹਾਸ ਵਿਚ ਕਿਸੇ ਵੀ ਸਰਕਾਰ ਨੇ ਪਹਿਲਾਂ ਕਦੇ ਵੀ ਨਹੀਂ ਕੀਤਾ।

### ਉਦਯੋਗ ਅਤੇ ਵਪਾਰਕ ਵਿਕਾਸ ਨੀਤੀ-2017

47. ਰਾਜ ਸਰਕਾਰ ਨੇ ਉਦਯੋਗਿਕ ਅਤੇ ਵਪਾਰਕ ਵਿਕਾਸ ਨੀਤੀ 2017 ਅਧਿਸੂਚਿਤ ਕੀਤੀ ਹੈ ਜੋ ਕਿ ਰਾਜ ਨੂੰ ਵਿਕਾਸ ਅਤੇ ਖੁਸ਼ਹਾਲੀ ਦੀ ਰਾਹ ਤੇ ਮੁੜ ਵਾਪਸ ਲਿਆਉਣ ਦੇ ਨਜ਼ਰੀਏ ਦਾ ਇੱਕ ਹਿੱਸਾ ਹੈ।

### ਉਦਯੋਗਿਕ ਪਾਰਕਾਂ ਅਤੇ ਮਿਲਖਾਂ ਲਈ ਬੁਨਿਆਦੀ ਢਾਂਚਾ

48. ਰਾਜ ਇਸ ਦੀ ਸਾਂਭ-ਸੰਭਾਲ ਲਈ ਮਜ਼ਬੂਤ ਨੀਤੀਆਂ ਨਾਲ ਵਧੀਆ ਉਦਯੋਗਿਕ ਬੁਨਿਆਦੀ ਢਾਂਚਾ ਵਿਕਸਤ ਕਰੇਗਾ। ਉਦਯੋਗਿਕ ਪਾਰਕ ਅਤੇ ਉਦਯੋਗਿਕ ਮਿਲਖਾਂ ਇੱਕ ਏਜੰਸੀ ਅਧੀਨ ਲਿਆਂਦੀਆ ਜਾਣਗੀਆਂ ਅਤੇ ਇਨ੍ਹਾਂ ਮਿਲਖਾਂ ਵਿਚ ਸਾਰੀਆਂ ਆਮ ਅਤੇ ਜ਼ਰੂਰੀ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਮਿਲਖ ਪ੍ਰਬੰਧ ਦੀਆਂ ਸਾਰੀਆਂ ਨੀਤੀਆਂ ਦਾ ਸਰਲੀਕਰਨ ਕੀਤਾ ਜਾਵੇਗਾ। 55.40 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਨਾਭਾ ਵਿਖੇ ਇੱਕ ਆਧੁਨਿਕ ਫੋਕਲ ਪੁਆਇੰਟ ਵਿਕਸਤ ਕੀਤਾ ਜਾ ਰਿਹਾ ਹੈ। ਸਮੂਹਿਕ ਬੁਨਿਆਦੀ ਢਾਂਚਾ ਵਿਕਾਸ ਸਕੀਮ (ਆਈ.ਆਈ.ਡੀ.) ਅਧੀਨ ਸਾਡੀ ਸਰਕਾਰ ਉਦਯੋਗਿਕ ਫੋਕਲ ਪੁਆਇੰਟ, ਲੁਧਿਆਣਾ ਫੇਜ਼ ਚਾਰ, ਜਲੰਧਰ (ਪੁਰਾਣਾ ਅਤੇ ਵਿਸਥਾਰਤ), ਬਠਿੰਡਾ (ਨਵਾਂ) ਅਤੇ ਮੰਡੀ ਗੋਬਿੰਦਗੜ੍ਹ ਨੂੰ ਅਪਗ੍ਰੇਡ ਕਰੇਗੀ। ਮੈਂ ਖੰਨਾ, ਲੁਧਿਆਣਾ ਫੇਜ਼ ਅੱਠ ਅਤੇ ਪਟਿਆਲਾ ਵਿਖੇ ਮੌਜੂਦਾ ਉਦਯੋਗਿਕ ਮਿਲਖਾਂ/ਫੋਕਲ

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

ਪੁਆਇੰਟਾਂ ਵਿਚ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ ਅਤੇ ਵਿਕਾਸ ਲਈ 10 ਕਰੋੜ ਰੁਪਏ ਦੇ ਆਰੰਭਕ ਰਾਖਵੇਂਕਰਨ ਦੀ ਤਜਵੀਜ਼ ਕਰਦਾ ਹਾਂ।

49. ਰਾਜ ਚੰਡੀਗੜ੍ਹ-ਲੁਧਿਆਣਾ-ਅੰਮ੍ਰਿਤਸਰ ਅਤੇ ਚੰਡੀਗੜ੍ਹ-ਹੁਸ਼ਿਆਰਪੁਰ-ਗੁਰਦਾਸਪੁਰ ਦਾ ਸ਼ਹਿਰੀ ਉਦਯੋਗਿਕ ਗਲਿਆਰਿਆਂ ਵਜੋਂ ਵੀ ਵਿਕਾਸ ਕਰੇਗਾ।

50. ਰਾਜ ਐੱਸ. ਏ. ਐੱਸ. ਨਗਰ ਮੋਹਾਲੀ ਵਿਚ ਇੱਕ ਵਿਸ਼ੇਸ਼ ਮਾਰਬਲ ਮਾਰਕਿਟ, ਟ੍ਰਾਂਸਪੋਰਟ ਨਗਰ ਅਤੇ ਆਟੋਮੋਬਾਇਲ ਮਾਰਕਿਟ ਦਾ ਵੀ ਵਿਕਾਸ ਕਰੇਗਾ। (ਵਿਘਨ, ਸ਼ੋਰ)

**ਸਟਾਰਟ-ਅੱਪ ਅਤੇ ਉੱਦਮੀਕਰਨ**

51. ਰਾਜ ਇੱਕ ਮਜ਼ਬੂਤ ਈਕੋ ਸਿਸਟਮ ਦੇ ਵਿਕਾਸ ਲਈ ਟੀਚਾਬੱਧ ਯਤਨ ਕਰੇਗਾ ਜਿਸ ਵਿਚ ਸਟਾਰਟ-ਅੱਪਜ਼ ਅਤੇ ਉੱਦਮੀ ਆਪਣੀ ਸਰਵੋਤਮ ਸਮਰੱਥਾ ਪ੍ਰਾਪਤ ਕਰ ਸਕਣ। ਸਟਾਰਟ-ਅੱਪ ਅਤੇ ਉੱਦਮਤਾ ਦੀ ਤਰੱਕੀ ਲਈ ਕਾਰਵਾਈ ਯੋਜਨਾ ਅਤੇ ਰਣਨੀਤੀ ਦੀ ਅਗਵਾਈ ਲਈ ਵਿਭਾਗ ਇੱਕ ਸਮਰਪਿਤ ਸੰਸਥਾ ਸਥਾਪਤ ਕਰੇਗਾ।

**ਹੁਨਰਮੰਦ ਕਾਮੇ**

52. ਵਿਸ਼ਵ ਪੱਧਰ ਤੇ ਮੁਕਾਬਲਾ ਕਰਨ ਦੇ ਸਮਰੱਥ ਬਣਨ ਲਈ ਉਦਯੋਗ ਦੁਆਰਾ ਅਗਲੀ ਪੀੜੀ ਦੇ ਨਿਰਮਾਣ ਨੂੰ ਅਪਣਾਉਣ ਦੀ ਸਖ਼ਤ ਜ਼ਰੂਰਤ ਪ੍ਰਤੀ ਰਾਜ ਸੁਚੇਤ ਹੈ। ਘੱਟ ਹੁਨਰਮੰਦ ਕਾਮੇ ਤੇ ਜ਼ਿਆਦਾ ਨਿਰਭਰਤਾ, ਪੁਨਰ-ਹੁਨਰ ਸਿਖਲਾਈ ਜਾਂ ਮੌਜੂਦਾ ਕਾਮਿਆਂ ਦੇ ਹੁਨਰ ਦਾ ਬਿਹਤਰੀਕਰਨ ਉਨ੍ਹਾਂ ਨੂੰ ਨਵੀਆਂ ਲੋੜਾਂ ਲਈ ਤਿਆਰ ਕਰਨ ਲਈ ਲੋੜੀਂਦਾ ਹੋਵੇਗਾ। ਰਾਜ ਵੱਖੋ-ਵੱਖ ਉਤਪਾਦਨ ਖੇਤਰਾਂ ਵਿੱਚ ਸਮੂਹ ਵਿਸ਼ੇਸ਼ ਕੁਸ਼ਲਤਾ ਕੇਂਦਰਾਂ ਦੀ ਸਥਾਪਨਾ ਕਰੇਗਾ।

**ਕਾਰੋਬਾਰ ਕਰਨ ਦੀ ਸੌਖ**

53. ਰਾਜ ਕਾਰੋਬਾਰ ਹਿਤੈਸ਼ੀ ਸੇਵਾ ਪ੍ਰਦਾਨ ਕਰਨ ਵਾਲੇ ਨੈੱਟਵਰਕ ਅਤੇ ਇੱਕ ਸਾਂਝੇ ਏਕੀਕ੍ਰਿਤ ਮੰਚ ਰਾਹੀਂ ਕਾਰੋਬਾਰਾਂ ਨੂੰ ਸਾਰੀਆਂ ਨਿਯਮਿਤ ਸੇਵਾਵਾਂ ਅਤੇ ਵਿੱਤੀ ਪ੍ਰੋਤਸਾਹਨ ਮੁਹੱਈਆ ਕਰਨ ਲਈ "ਬਿਜ਼ਨਸ ਫਸਟ" ਪੋਰਟਲ ਸਥਾਪਤ ਕਰਕੇ ਨਿਵੇਸ਼ ਪੰਜਾਬ ਪਹਿਲਕਦਮੀ ਨੂੰ ਮਜ਼ਬੂਤ ਕਰੇਗਾ।

**ਮਾਲੀ ਅਤੇ ਗ਼ੈਰ-ਮਾਲੀ ਪ੍ਰੋਤਸਾਹਨ**

54. ਨਵੇਂ ਨਿਵੇਸ਼ਾਂ ਨੂੰ ਆਕਰਸ਼ਿਤ ਕਰਨ ਅਤੇ ਮੌਜੂਦਾ ਉਦਯੋਗਾਂ ਦੇ ਵਿਕਾਸ ਵਿਚ ਸਹਾਇਤਾ ਲਈ ਰਾਜ ਨੇ ਵੱਖੋ ਵੱਖ ਮਾਲੀ ਅਤੇ ਗ਼ੈਰ ਮਾਲੀ ਪ੍ਰੋਤਸਾਹਨ ਮੁਹੱਈਆ ਕਰਵਾਏ ਹਨ। ਇਹ ਨੀਤੀ ਵਿੱਤ, ਤਕਨਾਲੋਜੀ, ਮਾਰਕਿਟ, ਬੁਨਿਆਦੀ ਢਾਂਚਾ ਅਤੇ ਹੋਰ ਲੋੜਾਂ ਤੱਕ ਪਹੁੰਚ ਨੂੰ ਮਜ਼ਬੂਤ ਕਰਨ ਲਈ ਲਘੂ, ਛੋਟੇ ਅਤੇ ਦਰਮਿਆਨੇ ਉਦਮਾਂ ਨੂੰ ਮਜ਼ਬੂਤ ਸਹਾਇਤਾ ਮੁਹੱਈਆ ਕਰਵਾਉਂਦੀ ਹੈ। ਰਾਜ ਨੇ ਵਿਕਾਸ ਲਈ ਕੁਝ ਤਰਜੀਹੀ ਖੇਤਰਾਂ ਦੀ ਸ਼ਨਾਖਤ ਕੀਤੀ ਹੈ ਅਤੇ ਉਨ੍ਹਾਂ ਨੂੰ ਵਧੇਰੇ ਪ੍ਰੋਤਸਾਹਨ ਮੁਹੱਈਆ ਕਰਵਾਏ ਗਏ ਹਨ। ਬੀਮਾਰ ਉਦਯੋਗਾਂ ਨੂੰ ਸੁਰਜੀਤ ਕਰਨ ਲਈ ਵਿਸ਼ੇਸ਼ ਲਾਭ ਵੀ ਦਿੱਤੇ ਗਏ ਹਨ। ਐਕਸਟ੍ਰੀਮ ਬੋਰਡਰ ਜ਼ੋਨ ਨੂੰ ਵੀ ਵਿਸ਼ੇਸ਼ ਪ੍ਰੋਤਸਾਹਨ ਦਿੱਤੇ ਗਏ ਹਨ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਬਹਿਸ ਵਿੱਚ ਆਪਣੀ ਗੱਲ ਕਹਿ ਸਕਦੇ ਹੋ। ਹੁਣ ਬੈਠ ਜਾਓ।(ਵਿਘਨ, ਸ਼ੋਰ) ਬਜਟ ਦੌਰਾਨ ਇਸ ਤਰ੍ਹਾਂ ਨਾ ਕਰੋ।

## ਸੂਚਨਾ ਤਕਨਾਲੋਜੀ

### ਉਦਯੋਗਿਕ ਫੋਕਲ ਪੁਆਇੰਟ, ਅੰਮ੍ਰਿਤਸਰ ਵਿਖੇ ਐੱਸ.ਟੀ.ਪੀ.ਆਈ. ਸੈਂਟਰ ਦੀ ਸਥਾਪਨਾ

55. ਭਾਰਤ ਸਰਕਾਰ ਨਾਲ ਭਾਈਵਾਲੀ ਵਿੱਚ ਰਾਜ ਨੇ ਅੰਮ੍ਰਿਤਸਰ ਵਿਖੇ ਇਕ ਹੋਰ ਸਾਫਟਵੇਅਰ ਤਕਨਾਲੋਜੀ ਪਾਰਕ ਆਫ ਇੰਡੀਆ ਸਥਾਪਤ ਕਰਨ ਲਈ ਸਹਿਮਤੀ ਦਿੱਤੀ ਹੈ। ਇਹ ਇਸ ਖੇਤਰ ਵਿਚ ਸਾਫਟਵੇਅਰ ਉਦਯੋਗ ਦੇ ਸਮੂਹਿਕ ਵਿਕਾਸ ਲਈ ਲੋੜੀਂਦਾ ਜ਼ੋਰ ਦੇਵੇਗਾ। ਜਦੋਂ ਐੱਸ ਟੀ ਪੀ ਆਈ ਅੰਮ੍ਰਿਤਸਰ ਵਿਖੇ ਆਪਣੇ ਇਨਕਿਊਬੇਸ਼ਨ ਬੁਨਿਆਦੀ ਢਾਂਚੇ ਅਤੇ ਦੂਸਰੀਆਂ ਸੁਵਿਧਾਵਾਂ ਦੀ ਸਥਾਪਤੀ ਕਰ ਲੈਂਦਾ ਹੈ ਤਾਂ ਬਹੁਤ ਸਾਰੀਆਂ ਯੂਨਿਟਾਂ ਦੇ ਤੇਜ਼ੀ ਨਾਲ ਵਿਕਾਸ ਕਰਨ ਦੀ ਸੰਭਾਵਨਾ ਹੈ।

------------

## WALK-OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਕਿਸਾਨਾਂ ਦਾ 90 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫ ਨਾ ਕਰਨ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿਚ ** ** ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ-ਆਊਟ ਕਰ ਗਏ।)

----------

## PRESENTATION OF BUDGET ESTIMATES FOR THE YEAR 2018-19
## *(Resumption)*

### ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ : ਭਾਰਤ ਬੀ.ਪੀ.ਓ. ਤਰੱਕੀ ਸਕੀਮ

56. ਭਾਰਤ ਬੀ. ਪੀ. ਓ. ਤਰੱਕੀ ਸਕੀਮ (ਆਈ.ਬੀ.ਪੀ.ਐੱਸ.) ਰਾਜ ਵਿਚ ਬੀ ਪੀ ਓ/ਆਈ ਟੀ ਈ ਐੱਸ ਸੰਚਾਲਨ ਅਤੇ ਸਥਾਪਨਾ, ਰੁਜ਼ਗਾਰ ਮੌਕਿਆਂ ਦੀ ਸਿਰਜਣਾ ਨੂੰ ਪ੍ਰੋਤਸਾਹਨ ਦੇਣ ਦੇ ਉਦੇਸ਼ ਨਾਲ ਯੋਗ ਕੰਪਨੀਆਂ ਨੂੰ ਵਾਇਬਿਲਟੀ ਗੈਪ ਫੰਡਿੰਗ (ਵੀ.ਜੀ.ਐੱਫ.) ਦੇ ਰੂਪ ਵਿਚ ਪੂੰਜੀਗਤ ਸਹਾਇਤਾ ਨੂੰ ਚਿਤਵਦੀ ਹੈ। ਇਸ ਨਾਲ ਪੰਜਾਬ ਵਿਚ ਇਸ ਸੈਕਟਰ ਵਿਚ 3000 ਤੋਂ ਵੀ ਵੱਧ ਨੌਕਰੀਆਂ ਦੀ ਸਿਰਜਣਾ ਹੋਣ ਦੀ ਆਸ ਹੈ। (ਵਿਘਨ, ਸ਼ੋਰ)

## ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ

### ਪੰਜਾਬ ਰਾਜ ਸੈਰ ਸਪਾਟਾ ਨੀਤੀ, 2018

57. ਸਾਡੀ ਸਰਕਾਰ ਨੇ ਸੈਰ ਸਪਾਟਾ ਉਦਯੋਗ ਨੂੰ ਉਤਸ਼ਾਹਤ ਕਰਨ ਲਈ ਪੰਜਾਬ ਰਾਜ ਸੈਰ ਸਪਾਟਾ ਨੀਤੀ, 2018 ਅਧਿਸੂਚਿਤ ਕੀਤੀ ਹੈ ਤਾਂ ਜੋ ਅਗਲੇ ਪੰਜ ਸਾਲਾਂ ਵਿਚ ਰਾਜ ਵਿਚ ਘਰੇਲੂ ਅਤੇ ਵਿਦੇਸ਼ੀ ਸੈਲਾਨੀਆਂ ਦੀ ਆਮਦ ਨੂੰ ਦੁੱਗਣਾ ਕੀਤਾ ਜਾ ਸਕੇ। ਨੀਤੀ ਦਾ ਵਿਸ਼ੇਸ਼ ਧਿਆਨ ਮੈਡੀਕਲ ਟੂਰਿਜ਼ਮ, ਫਿਲਮ ਟੂਰਿਜ਼ਮ, ਦਿਹਾਤੀ ਟੂਰਿਜ਼ਮ ਅਤੇ ਥੀਮੈਟਿਕ ਸਰਕਟ ਜਿਵੇਂ ਕਿ ਹੈਰੀਟੇਜ ਸਰਕਟ, ਮਹਾਰਾਜਾ ਸਰਕਟ, ਮੁਗਲ ਸਰਕਟ, ਸੂਫ਼ੀ ਸਰਕਟ ਆਦਿ ਦੇ ਵਿਕਾਸ ਉਪਰ ਕੇਂਦਰਿਤ ਹੈ।

---

** Not recorded as ordered by the Chair.

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

58. ਪੰਜਾਬ ਕੋਲ ਕੌਮੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਮੈਡੀਕਲ ਟੂਰਿਜ਼ਮ ਦਾ ਕੇਂਦਰ ਬਣਨ ਦੀ ਸਮਰੱਥਾ ਹੈ। ਇਸ ਕੋਲ ਰਾਜ ਵਿਚ ਫਿਲਮ ਟੂਰਿਜ਼ਮ ਦੀ ਉੱਨਤੀ ਲਈ ਬਹੁਤ ਵੱਡੀ ਅਣਵਰਤੀ ਸਮਰੱਥਾ ਹੈ। ਕੌਮੀ ਅਤੇ ਅੰਤਰਰਾਸ਼ਟਰੀ ਫਿਲਮ ਪ੍ਰੋਡਕਸ਼ਨ ਹਾਊਸ ਨੂੰ ਆਕਰਸ਼ਤ ਕਰਨ ਲਈ ਅਸੀਂ ਫਿਲਮਾਂ ਨੂੰ ਫਿਲਮਾਉਣ ਦੇ ਮੰਤਵ ਲਈ ਸਿੰਗਲ ਵਿੰਡੋ ਕਲੀਅਰੈਂਸ ਮੁਹੱਈਆ ਕਰਨ ਲਈ ਫਿਲਮ ਟੂਰਿਜ਼ਮ ਨੀਤੀ ਉੱਤੇ ਕਾਰਜ ਕਰ ਰਹੇ ਹਾਂ ਤਾਂ ਜੋ ਪੰਜਾਬ ਨੂੰ ਇਸ ਮੰਤਵ ਲਈ ਤਰਜੀਹੀ ਮੁਕਾਮ ਬਣਾਇਆ ਜਾ ਸਕੇ। (ਵਿਘਨ, ਸ਼ੋਰ)

**ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ : ਸੱਭਿਆਚਾਰਕ ਪਾਲਿਸੀ**

59. ਰਾਜ ਨੇ ਪਹਿਲੀ ਵਾਰ ਸੱਭਿਆਚਾਰਕ ਨੀਤੀ ਵੀ ਅਧਿਸੂਚਿਤ ਕੀਤੀ ਹੈ। ਨੀਤੀ ਦਾ ਉਦੇਸ਼ ਰਾਜ ਦੇ ਅਮੀਰ ਸੱਭਿਆਚਾਰਕ ਅਤੇ ਕੁਦਰਤੀ ਵਿਰਸੇ ਨੂੰ ਉੱਨਤ, ਸੁਰੱਖਿਅਤ ਅਤੇ ਸੰਭਾਲ ਕਰਨ ਦਾ ਉਦੇਸ਼ ਰੱਖਦੀ ਹੈ। ਇਸ ਵਿਚ ਬੁਨਿਆਦੀ ਢਾਂਚਾ ਵਿਕਾਸ ਅਤੇ ਲੋੜੀਂਦੇ ਪ੍ਰਬੰਧਕੀ ਢਾਂਚੇ ਦੀ ਉਸਾਰੀ ਰਾਹੀਂ ਕਲਾ ਅਤੇ ਸੱਭਿਆਚਾਰ ਦੇ ਸ਼ੌਂਕ ਨੂੰ ਇਕ ਜਨੂੰਨ ਵਾਲਾ ਮਾਹੌਲ ਮੁਹੱਈਆ ਕਰਵਾਉਣਾ ਸ਼ਾਮਲ ਹੈ।

**ਜਨਾਬ ਸਪੀਕਰ ਸਾਹਿਬ,**

60. ਸਾਡੇ ਤਿਉਹਾਰ ਸਾਡੇ ਪੰਜਾਬੀਆਂ ਦੀ ਮੌਜ ਮਸਤੀ ਦੀ ਭਾਵਨਾ, ਭਾਈਚਾਰਕ ਏਕਤਾ ਅਤੇ ਜੋਸ਼ੀਲੇ ਜੀਵਨ ਨੂੰ ਪ੍ਰਤੀਬਿੰਬਤ ਕਰਦੇ ਹਨ। ਇਸ ਸਾਲ ਦੌਰਾਨ ਅਸੀਂ ਇਕ ਅਜਿਹਾ ਕੈਲੰਡਰ ਉਲੀਕਾਂਗੇ ਜੋ ਰਾਜ ਵਿਚ ਤਿਉਹਾਰ ਮਨਾਉਣ ਦੀ ਝਾਤ ਪੁਆਏਗਾ। ਸਾਡੇ ਇਹ ਯਤਨ ਲੋਕਾਂ ਖਾਸ ਤੌਰ 'ਤੇ ਨੌਜਵਾਨਾਂ ਅਤੇ ਗ਼ੈਰ-ਪ੍ਰਵਾਸੀ ਭਾਰਤੀਆਂ ਨੂੰ ਮੇਲਿਆਂ ਅਤੇ ਸੱਭਿਆਚਾਰ ਦੇ ਸਾਡੇ ਮਹਾਨ ਵਿਰਸੇ ਨਾਲ ਜੋੜਨ ਲਈ ਹਨ। ਸਾਲ 2018-19 ਵਿੱਚ ਇਸ ਮੰਤਵ ਲਈ 5 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।

**ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣਾ**

61. ਰਾਜ ਵੱਲੋਂ ਸਾਲ 2019 ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਪੂਰਨ ਸਮਰਪਣ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਨ੍ਹਾਂ ਸਮਾਗਮਾਂ ਦੀਆਂ ਤਿਆਰੀਆਂ ਲਈ ਸਾਲ 2018-19 ਦੇ ਬਜਟ ਵਿਚ 100 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ ਜਿਨ੍ਹਾਂ ਵਿਚ ਸੁਲਤਾਨਪੁਰ ਲੋਧੀ ਲਈ 10 ਕਰੋੜ ਰੁਪਏ ਅਤੇ ਡੇਰਾ ਬਾਬਾ ਨਾਨਕ ਲਈ 10 ਕਰੋੜ ਰੁਪਏ ਦੀ ਵਿਸ਼ੇਸ਼ ਗ੍ਰਾਂਟ ਇਨ੍ਹਾਂ ਅਸਥਾਨਾਂ ਤੇ ਆਉਣ ਵਾਲੇ ਸ਼ਰਧਾਲੂਆਂ ਲਈ ਲੋੜੀਂਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣ ਲਈ ਸ਼ਾਮਲ ਹਨ ਅਤੇ ਇਨ੍ਹਾਂ ਉਤਸਵਾਂ ਦੇ ਹਿੱਸੇ ਵਜੋਂ 25 ਕਰੋੜ ਰੁਪਏ ਗੁਰੂ ਨਾਨਕ ਦੇਵ ਯੂਨੀਵਰਸਿਟੀ ਲਈ ਰਾਖਵੇਂ ਕੀਤੇ ਹਨ।

62. ਅਸੀਂ ਆਜ਼ਾਦੀ ਦੇ ਸੰਘਰਸ਼ ਦੌਰਾਨ ਜਲ੍ਹਿਆਂ ਵਾਲਾ ਬਾਗ ਵਿਖੇ ਸਾਡੇ ਭਰਾਵਾਂ ਦੇ ਸਰਵਉੱਚ ਬਲੀਦਾਨ ਦੀ ਸ਼ਤਾਬਦੀ ਨੂੰ ਵੀ ਮਨਾਉਣ ਜਾ ਰਹੇ ਹਾਂ। ਇਸ ਘਟਨਾ ਦੀ ਯਾਦ ਨੂੰ ਮਨਾਉਣ ਲਈ 10 ਕਰੋੜ ਰੁਪਏ ਦਾ ਖ਼ਰਚ ਮੁਹੱਈਆ ਕਰਵਾਇਆ ਜਾ ਰਿਹਾ ਹੈ। (ਵਿਘਨ, ਸ਼ੋਰ)

**ਜੈਤੋ ਮੋਰਚਾ ਦੀ ਯਾਦ ਵਿਚ ਯਾਦਗਾਰੀ ਸਮਾਰਕ ਦੀ ਸਥਾਪਨਾ ਅਤੇ ਹੋਰ ਸਮਾਰਕਾਂ ਨੂੰ ਮੁਕੰਮਲ ਕਰਨਾ**

63. ਸਾਲ 2018-19 ਦੌਰਾਨ ਸਮਾਰਕਾਂ ਨੂੰ ਮੁਕੰਮਲ ਕਰਨ ਅਤੇ ਉਨ੍ਹਾਂ ਦੇ ਸੰਚਾਲਨ ਅਤੇ ਸਾਂਭ ਸੰਭਾਲ ਅਤੇ "ਆਜ਼ਾਦੀ ਦੇ ਸੰਘਰਸ਼ ਦੌਰਾਨ ਜੈਤੋ ਮੋਰਚਾ" ਦੀ ਯਾਦ ਵਿਚ ਸਮਾਰਕ ਸਥਾਪਿਤ ਕਰਨ ਲਈ 38 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

64. ਸਰਦਾਰ ਬੇਅੰਤ ਸਿੰਘ ਦੀ ਯਾਦਗਾਰੀ ਸਮਾਰਕ ਅਤੇ ਸਾਰਾਗੜ੍ਹੀ ਯਾਦਗਾਰੀ ਸਮਾਰਕ, ਫਿਰੋਜ਼ਪੁਰ ਨੂੰ ਕ੍ਰਮਵਾਰ ਮੁਕੰਮਲ ਕਰਨ ਲਈ 2 ਕਰੋੜ ਰੁਪਏ ਅਤੇ 1 ਕਰੋੜ ਰੁਪਏ ਦਾ ਵਿਸ਼ੇਸ਼ ਰਾਖਵਾਂਕਰਨ ਵੀ ਕੀਤਾ ਗਿਆ ਹੈ। (ਵਿਘਨ, ਸ਼ੋਰ)

**ਸੈਲਾਨੀ ਸਰਕਟਾਂ ਦਾ ਵਿਕਾਸ**

65. ਸੈਰ ਸਪਾਟਾ ਵਿਭਾਗ ਵੱਲੋਂ ਉੱਚ ਸੈਲਾਨੀ ਕਦਰਾਂ ਕੀਮਤਾਂ ਦੇ ਸਿਧਾਂਤਾਂ ਤੇ ਸਵਦੇਸ਼ ਦਰਸ਼ਨ ਨੂੰ ਲਾਗੂ ਕਰਨ ਲਈ ਸੈਲਾਨੀ ਸਰਕਟ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਵਿਕਸਤ ਕੀਤੇ ਜਾਣ ਵਾਲੇ ਮਹੱਤਵਪੂਰਨ ਸਰਕਟਾਂ ਵਿਚ ਅਧਿਆਤਮਕ ਸਰਕਟ, ਮਹਾਰਾਜਾ ਸਰਕਟ ਅਤੇ ਮੁਗਲ ਸਰਕਟ ਸ਼ਾਮਲ ਹਨ। ਇਸ ਮੰਤਵ ਲਈ ਸਾਲ 2018-19 ਦੌਰਾਨ 10 ਕਰੋੜ ਰੁਪਏ ਦੀ ਰਾਸ਼ੀ ਦਾ ਉਪਬੰਧ ਕੀਤਾ ਗਿਆ ਹੈ।

**ਨਾਗਰਿਕ ਭਲਾਈ**

**ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ-ਗਿਣਤੀਆਂ ਦੀ ਭਲਾਈ**

66. ਦੇਸ਼ ਵਿਚ ਸਭ ਤੋਂ ਵੱਧ ਅਨੁਸੂਚਿਤ ਜਾਤੀ ਦੀ ਆਬਾਦੀ ਵਾਲੇ ਰਾਜ ਪੰਜਾਬ ਨੇ ਉਨ੍ਹਾਂ ਦੀ ਭਲਾਈ ਲਈ ਬਹੁਤ ਸਾਰੇ ਪ੍ਰੋਗਰਾਮ ਆਰੰਭ ਕੀਤੇ ਹਨ। ਕ੍ਰਿਪਾ ਕਰਕੇ ਮੈਨੂੰ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਲਈ ਸਰਕਾਰ ਦੀ ਦ੍ਰਿੜ ਵਚਨਬੱਧਤਾ ਤੇ ਚਾਨਣਾ ਪਾਉਣ ਦਾ ਮੌਕਾ ਦਿਓ। ਸਾਡੇ ਸਮਾਜ ਦੇ ਲਾਭ ਵਿਹੂਣੇ ਵਰਗਾਂ ਦੀ ਭਲਾਈ ਲਈ ਸਾਲ 2018-19 ਦੌਰਾਨ ਵਿਦਿਅਕ, ਸਮਾਜਿਕ, ਆਰਥਿਕ ਅਤੇ ਹੋਰ ਵਿਕਾਸ ਪ੍ਰੋਗਰਾਮਾਂ ਜਿਹੀਆਂ ਵੱਖੋ-ਵੱਖਰੀਆਂ ਭਲਾਈ ਸਕੀਮਾਂ ਲਈ 1235 ਕਰੋੜ ਰੁਪਏ ਦੀ ਰਾਸ਼ੀ ਦਾ ਐਲਾਨ ਕਰਦਿਆਂ ਮੈਨੂੰ ਖੁਸ਼ੀ ਮਹਿਸੂਸ ਹੋ ਰਹੀ ਹੈ।

**ਅਸ਼ੀਰਵਾਦ**

67. ਅਸ਼ੀਰਵਾਦ ਸਕੀਮ ਅਧੀਨ ਰਾਜ ਸਰਕਾਰ ਨੇ ਮਿਤੀ 1.7.2017 ਤੋਂ ਯੋਗ ਲਾਭਪਾਤਰੀਆਂ ਦੀ ਗ੍ਰਾਂਟ ਨੂੰ 15000 ਰੁਪਏ ਤੋਂ ਵਧਾ ਕੇ 21000 ਰੁਪਏ ਕਰਨ ਦਾ ਫ਼ੈਸਲਾ ਕੀਤਾ ਹੈ। ਅਦਾਇਗੀ ਆਨਲਾਈਨ ਬੈਕਿੰਗ ਮੈਨੇਜਮੈਂਟ ਸਿਸਟਮ ਰਾਹੀਂ ਕੀਤੀ ਜਾਂਦੀ ਹੈ ਤਾਂ ਜੋ ਸਕੀਮ ਵਿੱਚ ਪਾਰਦਰਸ਼ਤਾ ਲਿਆਂਦੀ ਜਾ ਸਕੇ। ਮੈਂ ਸਾਲ ਦੌਰਾਨ ਇਸ ਸਕੀਮ ਅਧੀਨ 150 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ।

**ਪੋਸਟ ਮੈਟਰਿਕ ਵਜ਼ੀਫ਼ਾ**

68. ਅਨੁਸੂਚਿਤ ਜਾਤੀਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਉਪਰੰਤ ਵਜ਼ੀਫੇ ਦਿੱਤੇ ਜਾਣ 'ਤੇ ਪ੍ਰਾਪਤ ਹੋਈਆਂ ਸ਼ਿਕਾਇਤਾਂ ਨੇ ਇਸ ਸਦਨ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਮੈਂ ਇਸ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਸ ਸਕੀਮ ਦਾ ਵਿਸਤ੍ਰਿਤ ਆਡਿਟ ਕਰਵਾਇਆ ਹੈ। ਇਸ ਆਡਿਟ ਵਿਚ 2183 ਨਿੱਜੀ ਸੰਸਥਾਵਾਂ ਦੇ

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]
5,44,872 ਵਿਦਿਆਰਥੀ ਅਤੇ 2126 ਸਰਕਾਰੀ ਸੰਸਥਾਵਾਂ ਦੇ 5,82,139 ਵਿਦਿਆਰਥੀ ਸ਼ਾਮਲ ਹਨ। ਮਿਤੀ 15.3.18 ਤੱਕ ਅਸੀਂ ਲਗਭਗ 47 ਫ਼ੀਸਦ ਲਾਭਪਾਤਰੀਆਂ ਦਾ ਆਡਿਟ ਮੁਕੰਮਲ ਕਰ ਲਿਆ ਹੈ ਅਤੇ ਉਕਤ ਸਕੀਮ ਅਧੀਨ 329 ਕਰੋੜ ਰੁਪਏ ਦੀ ਰਾਸ਼ੀ ਇਤਰਾਜ਼ਯੋਗ ਪਾਈ ਗਈ ਹੈ। ਸਾਨੂੰ ਅਹਿਸਾਸ ਹੈ ਕਿ ਇਸ ਕਵਾਇਦ ਦੌਰਾਨ ਵਿਦਿਆਰਥੀਆਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਅਸੀਂ ਪਿਛਲੇ ਸਾਲ 620 ਕਰੋੜ ਰੁਪਏ ਦੇ ਮੁਕਾਬਲੇ ਇਸ ਸਾਲ 860 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਰੱਖੀ ਹੈ।

**ਪੱਛੜੀਆਂ ਸ਼੍ਰੇਣੀਆਂ ਦਾ ਸਸ਼ਕਤੀਕਰਣ**

69. ਪੱਛੜੀਆਂ ਸ਼੍ਰੇਣੀਆਂ ਦੇ ਸਸ਼ਕਤੀਕਰਣ ਲਈ ਅਸੀਂ ਵਿਦਿਅਕ, ਤਕਨੀਕੀ ਅਤੇ ਪੇਸ਼ਾਵਰਾਨਾ ਸੰਸਥਾਵਾਂ ਵਿਚ ਪੱਛੜੀਆਂ ਸ਼੍ਰੇਣੀਆਂ ਦੇ ਦਾਖਲੇ ਵਿਚ ਰਾਖਵੇਂਕਰਨ ਦਾ ਕੋਟਾ 5 ਫ਼ੀਸਦ ਤੋਂ ਵਧਾ ਕੇ 10 ਫ਼ੀਸਦ ਕਰ ਦਿੱਤਾ ਹੈ। ਇਸ ਤੋਂ ਇਲਾਵਾ ਰਾਜ ਸਰਕਾਰ ਨੇ ਪੱਛੜੀਆਂ ਸ਼੍ਰੇਣੀਆਂ ਦੀ ਪਰਿਵਾਰਕ ਆਮਦਨ ਦੀ ਸੀਮਾ ਨੂੰ 6 ਲੱਖ ਤੋਂ ਵਧਾ ਕੇ 8 ਲੱਖ ਸਾਲਾਨਾ ਕਰ ਦਿੱਤੀ ਹੈ। (ਵਿਘਨ, ਸ਼ੋਰ)

**ਸਮਾਜਿਕ ਸੁਰੱਖਿਆ, ਇਸਤਰੀਆਂ ਤੇ ਬਾਲ ਵਿਕਾਸ**

70. ਸਾਡੀ ਸਰਕਾਰ ਨੇ ਹਮੇਸ਼ਾ ਹੀ ਇਸਤਰੀ ਸਸ਼ਕਤੀਕਰਣ ਅਤੇ ਸਮਾਜ ਦੇ ਲਾਭ ਵਿਹੂਣੇ ਵਰਗਾਂ ਨੂੰ ਪਰਮ ਅਗੇਤ ਦਿੱਤੀ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ :** ਬਜਟ ਵਿੱਚ ਕੋਈ ਪੁਆਇੰਟ ਆਫ ਆਰਡਰ ਨਹੀਂ ਹੁੰਦਾ। ਪਲੀਜ਼, ਬੈਠੋ। (ਵਿਘਨ, ਸ਼ੋਰ)

ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ :

**ਜਨਾਬ ਸਪੀਕਰ ਸਾਹਿਬ,**

71. ਮੈਂ ਸਾਲ 2018-19 ਦੌਰਾਨ ਸਮਾਜਿਕ ਸੁਰੱਖਿਆ ਖੇਤਰ ਅਧੀਨ ਪਿਛਲੇ ਸਾਲ ਦੌਰਾਨ 3605 ਕਰੋੜ ਰੁਪਏ ਦੇ ਰਾਖਵੇਂਕਰਨ ਦੇ ਮੁਕਾਬਲੇ 3806 ਕਰੋੜ ਰੁਪਏ ਦੀ ਤਜਵੀਜ਼ ਪੇਸ਼ ਕਰਦਾ ਹਾਂ।

**ਪੈਨਸ਼ਨ**

72. ਰਾਜ ਸਰਕਾਰ ਆਪਣੀਆਂ ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਸਮਾਜ ਦੇ ਕਮਜ਼ੋਰ ਵਰਗਾਂ ਨਾਲ ਸਬੰਧਿਤ ਲਗਭਗ 17.35 ਲੱਖ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। ਸਾਡੇ ਵੱਲੋਂ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਦੇ ਹੋਏ ਅਸੀਂ ਮਹੀਨਾਵਾਰ ਪੈਨਸ਼ਨ ਨੂੰ ਵਧਾ ਕੇ 750 ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਹੈ। ਸਾਨੂੰ ਉਮੀਦ ਹੈ ਕਿ ਸਾਡੇ ਸ੍ਰੋਤਾਂ ਦੀ ਸਥਿਤੀ ਮਜ਼ਬੂਤ ਹੋਣ ਤੇ ਅਸੀਂ ਇਸ ਵਿਚ ਹੋਰ ਵਾਧਾ ਕਰ ਸਕਾਂਗੇ। ਇਸ ਮੰਤਵ ਲਈ ਇਸ ਸਾਲ ਦੀਆਂ ਬਜਟ ਤਜਵੀਜ਼ਾਂ ਵਿੱਚ 1634 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। (ਵਿਘਨ, ਸ਼ੋਰ)

**ਸਮੂਹਿਕ ਬਾਲ ਵਿਕਾਸ ਸਕੀਮ**

73. ਸਮੂਹਿਕ ਬਾਲ ਵਿਕਾਸ ਸਕੀਮ ਅਧੀਨ ਲਾਭਪਾਤਰੀਆਂ ਨੂੰ 6 ਸੇਵਾਵਾਂ - ਅਨੁਪੂਰਕ ਪੋਸ਼ਣ, ਟੀਕਾਕਰਣ, ਸਿਹਤ ਜਾਂਚ, ਪੋਸ਼ਣ ਅਤੇ ਸਿਹਤ ਸਿੱਖਿਆ, ਪ੍ਰੀ-ਸਕੂਲ ਸਿੱਖਿਆ ਅਤੇ ਰੈਫਰਲ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਸ ਲਈ ਸਾਲ 2018-19 ਵਿੱਚ 696 ਕਰੋੜ ਰੁਪਏ ਦਾ ਬਜਟ ਉਪਬੰਧ ਰਾਖਵਾਂ ਕੀਤਾ ਹੈ।

**WALK-OUT**

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਬਜਟ ਤੇ ਪੁਆਇੰਟ ਆਫ ਆਰਡਰ ਨਾ ਦੇਣ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿਚ ** ** ਨਾਅਰੇ ਮਾਰਦੇ ਹੋਏ ਸਦਨ ਵਿਚ ਵਾਕ-ਆਊਟ ਕਰ ਗਏ।)

----------

## PRESENTATION OF BUDGET ESTIMATES FOR THE YEAR 2018-19
***(Resumption)***

ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ :

**ਮਹਿਲਾ ਸ਼ਕਤੀ ਕੇਂਦਰ**

74. ਸਾਲ 2019-20 ਤੱਕ ਲਾਗੂ ਕੀਤੇ ਜਾਣ ਵਾਲੀ ਇਸ ਨਵੀਂ ਸਕੀਮ ਅਰਥਾਤ ਮਹਿਲਾ ਸ਼ਕਤੀ ਕੇਂਦਰ ਵੀ (ਐਮ ਐਸ ਕੇ) ਪ੍ਰਵਾਨ ਕੀਤੀ ਗਈ ਹੈ। ਇਹ ਸਕੀਮ ਪੇਂਡੂ ਇਸਤਰੀਆਂ ਨੂੰ ਜਾਗਰੂਕਤਾ ਸਿਰਜਨ, ਸਿਖਲਾਈ ਅਤੇ ਸਮਰੱਥਾ ਉਸਾਰੀ ਰਾਹੀਂ ਆਪਣੇ ਅਧਿਕਾਰ ਅਤੇ ਸਸ਼ਕਤੀਕਰਣ ਪ੍ਰਾਪਤ ਕਰਨ ਲਈ ਸਰਕਾਰ ਤੱਕ ਪਹੁੰਚ ਕਰਨ ਲਈ ਇਕ ਮਾਧਿਅਮ ਦਾ ਕੰਮ ਕਰੇਗੀ। ਵਲੰਟੀਅਰ ਵਿਦਿਆਰਥੀ ਇੱਛਿਤ ਸਮੁਦਾਇਕ ਸੇਵਾ ਅਤੇ ਲਿੰਗ ਸਮਾਨਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਗੇ। ਇਹ ਵਲੰਟੀਅਰ ਵਿਦਿਆਰਥੀ "ਪਰਿਵਰਤਨ ਦੇ ਏਜੰਟਾਂ" ਵਜੋਂ ਸੇਵਾਵਾਂ ਦੇਣਗੇ ਜਿਸ ਨਾਲ ਉਨ੍ਹਾਂ ਦੇ ਸਮੁਦਾਇ ਅਤੇ ਦੇਸ਼ ਉਤੇ ਅਮਿੱਟ ਪ੍ਰਭਾਵ ਪਵੇਗਾ। ਇਸ ਮੰਤਵ ਲਈ ਬਜਟ ਵਿੱਚ ਢੁੱਕਵਾਂ ਰਾਖਵਾਂਕਰਨ ਕੀਤਾ ਗਿਆ ਹੈ।

**ਸੁਤੰਤਰਤਾ ਸੰਗਰਾਮੀ**

75. ਮੈਨੂੰ ਇਹ ਦੱਸਦਿਆਂ ਅਸੀਮ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਸਾਡੀ ਸਰਕਾਰ ਆਪਣਿਆਂ ਵਾਅਦਿਆਂ ਨੂੰ ਪੂਰਾ ਕਰਦੇ ਹੋਏ ਸੁਤੰਤਰਤਾ ਸੰਗਰਾਮੀਆਂ ਨੂੰ ਬਿਜਲੀ ਦੇ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਦੇ ਰਹੀ ਹੈ।

**ਰੱਖਿਆ ਸੇਵਾਵਾਂ ਭਲਾਈ**

76. ਇਹ ਸਰਕਾਰ ਹਮੇਸ਼ਾ ਹੀ ਸਾਡੇ ਸਾਬਕਾ ਫੌਜੀਆਂ ਦੀ ਧੰਨਵਾਦੀ ਰਹੀ ਹੈ ਅਤੇ ਸਾਬਕਾ ਫ਼ੌਜੀਆਂ, ਯੁੱਧ ਵਿਧਵਾਵਾਂ, ਵਿਸ਼ਵ ਯੁੱਧ ਦੇ ਸਾਬਕਾ ਫ਼ੌਜੀਆਂ, ਅਪੰਗ ਸਿਪਾਹੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਭਲਾਈ ਅਤੇ ਪੁਨਰਵਾਸ ਲਈ ਵਚਨਬੱਧ ਹੈ। ਸਰਕਾਰ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਵੱਖ-ਵੱਖ ਭਲਾਈ ਸਕੀਮਾਂ ਕੁਸ਼ਲ ਅਤੇ ਪ੍ਰਭਾਵਸ਼ਾਲੀ ਲਾਗੂਕਰਨ ਅਤੇ ਨਾਗਰਿਕ ਕੇਂਦਰਿਤ ਸੇਵਾਵਾਂ ਦੇ ਨਾਲ-ਨਾਲ ਸਾਬਕਾ ਫ਼ੌਜੀਆਂ ਲਈ ਰੁਜ਼ਗਾਰ ਨੂੰ ਸੁਨਿਸ਼ਚਿਤ ਬਣਾਉਣ ਲਈ ਅਸੀਂ "ਗਾਰਡੀਅਨਜ਼ ਆਫ਼ ਗਵਰਨੈਂਸ" ਸਕੀਮ ਆਰੰਭ ਕੀਤੀ ਹੈ। ਸਾਲ 2018-19 ਵਿਚ ਇਸ ਸਕੀਮ ਲਈ ਨਿਰਧਾਰਤ 30 ਕਰੋੜ ਰੁਪਏ ਦਾ ਰਾਖਵਾਂਕਰਨ ਕੀਤਾ ਜਾ ਰਿਹਾ ਹੈ।

77. ਸਾਰੀਆਂ ਹਥਿਆਰਬੰਦ ਸੇਵਾਵਾਂ ਵੱਲੋਂ ਦਿੱਤੀਆਂ ਗਈਆਂ ਵਡਮੁੱਲੀਆਂ ਕੁਰਬਾਨੀਆਂ ਨੂੰ ਪ੍ਰਦਰਸ਼ਿਤ ਕਰਨ ਲਈ ਅੰਮ੍ਰਿਤਸਰ ਵਿਖੇ ਪੰਜਾਬ ਰਾਜ ਵਾਰ ਹੀਰੋਜ਼ ਮੈਮੋਰੀਅਲ ਅਤੇ ਮਿਊਜ਼ੀਅਮ ਨੂੰ ਮੁਕੰਮਲ ਕਰਨ ਲਈ 8 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਇਸ ਤੋਂ ਇਲਾਵਾ ਰਾਜ ਵਿਚਲੇ ਸੈਨਿਕ ਸਕੂਲਾਂ ਲਈ 10 ਕਰੋੜ ਰੁਪਏ ਮੁਹੱਈਆ ਕਰਾਏ ਗਏ ਹਨ।

---

** Not recorded as ordered by the Chair.

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

**ਕਿਰਤ ਭਲਾਈ**

78. ਵਿਭਾਗ ਰਾਜ ਦੀ ਵਪਾਰ ਕਰਨ ਦੀ ਸਫਲਤਾ ਦੀ ਨੀਤੀ ਦੀ ਪਾਲਣਾ ਵਿਚ ਉਦਯੋਗਾਂ, ਵਪਾਰਕ ਅਦਾਰਿਆਂ ਅਤੇ ਕਾਮਿਆਂ ਨੂੰ ਆਨ ਲਾਈਨ ਸੇਵਾਵਾਂ ਪ੍ਰਦਾਨ ਕਰਨ ਵਿਚ ਕਿਰਿਆਸ਼ੀਲ ਭੂਮਿਕਾ ਨਿਭਾ ਰਿਹਾ ਹੈ। ਵਿਭਾਗ ਨੇ ਇਕ ਈ-ਲੇਬਰ ਪੋਰਟਲ ਤਿਆਰ ਕੀਤੀ ਹੈ ਜੋ ਲਾਇਸੰਸਾਂ ਦੀ ਪ੍ਰਵਾਨਗੀ, ਨਵੀਨੀਕਰਨ ਅਤੇ ਉਦਯੋਗਾਂ, ਵਪਾਰਿਕ ਅਦਾਰਿਆਂ ਦੇ ਨਾਲ-ਨਾਲ ਕਾਮਿਆਂ ਨੂੰ ਲਾਜ਼ਮੀ ਸੇਵਾਵਾਂ ਆਨ-ਲਾਈਨ ਉਪਲੱਬਧ ਕਰਵਾਉਂਦੀ ਹੈ।

**ਐਨ.ਆਰ.ਆਈ ਮਾਮਲੇ**

**ਜਨਾਬ ਸਪੀਕਰ ਸਾਹਿਬ,**

79. ਸਾਡੇ ਐਨ.ਆਰ.ਆਈਜ਼ ਭੈਣਾਂ ਭਰਾਵਾਂ ਨੇ ਦੁਨੀਆਂ ਦੇ ਲਗਭਗ ਹਰ ਦੇਸ਼ ਵਿਚ ਸਫਲਤਾ ਦੇ ਝੰਡੇ ਗੱਡੇ ਹਨ। ਫਰੈਂਡਜ਼ ਆਫ ਪੰਜਾਬ (ਮੁੱਖ ਮੰਤਰੀ ਗਰਿਮਾ ਗ੍ਰਾਮ ਯੋਜਨਾ) ਅਤੇ ਕੁਨੈਕਟ ਵਿਦ ਯੂਅਰ ਰੂਟਸ (ਸੀ.ਵਾਈ.ਆਰ.) ਅਧੀਨ, ਪੰਜਾਬ ਮੂਲ ਦੇ ਐਨ.ਆਰ.ਆਈਜ਼ ਨੂੰ ਪੰਜਾਬ ਵਿਚ ਆਪਣੀਆਂ ਜੜ੍ਹਾਂ ਨਾਲ ਜੁੜਨ ਲਈ ਪ੍ਰੋਤਸਾਹਿਤ ਕੀਤਾ ਜਾ ਰਿਹਾ ਹੈ। ਅਸੀਂ ਆਪਣੇ ਐਨ.ਆਰ.ਆਈ. ਭਾਈਚਾਰੇ ਨੂੰ ਇਹ ਵੀ ਭਰੋਸਾ ਦਿਵਾਇਆ ਹੈ ਕਿ ਪੰਜਾਬ ਵਿਚ ਉਨ੍ਹਾਂ ਵੱਲੋਂ ਆਪਣੇ ਪਿੰਡਾਂ ਵਿੱਚ ਕਿਸੇ ਵੀ ਬੁਨਿਆਦੀ ਢਾਂਚੇ ਨਾਲ ਸਬੰਧਿਤ ਆਰੰਭ ਕੀਤੇ ਗਏ ਕਾਰਜਾਂ ਵਿਚ ਸਰਕਾਰ 50 ਫ਼ੀਸਦ ਦਾ ਯੋਗਦਾਨ ਪਾਵੇਗੀ।

80. ਐਨ.ਆਰ.ਆਈਜ਼ ਵੱਲੋਂ ਦਰਜ ਸ਼ਿਕਾਇਤਾਂ/ਸਮੱਸਿਆਵਾਂ ਦੇ ਅਸਰਦਾਰ ਅਤੇ ਸ਼ੀਘਰ ਨਿਪਟਾਰੇ ਲਈ ਇੱਕ ਨਵਾਂ ਐਕਟ ਬਣਾਇਆ ਜਾ ਰਿਹਾ ਹੈ।

**ਖੁਰਾਕ ਅਤੇ ਸਿਵਲ ਸਪਲਾਈ**

81. ਇਹ ਸਰਕਾਰ ਸਮਾਜ ਦੇ ਕਮਜ਼ੋਰ ਵਰਗਾਂ ਦੀ ਭਲਾਈ ਨੂੰ ਉਚ ਤਰਜੀਹ ਦਿੰਦੀ ਹੈ। ਉਨ੍ਹਾਂ ਦੀ ਆਰਥਿਕ ਮਜ਼ਬੂਤੀ ਸਰਕਾਰ ਦੇ ਧਿਆਨ ਦਾ ਮੁੱਖ ਕੇਂਦਰ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਜਿਹੇ ਵਰਗਾਂ ਨਾਲ ਸਬੰਧਿਤ ਲੋਕ ਹਾਸ਼ੀਏ ਤੋਂ ਬਾਹਰ ਨਾ ਰਹਿ ਜਾਣ। ਇਸੇ ਲਈ ਈ-ਪੋਸ (e-pos) ਮਸ਼ੀਨਾਂ ਲਿਆ ਕੇ ਆਟਾ ਦਾਲ ਸਕੀਮ ਨੂੰ ਪੁਨਰਗਠਿਤ ਕੀਤਾ ਗਿਆ ਹੈ ਜੋ ਸਬਸਿਡੀ ਯੁਕਤ ਅਨਾਜ ਦੀ ਵੰਡ ਪ੍ਰਣਾਲੀ ਨੂੰ ਯਕੀਨੀ ਬਣਾਉਂਦੀ ਹੈ।

82. ਇਸ ਤੋਂ ਇਲਾਵਾ ਸਾਡਾ ਇਹ ਯਕੀਨੀ ਬਣਾਉਣ ਦਾ ਯਤਨ ਹੋਵੇਗਾ ਕਿ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਤੇ ਹੋਰ ਲਾਭ ਕੇਵਲ ਗਰੀਬਾਂ, ਹਾਸ਼ੀਆਗ੍ਰਸਤ ਅਤੇ ਜ਼ਰੂਰਤਮੰਦਾਂ ਨੂੰ ਹੀ ਮਿਲਣ। ਇਹ ਯਕੀਨੀ ਬਣਾਉਣ ਲਈ ਕਿ ਉਚ ਵਰਗਾਂ ਵੱਲੋਂ ਗਰੀਬਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ, ਅਸੀਂ ਵਿੱਤੀ ਅਤੇ ਹੋਰ ਸਬਸਿਡੀਆਂ ਦੀ ਨਿਸ਼ਚਿਤ ਡਿਲੀਵਰੀ ਲਈ ਇੱਕ ਕਾਨੂੰਨ ਲਿਆਵਾਂਗੇ। ਇਸ ਨਾਲ ਸਬਸਿਡੀਆਂ ਅਤੇ ਲਾਭ ਪ੍ਰਾਪਤ ਕਰਤਾਵਾਂ ਦੇ ਆਧਾਰ ਨੰਬਰ ਨਾਲ ਲਿੰਕ ਕਰਨ ਨਾਲ ਪ੍ਰਤੱਖ ਲਾਭ ਟਰਾਂਸਫਰ ਅਤੇ ਇੱਕ ਕੁਸ਼ਲ, ਪਾਰਦਰਸ਼ੀ ਅਤੇ ਟੀਚਾਬੱਧ ਅਦਾਇਗੀ ਯਕੀਨੀ ਬਣੇਗੀ।

83. ਅਸੀਂ ਸਾਡੇ ਕਿਸਾਨਾਂ ਲਈ ਅਨਾਜ ਖਰੀਦ ਸੰਚਾਲਨਾਂ ਅਤੇ ਦੇਸ਼ ਦੀ ਖੁਰਾਕ ਸੁਰੱਖਿਆ ਦੀ ਤੀਬਰ ਮਹੱਤਤਾ ਪ੍ਰਤੀ ਜਾਗਰੂਕ ਹਾਂ। ਪਿਛਲੀ ਹਾੜ੍ਹੀ ਅਤੇ ਸਾਉਣੀ ਦੌਰਾਨ ਸਰਕਾਰ ਨੇ ਸਾਡੇ ਕਿਸਾਨ ਭਰਾਵਾਂ ਵੱਲੋਂ ਪੈਦਾ ਕੀਤੇ ਗਏ ਅਨਾਜ ਦੀ ਸੁਖਾਲੀ ਅਤੇ ਸੁਚਾਰੂ ਖਰੀਦ ਨੂੰ ਯਕੀਨੀ ਬਣਾਇਆ ਹੈ।

## ਪੇਂਡੂ ਵਿਕਾਸ ਅਤੇ ਪੰਚਾਇਤਾਂ

**ਜਨਾਬ ਸਪੀਕਰ ਸਾਹਿਬ,**

84. ਰਾਜ ਸਰਕਾਰ ਪੇਂਡੂ ਰੋਜ਼ਗਾਰ ਅਤੇ ਪੇਂਡੂ ਉਪਜੀਵਕਾ ਦੀ ਸਿਰਜਣਾ ਦੇ ਮਾਧਿਅਮ ਨਾਲ ਪੇਂਡੂ ਆਬਾਦੀ ਦੇ ਸਰਵਪੱਖੀ ਵਿਕਾਸ ਪ੍ਰਤੀ ਵਚਨਬੱਧ ਹੈ। ਸਾਲ 2017-18 ਵਿੱਚ 1605 ਕਰੋੜ ਰੁਪਏ ਦੇ ਰਾਖਵੇਂਕਰਨ ਦੇ ਮੁਕਾਬਲੇ ਸਾਲ 2018-19 ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਲਈ 3020 ਕਰੋੜ ਰੁਪਏ ਦਾ ਕੁੱਲ ਖ਼ਰਚ ਮਖ਼ਸੂਸ ਕੀਤਾ ਗਿਆ ਹੈ ਜੋ ਕਿ ਪਿਛਲੇ ਸਾਲ ਨਾਲੋਂ 88.20 ਫ਼ੀਸਦ ਦਾ ਵਾਧਾ ਹੈ।

**ਮਨਰੇਗਾ**

85. ਮਹਾਤਮਾ ਗਾਂਧੀ ਕੌਮੀ ਪੇਂਡੂ ਰੋਜ਼ਗਾਰ ਗਰੰਟੀ ਸਕੀਮ ਅਧੀਨ ਹੁਣ ਤੱਕ ਰਾਜ ਦੇ ਪੇਂਡੂ ਇਲਾਕਿਆਂ ਵਿਚ 637253 ਪਰਿਵਾਰਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ। ਸਾਲ 2022 ਤੱਕ ਪੰਜਾਬ ਰਾਜ ਵਿਚ ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ) ਅਧੀਨ ਸਾਰੇ ਬੇਘਰੇ ਪੇਂਡੂ ਪਰਿਵਾਰਾਂ ਨੂੰ ਛੱਤ ਮੁਹੱਈਆ ਕਰਵਾਈ ਜਾਵੇਗੀ ਅਤੇ 1.25 ਲੱਖ ਪਰਿਵਾਰਾਂ ਨੂੰ ਕਵਰ ਕੀਤਾ ਜਾਵੇਗਾ।

86. ਪੇਡੂ ਵਿਕਾਸ ਵਿਭਾਗ ਮਨਰੇਗਾ ਸਕੀਮ ਨੂੰ ਪਸ਼ੂਪਾਲਣ, ਮੱਛੀਪਾਲਣ ਅਤੇ ਡੇਅਰੀ ਵਿਕਾਸ, ਜਲ ਸ੍ਰੋਤਾਂ,ਜੰਗਲਾਤ ਅਤੇ ਜੰਗਲੀ ਜੀਵਨ ਅਤੇ ਬਾਗਬਾਨੀ ਨਾਲ ਜੋੜਨ ਦੀ ਯੋਜਨਾ ਬਣਾ ਰਿਹਾ ਹੈ। ਇਨ੍ਹਾਂ ਸਕੀਮਾਂ ਨੂੰ ਜੋੜ ਕੇ ਪਸ਼ੂਆਂ ਲਈ ਸ਼ਰਨਗਾਹਾਂ, ਮੱਛੀਆਂ ਦੇ ਤਲਾਅ, ਬਗੀਚੇ ਸਥਾਪਤ ਕੀਤੇ ਜਾਣਗੇ। ਇਨ੍ਹਾਂ ਨੂੰ ਜੋੜਨ ਦੀ ਇਸ ਕਵਾਇਦ ਵਿਚ 75000 ਪਰਿਵਾਰਾਂ ਨੂੰ ਰੋਜ਼ਗਾਰ ਦੇ ਮੌਕੇ ਮਿਲਣਗੇ। ਸਾਲ 2018-19 ਦੇ ਬਜਟ ਵਿੱਚ ਮਨਰੇਗਾ ਲਈ 325 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।

87. ਸਮਰੂਪਤਾ ਦੇ ਪ੍ਰਯੋਗ ਦੀ ਵਰਤੋਂ ਕਰਦਿਆਂ 4000 ਹੈਕਟੇਅਰ ਦੀ ਕੰਢੀ ਬੈਲਟ ਉੱਤੇ ਜੰਗਲ ਲਗਾਏ ਜਾਣਗੇ ਅਤੇ ਹਰ ਦਸਵੇਂ ਪਿੰਡ ਵਿਚ ਇੱਕ ਪਾਰਕ ਬਣਾਇਆ ਜਾਵੇਗਾ ਜਿਸ ਨਾਲ ਨਾ ਕੇਵਲ ਰੁਜ਼ਗਾਰ ਪੈਦਾ ਹੋਵੇਗਾ, ਸਗੋਂ ਵਾਤਾਵਰਣ ਵੀ ਪ੍ਰਫੁੱਲਤ ਹੋਵੇਗਾ।

**ਮਹਾਤਮਾ ਗਾਂਧੀ ਸਰਬੱਤ ਵਿਕਾਸ ਯੋਜਨਾ (ਐਮ.ਜੀ.ਐਸ.ਵੀ.ਵਾਈ)**

88. ਸਰਕਾਰ ਨੇ ਗਰੀਬਾਂ ਅਤੇ ਸਮਾਜ ਦੇ ਹੋਰ ਲਾਭ ਵਿਹੂਣੇ ਵਰਗਾਂ ਪ੍ਰਤੀ ਆਪਣੀ ਵਚਨਬੱਧਤਾ ਦੇ ਚਲਦੇ ਵੱਖ ਵੱਖ ਲਾਭਕਾਰੀ ਸਕੀਮਾਂ ਨੂੰ ਐਮ ਜੀ ਐਸ ਵੀ ਵਾਈ ਅਧੀਨ ਲਿਆਂਦਾ ਹੈ ਜਿਸ ਦਾ ਨਵਾਂ ਧਿਆਨ ਕੇਂਦਰ ਹਰ ਯੋਗ ਲਾਭਪਾਤਰੀ ਦੀ ਇੰਨ-ਬਿੰਨ ਪਹਿਚਾਣ ਕਰਨਾ ਹੈ। ਖੇਤਰੀ ਵੰਡ ਤੋਂ ਇਲਾਵਾ ਸਕੀਮ ਲਈ 1.5 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਹੈ।

**ਪਿੰਡਾਂ ਵਿਚ ਠੋਸ ਕੂੜਾ ਪ੍ਰਬੰਧਨ**

89. ਰਾਜ ਦੇ ਪੇਂਡੂ ਇਲਾਕਿਆਂ ਵਿਚ ਠੋਸ ਕੂੜਾ ਪ੍ਰਬੰਧਨ ਸਰਕਾਰ ਦੀ ਅਤੀ ਮਹੱਤਵਪੂਰਨ ਤਰਜੀਹ ਹੈ। ਮੌਜੂਦਾ ਸਮੇਂ ਵਿਚ ਠੋਸ ਕੂੜਾ ਪ੍ਰਬੰਧਨ ਗ਼ੈਰ ਵਿਗਿਆਨਕ ਢੰਗ ਨਾਲ ਕੀਤਾ ਜਾ ਰਿਹਾ ਹੈ ਜਿਸ ਵਿਚ ਇਕੱਤਰੀਕਰਨ, ਵੱਖਰਾਕਰਨ ਅਤੇ ਨਿਪਟਾਰੇ ਲਈ ਵਿਗਿਆਨਕ ਢੰਗ ਨਾਲ ਸ਼ੁਰੂ ਕਰਕੇ ਸੁਧਾਰ ਲਿਆਂਦਾ ਜਾਵੇਗਾ। ਸਾਲ 2018-19 ਵਿੱਚ ਆਰੰਭਿਕ ਤੌਰ ਤੇ ਇਸ ਸਕੀਮ ਅਧੀਨ 740 ਪਿੰਡ ਕਵਰ ਕੀਤੇ ਜਾਣਗੇ।

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

**ਗੰਦੇ ਪਾਣੀ ਦਾ ਨਿਪਟਾਰਾ**

90. ਇਸੇ ਤਰ੍ਹਾਂ ਪੇਂਡੂ ਖੇਤਰਾਂ ਵਿਚ ਗੰਦਾ ਪਾਣੀ ਜਾਂ ਤਰਲ ਰਹਿੰਦ-ਖੂੰਹਦ ਪ੍ਰਬੰਧ ਦੇ ਨਿਪਟਾਰੇ ਨੂੰ ਹੱਥ ਵਿਚ ਲੈਣ ਦੀ ਜ਼ਰੂਰਤ ਹੈ। ਪਿੰਡਾਂ ਵਿਚ ਸਥਿਤ ਤਲਾਬ ਦੇ ਗੰਦੇ ਪਾਣੀ ਦੇ ਸੁਧਾਰ ਲਈ ਵਿਗਿਆਨਕ ਤਰੀਕੇ ਜ਼ਰੂਰੀ ਹਨ। ਇਸ ਸਾਲ ਦੌਰਾਨ ਇਸ ਸਕੀਮ ਅਧੀਨ ਮੁਢਲੇ ਰੂਪ ਵਿਚ 740 ਪਿੰਡਾਂ ਨੂੰ ਕਵਰ ਕੀਤਾ ਜਾਵੇਗਾ।

**ਪੇਂਡੂ ਡਾਟਾਬੇਸ ਦੀ ਡਿਜ਼ੀਟਾਈਜੇਸ਼ਨ**

91. ਭਵਿੱਖ ਵਿਚ ਕੁਸ਼ਲ ਯੋਜਨਾਬੰਦੀ ਤੇ ਅਮਲ ਲਈ ਗਲੀਆਂ ਅਤੇ ਨਾਲੀਆਂ ਆਦਿ ਦੇ ਨਿਰਧਾਰਣ ਲਈ ਵੇਰਵੇ ਅਤੇ ਇਨ੍ਹਾਂ ਦੇ ਜ਼ਮੀਨੀ ਪੱਧਰਾਂ ਦੀ ਤਿਆਰੀ ਲਈ ਪਿੰਡਾਂ ਦਾ ਸਰਵੇਖਣ ਅਤੇ ਡਿਜੀਟਲ ਨਕਸ਼ਾ ਤਿਆਰ ਕੀਤਾ ਜਾਵੇਗਾ। ਮੁੱਢਲੇ ਰੂਪ ਵਿਚ ਪ੍ਰਤੀ ਬਲਾਕ ਪੰਜ ਪਿੰਡਾਂ ਵਿਚ ਕੰਮ ਸ਼ੁਰੂ ਕੀਤਾ ਜਾਣਾ ਹੈ। ਮੈਂ ਸਾਲ 2018-19 ਦੇ ਬਜਟ ਵਿਚ ਇਸ ਪ੍ਰੋਜੈਕਟ ਲਈ 1 ਕਰੋੜ ਰੁਪਏ ਦੀ ਰਕਮ ਤਜਵੀਜ਼ ਕਰਦਾ ਹਾਂ।

## ਸਮਾਜਿਕ ਸੇਵਾਵਾਂ

**ਸਕੂਲ ਸਿੱਖਿਆ**

**ਸਕੂਲੀ ਬੁਨਿਆਦੀ ਢਾਂਚੇ ਵਿਚ ਸੁਧਾਰ**

ਜਨਾਬ ਸਪੀਕਰ ਸਾਹਿਬ,

92. ਸਾਡੇ ਬੱਚਿਆਂ ਨੂੰ ਉੱਚ ਗੁਣਵੱਤਾ ਵਾਲੀ ਸਿੱਖਿਆ ਮੁਹੱਈਆ ਕਰਵਾਉਣਾ ਅਤੇ ਸਿੱਖਿਆ ਦਾ ਮਜ਼ਬੂਤ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨਾ ਸਾਡੀ ਤੀਬਰ ਇੱਛਾ ਅਤੇ ਅਹਿਮ ਫਰਜ਼ ਹੈ। ਇਸ ਲਈ ਅਸੀਂ ਸਾਲ 2018-19 ਦੌਰਾਨ 1597 ਵਧੀਕ ਕਲਾਸ ਰੂਮਾਂ ਦੇ ਨਿਰਮਾਣ ਦੀ ਤਜਵੀਜ਼ ਰੱਖਦੇ ਹਾਂ ਤਾਂ ਜੋ ਵਿਦਿਆਰਥੀਆਂ ਨੂੰ ਉਚਿਤ ਸਿਖਲਾਈ ਵਾਤਾਵਰਨ ਮੁਹੱਈਆ ਕਰਵਾਇਆ ਜਾ ਸਕੇ। ਇਸ ਉਦੇਸ਼ ਲਈ 120 ਕਰੋੜ ਰੁਪਏ ਦਾ ਬਜਟ ਮੁਹੱਈਆ ਕਰਵਾਇਆ ਗਿਆ ਹੈ।

93. ਸਾਲ 2017-18 ਦੌਰਾਨ 5.25 ਕਰੋੜ ਰੁਪਏ ਦੇ ਬਜਟ, ਉਪਬੰਧ ਦੁਆਰਾ 3281 ਪ੍ਰਾਇਮਰੀ ਸਕੂਲਾਂ ਲਈ ਗਰੀਨ ਬੋਰਡ ਖਰੀਦੇ ਗਏ ਹਨ ਅਤੇ ਬਾਕੀ ਰਹਿੰਦੇ ਸਾਰੇ ਸਰਕਾਰੀ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲਾਂ ਲਈ ਗਰੀਨ ਬੋਰਡਾਂ ਦੀ ਖਰੀਦ ਲਈ ਸਾਲ 2018-19 ਦੌਰਾਨ 21 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਜਾਵੇਗੀ।

94. ਇਹ ਵੀ ਤਜਵੀਜ਼ ਕੀਤੀ ਗਈ ਹੈ ਕਿ ਸੁਰੱਖਿਅਤ ਪੀਣਯੋਗ ਪਾਣੀ ਮੁਹੱਈਆ ਕਰਵਾਉਣ ਦੇ ਉਦੇਸ਼ ਲਈ 9 ਕਰੋੜ ਰੁਪਏ ਦੀ ਲਾਗਤ ਨਾਲ 1500 ਸਕੂਲਾਂ ਵਿਚ ਆਰ ਓ ਸਿਸਟਮ ਲਗਾਏ ਜਾਣਗੇ।

95. ਰਾਜ ਸਰਕਾਰ ਨੇ ਚਾਲੂ ਸਾਲ ਦੌਰਾਨ ਪ੍ਰਾਇਮਰੀ ਸਕੂਲਾਂ ਦੇ ਬੈਂਚਾਂ ਦੀ ਖਰੀਦ ਲਈ 21 ਕਰੋੜ ਰੁਪਏ ਮੁਹੱਈਆ ਕਰਵਾਏ ਹਨ। ਸਾਲ 2018-19 ਦੌਰਾਨ ਸਾਰੇ ਬਾਕੀ ਰਹਿੰਦੇ ਪ੍ਰਾਇਮਰੀ ਸਕੂਲਾਂ ਦੇ ਨਾਲ-ਨਾਲ ਸਾਰੇ ਮਿਡਲ ਸਕੂਲਾਂ ਵਿੱਚ ਵੀ 23.14 ਕਰੋੜ ਰੁਪਏ ਦੇ ਬਜਟ ਉਪਬੰਧ ਦੁਆਰਾ ਫਰਨੀਚਰ ਮੁਹੱਈਆ ਕਰਵਾਇਆ ਜਾਵੇਗਾ।

**ਸਮਾਰਟ ਸਕੂਲ**

96. ਵਿਦਿਆਰਥੀਆਂ ਵੱਲੋਂ ਖੁਦ ਨੂੰ ਸਕੂਲ ਨਾਲ ਪਛਾਣੇ ਜਾਣ ਦੇ ਢੰਗ ਵਿੱਚ ਸਕੂਲ ਦਾ ਮਾਹੌਲ ਬਹੁਤ ਮਾਇਨੇ ਰੱਖਦਾ ਹੈ। ਹਰੇਕ ਸਿੱਖਿਆ ਬਲਾਕ ਵਿਚ ਮੌਜੂਦਾ ਇਕ ਸਕੂਲ ਨੂੰ ਆਹਲਾ ਦਰਜੇ ਦੀਆਂ ਸੁਵਿਧਾਵਾਂ ਵਾਲੇ ਸਮਾਰਟ ਸਕੂਲ ਵਿਚ ਤਬਦੀਲ ਕੀਤਾ ਜਾਵੇਗਾ ਅਤੇ ਸਾਲ 2018-19 ਦੌਰਾਨ ਇਸ ਮੰਤਵ ਲਈ ਸ੍ਰੋਤ ਜੁਟਾ ਕੇ 50 ਕਰੋੜ ਰੁਪਏ ਰਾਖਵੇਂ ਕੀਤੇ ਜਾਣਗੇ।

**ਲੜਕੀਆਂ ਦੇ ਸਕੂਲਾਂ ਲਈ ਬੁਨਿਆਦੀ ਢਾਂਚੇ ਦਾ ਸੁਧਾਰ**

97. ਸਾਡੀ ਸਰਕਾਰ ਪ੍ਰਾਇਮਰੀ ਤੋਂ ਸੀਨੀਅਰ ਸੈਕੰਡਰੀ ਦੇ ਸਾਰੇ ਪੱਧਰਾਂ ਤੇ ਸਕੂਲਾਂ ਵਿਚ ਲੜਕੀਆਂ ਦੇ ਦਾਖਲੇ ਨੂੰ ਵਧਾਉਣ ਲਈ ਵਚਨਬੱਧ ਹੈ। ਲੜਕੀਆਂ ਦੁਆਰਾ ਸਕੂਲ ਛੱਡਣ ਦਾ ਵੱਡਾ ਕਾਰਣ ਸਕੂਲਾਂ ਵਿਚ ਲੜਕੀਆਂ ਲਈ ਵੱਖਰੇ ਪਖਾਨਿਆਂ ਦਾ ਨਾ ਹੋਣਾ ਹੈ। ਜਨਾਬ ਸਪੀਕਰ ਸਾਹਿਬ, ਸੂਬੇ ਦੇ ਸਾਰੇ ਸਕੂਲਾਂ ਵਿੱਚ ਲੜਕੀਆਂ ਲਈ ਵੱਖਰੇ ਪਖਾਨਿਆਂ ਦੀ ਉਸਾਰੀ ਕੀਤੀ ਜਾਵੇਗੀ ਜਿਸ ਲਈ ਢੁਕਵੇਂ ਉਪਬੰਧ ਕੀਤੇ ਜਾ ਰਹੇ ਹਨ।

98. ਇਸ ਤੋਂ ਇਲਾਵਾ, ਸਰਕਾਰ ਲੜਕੀਆਂ ਦੀ ਮਾਹਵਾਰੀ ਦੀ ਸਵੱਛਤਾ ਵਿਚ ਸੁਧਾਰ ਅਤੇ ਸਕੂਲ ਛੱਡਣ ਦੀ ਦਰ ਵਿਚ ਕਮੀ ਲਿਆਉਣ ਦੇ ਉਦੇਸ਼ ਨਾਲ ਸਾਰੇ ਸਰਕਾਰੀ ਸਕੂਲਾਂ ਵਿੱਚ 6-12ਵੀਂ ਜਮਾਤ ਦੀਆਂ ਵਿਦਿਆਰਥਣਾਂ ਨੂੰ ਮੁਫ਼ਤ ਸੈਨੇਟਰੀ ਨੇਪਕਿਨ ਮੁਹੱਈਆ ਕਰਵਾਏਗੀ। ਸਾਲ 2018-19 ਦੌਰਾਨ ਮੈਂ 10 ਕਰੋੜ ਰੁਪਏ ਦੇ ਮੁਢਲੇ ਰਾਖਵੇਂਕਰਨ ਦੀ ਤਜਵੀਜ਼ ਕਰਦਾ ਹਾਂ।

99. ਮੈਂ ਇਸ ਸਾਲ ਦੌਰਾਨ ਲੜਕੀਆਂ ਲਈ ਸੀਨੀਅਰ ਸੈਕੰਡਰੀ ਸਕੂਲ, ਮੰਡੀ ਅਹਿਮਦਗੜ੍ਹ ਵਿਖੇ ਬੁਨਿਆਦੀ ਢਾਂਚੇ ਨੂੰ ਪੂਰਾ ਕਰਨ ਲਈ 2 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ।

100. ਇਸ ਤੋਂ ਇਲਾਵਾ ਜਦੋਂ ਸਾਨੂੰ ਸਕੂਲਾਂ ਵਿਚ ਪ੍ਰਿੰਸੀਪਲ ਜਾਂ ਅਧਿਆਪਕਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ ਤਾਂ ਸਾਡੇ ਧਿਆਨ ਵਿਚ ਲਿਆਂਦਾ ਗਿਆ ਕਿ ਛੋਟੀਆਂ-ਮੋਟੀਆਂ ਮੁਰੰਮਤਾਂ ਅਤੇ ਸੰਭਾਲ ਲਈ ਸਕੂਲਾਂ ਵਿਚ ਕੋਈ ਫੰਡ ਉਪਲੱਬਧ ਨਹੀਂ ਹੈ। ਇਸ ਸਾਲ ਦੇ ਸ਼ੁਰੂ ਤੋਂ ਅਸੀਂ ਨਿਯਮਿਤ ਰੂਪ ਵਿਚ ਸਕੂਲਾਂ ਦੀ ਸੰਭਾਲ ਲਈ ਫੰਡ ਮੁਹੱਈਆ ਕਰਵਾਵਾਂਗੇ। ਇਸ ਸਾਲ ਮੈਂ ਮੌਜੂਦਾ ਸਕੂਲੀ ਬੁਨਿਆਦੀ ਢਾਂਚੇ ਦੀ ਨਿਯਮਿਤ ਸੰਭਾਲ ਲਈ 10 ਕਰੋੜ ਰੁਪਏ ਦੇ ਉਪਬੰਧ ਦੀ ਤਜਵੀਜ਼ ਰੱਖਦਾ ਹਾਂ।

**ਸਕੂਲਾਂ ਵਿੱਚ ਗਰੀਨ ਐਨਰਜੀ**

101. ਅਸੀਂ ਸਾਰੇ ਹੀ ਊਰਜਾ ਦੇ ਨਵਿਆਉਣਯੋਗ ਸ੍ਰੋਤਾਂ ਦੀ ਤਬਦੀਲੀ ਦੀ ਸਾਕਾਰਾਤਮਕ ਲੋੜ ਸਬੰਧੀ ਜਾਗਰੂਕ ਹਾਂ। ਇਸ ਸਾਲ ਅਸੀਂ ਜਨਤਕ ਨਿੱਜੀ ਭਾਈਵਾਲੀ ਦੁਆਰਾ ਇਨ੍ਹਾਂ ਸਕੂਲਾਂ ਨੂੰ ਬਿਜਲੀ ਪੱਖੋਂ ਸਵੈ-ਨਿਰਭਰ ਬਣਾਉਣ ਲਈ ਰਾਜ ਦੇ ਸਾਰੇ ਹੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਸੋਲਰ ਪਾਵਰ ਸਿਸਟਮ ਲਗਾਉਣ ਦੀ ਤਜਵੀਜ਼ ਕਰਦੇ ਹਾਂ।

**ਸਿਖਲਾਈ ਵਾਧਾ ਪ੍ਰੋਗਰਾਮ**

102. ਸਰਕਾਰੀ ਸਕੂਲਾਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੇ ਸਿਖਲਾਈ ਪੱਧਰਾਂ ਵਿਚ ਸੁਧਾਰ ਲਿਆਉਣ ਲਈ "ਪੜ੍ਹੋ ਪੰਜਾਬ ਪੜ੍ਹਾਓ ਪੰਜਾਬ" ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਹ ਪ੍ਰੋਗਰਾਮ ਰਾਜ ਵਿਚ ਸਾਰੇ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿਚ ਧਿਆਨਪੂਰਵਕ ਯੋਜਨਾਬੱਧ ਢੰਗ ਨਾਲ ਚਲਾਇਆ ਜਾ ਰਿਹਾ ਹੈ। ਮੁਢਲੇ ਨਤੀਜਿਆਂ ਨੇ ਟੀਚਾ ਵਿਦਿਆਰਥੀਆਂ ਦੇ ਸਿਖਲਾਈ ਪੱਧਰ ਵਿਚ ਨਿੱਗਰ ਸੁਧਾਰ ਦਰਸਾਇਆ ਹੈ। ਇਸ ਪ੍ਰੋਗਰਾਮ ਅਧੀਨ ਸ਼ਾਮਲ ਕੀਤੀਆਂ ਗਈਆਂ ਗਤੀਵਿਧੀਆਂ ਨੂੰ ਹੁੰਗਾਰਾ ਦੇਣ ਲਈ 10 ਕਰੋੜ ਰੁਪਏ ਦਾ ਉਪਬੰਧ ਕੀਤਾ ਜਾ ਰਿਹਾ ਹੈ।

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

103. ਵਿਗਿਆਨਕ ਸੋਚ ਅਤੇ ਤਰਕਪੂਰਨਤਾ ਦੀ ਪ੍ਰਫੁੱਲਤਾ ਲਈ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਸਾਲ 2018-19 ਦੌਰਾਨ ਵਿਗਿਆਨ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਘੱਟੋ-ਘੱਟ 20 ਫ਼ੀਸਦ ਦਾ ਵਾਧਾ ਕਰਨ ਲਈ ਵਿਭਾਗ ਵੱਲੋਂ ਹਰ ਸੰਭਵ ਯਤਨ ਕੀਤਾ ਜਾਵੇਗਾ।

**ਪ੍ਰੀ-ਪ੍ਰਾਇਮਰੀ ਕਲਾਸਾਂ**

ਜਨਾਬ ਸਪੀਕਰ ਸਾਹਿਬ,

104. ਇਸ ਸਰਕਾਰ ਨੇ ਦੇਸ਼ ਵਿੱਚ ਆਪਣੀ ਕਿਸਮ ਦੀ ਇਕ ਵਿਲੱਖਣ ਪਹਿਲਕਦਮੀ ਕੀਤੀ ਹੈ। ਅਸੀਂ ਮਿਤੀ 14.11.2017 ਤੋਂ ਸਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਪ੍ਰੀ-ਪ੍ਰਾਇਮਰੀ ਕਲਾਸਾਂ ਸ਼ੁਰੂ ਕੀਤੀਆਂ ਹਨ। 3-6 ਸਾਲ ਦੀ ਉਮਰ ਦੇ ਲਗਭਗ 1.60 ਲੱਖ ਬੱਚਿਆਂ ਨੂੰ ਪ੍ਰੀ-ਪ੍ਰਾਇਮਰੀ ਸਕੂਲਾਂ ਵਿਚ ਦਾਖ਼ਲ ਕੀਤਾ ਗਿਆ ਹੈ। ਸਾਲ 2018-19 ਦੌਰਾਨ ਪ੍ਰੀ-ਪ੍ਰਾਇਮਰੀ ਕਲਾਸਾਂ ਦੇ ਬੱਚਿਆਂ ਨੂੰ ਅਧਿਆਪਨ ਸਿਖਲਾਈ ਸਮੱਗਰੀ ਮੁਹੱਈਆ ਕਰਵਾਉਣ ਲਈ 2.50 ਕਰੋੜ ਰੁਪਏ ਦਾ ਮੁੱਢਲਾ ਰਾਖਵਾਂਕਰਨ ਕੀਤਾ ਗਿਆ ਹੈ।

**ਸਾਰੇ ਵਿਦਿਆਰਥੀਆ ਨੂੰ ਮੁਫ਼ਤ ਪਾਠ-ਪੁਸਤਕਾਂ**

105. ਰਾਜ, ਸਾਲ 2018-19 ਦੌਰਾਨ ਸਰਕਾਰੀ ਸਕੂਲਾਂ ਵਿਚ ਪਹਿਲੀ ਤੋਂ 12ਵੀਂ ਤੱਕ ਦੇ ਵਿਦਿਆਰਥੀਆਂ ਨੂੰ ਲੋੜੀਂਦੀਆਂ ਪਾਠ ਪੁਸਤਕਾਂ ਮੁਫ਼ਤ ਮੁਹੱਈਆ ਕਰਵਾਏਗਾ। ਇਸ ਉਦੇਸ਼ ਲਈ 49 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ। ਸਾਲ 2018-19 ਦੇ ਅਕਾਦਮਿਕ ਸੈਸ਼ਨ ਲਈ ਪਾਠ-ਪੁਸਤਕਾਂ ਪਹਿਲਾਂ ਹੀ ਛਪਾਈ ਅਧੀਨ ਹਨ ਅਤੇ ਵਿਭਾਗ ਅਗਲੇ ਅਕਾਦਮਿਕ ਵਰ੍ਹੇ ਦੀ ਸ਼ੁਰੂਆਤ ਤੋਂ ਪਹਿਲਾਂ ਹੀ ਵਿਦਿਆਰਥੀਆਂ ਨੂੰ ਪਾਠ ਪੁਸਤਕਾਂ ਮੁਹੱਈਆ ਕਰਵਾਉਣ ਦੀ ਸਥਿਤੀ ਵਿੱਚ ਹੋਵੇਗਾ।

**ਡਿਜੀਟਲ ਸਿੱਖਿਆ**

106. ਕੰਪਿਊਟਰਾਂ ਅਤੇ ਪ੍ਰੋਜੈਕਟਰਾਂ ਸਮੇਤ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾ ਕੇਵਲ ਅਧਿਆਪਨ ਨੂੰ ਵਧੇਰੇ ਅਨੁਕੂਲ ਬਣਾਉਂਦੀ ਹੈ ਸਗੋਂ ਸਿਧਾਂਤਾਂ ਦੀ ਬਿਹਤਰ ਸਮਝ ਵਿਚ ਵੀ ਸਹਾਈ ਹੁੰਦੀ ਹੈ ਅਤੇ ਇਸ ਪ੍ਰਕਾਰ ਵਿਦਿਆਰਥੀਆਂ ਵੱਲੋਂ ਵਧੀਆ ਸਿਖਲਾਈ ਪ੍ਰਾਪਤ ਕੀਤੀ ਜਾਂਦੀ ਹੈ। ਨਿੱਜੀ ਭਾਈਵਾਲਾਂ ਨਾਲ ਮਿਲ ਕੇ ਸਮੂਹ ਸਕੂਲਾਂ ਵਿਚ ਵਾਈ-ਫਾਈ ਸੁਵਿਧਾ ਉਪਲੱਬਧ ਕਰਵਾਈ ਜਾਵੇਗੀ। ਇਸ ਸਬੰਧੀ ਇੱਕ ਸਮਝੌਤਾ ਪੱਤਰ ਤੇ ਹਸਤਾਖਰ ਕੀਤੇ ਗਏ ਹਨ ਅਤੇ ਮਾਰਚ 2018 ਤੱਕ 200 ਸਕੂਲਾਂ ਨੂੰ ਕਵਰ ਕੀਤਾ ਜਾਵੇਗਾ। ਬਾਕੀ ਬਚਦੇ ਸਕੂਲ ਪੜਾਅਵਾਰ ਢੰਗ ਨਾਲ ਅਗਲੇ 2 ਸਾਲਾਂ ਵਿਚ ਕਵਰ ਕੀਤੇ ਜਾਣਗੇ।

107. ਇਸ ਤੋਂ ਇਲਾਵਾ ਪੰਜਾਬ ਸਕੂਲ ਸਿੱਖਿਆ ਬੋਰਡ ਕੋਲ ਉਪਲੱਬਧ ਮੌਜੂਦਾ ਸਾਰੇ ਰਿਕਾਰਡਾਂ ਨੂੰ ਡਿਜੀਟਾਈਜ਼ ਕੀਤਾ ਜਾ ਰਿਹਾ ਹੈ ਤਾਂ ਜੋ ਨਾਗਰਿਕਾਂ ਨੂੰ ਵੱਖ ਵੱਖ ਸੇਵਾਵਾਂ ਦੀ ਸ਼ੀਘਰ ਸਪੁਰਦਗੀ ਨੂੰ ਯਕੀਨੀ ਬਣਾਇਆ ਜਾ ਸਕੇ।ਮੌਜੂਦਾ ਅਕਾਦਮਿਕ ਸੈਸ਼ਨ ਤੋਂ ਬੋਰਡ ਵੱਲੋਂ ਮੈਟ੍ਰਿਕ ਅਤੇ 10+2 ਪ੍ਰੀਖਿਆਵਾਂ ਲਈ ਡਿਜੀਟਲ ਸਰਟੀਫਿਕੇਟ ਜਾਰੀ ਕੀਤੇ ਜਾਣਗੇ।

**ਕਿੱਤਾ ਮੁੱਖੀ ਸਿੱਖਿਆ**

108. ਐੱਨ.ਐੱਸ.ਕਿਯੂ.ਐੱਫ. ਸਕੀਮ ਅਧੀਨ ਕਿੱਤਾਮੁੱਖੀ ਸਿੱਖਿਆ ਦਾ ਪਸਾਰ ਹੁਣ 380 ਹੋਰ ਸਕੂਲਾਂ ਤੱਕ ਕਰ ਦਿੱਤਾ ਗਿਆ ਹੈ।ਸਾਲ 2018-19 ਦੌਰਾਨ ਕਿੱਤਾਮੁੱਖੀ ਸਿੱਖਿਆ ਅਧੀਨ 500 ਹੋਰ ਸਕੂਲਾਂ ਨੂੰ ਕਵਰ ਕੀਤੇ ਜਾਣ ਦੀ ਯੋਜਨਾ ਹੈ।

**ਉਚੇਰੀ ਸਿੱਖਿਆ**

ਜਨਾਬ ਸਪੀਕਰ ਸਾਹਿਬ,

109. ਜੇਕਰ ਅਸੀਂ ਸਾਲ 2022 ਤੱਕ 32 ਦੀ ਨਿਰੋਲ ਦਾਖਲਾ ਅਨੁਪਾਤ ਨੂੰ ਪ੍ਰਾਪਤ ਕਰਨ ਦਾ ਟੀਚਾ ਰੱਖੀਏ ਜੋ ਕਿ ਫਿਲਹਾਲ 28.6 (ਸਾਲ 2016-17) ਤੇ ਹੈ, ਤਾਂ ਸਾਨੂੰ ਉਚੇਰੀ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣਾ ਅਤੇ ਇਸ ਤੱਕ ਪਹੁੰਚ ਵਿਚ ਸੁਧਾਰ ਲਿਆਉਣਾ ਹੋਵੇਗਾ।ਇਸ ਲਈ ਸਰਕਾਰ ਨੇ 10 ਨਵੇਂ ਡਿਗਰੀ ਕਾਲਜ ਖੋਲ੍ਹਣ ਦਾ ਫ਼ੈਸਲਾ ਲਿਆ ਹੈ ਅਤੇ ਇਸ ਮੰਤਵ ਲਈ ਮੈਂ ਇਸ ਸਾਲ 30 ਕਰੋੜ ਰੁਪਏ ਦੇ ਆਰੰਭਕ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ।

**ਰਾਸ਼ਟਰੀਯ ਉਚਤਰ ਸਿਕਸ਼ਾ ਅਭਿਆਨ (ਰੂਸਾ)**

110. ਰਾਸ਼ਟਰੀਯ ਉਚਤਰ ਸਿਕਸ਼ਾ ਅਭਿਆਨ (ਰੂਸਾ) ਦੇ ਅੰਤਰਗਤ ਪਿਛਲੇ ਅਕਾਦਮਿਕ ਸਾਲ ਤੋਂ ਪਠਾਨਕੋਟ ਅਤੇ ਫ਼ਿਰੋਜ਼ਪੁਰ ਵਿਖੇ ਦੋ ਮਾਡਲ ਡਿਗਰੀ ਕਾਲਜ ਕਾਰਜਸ਼ੀਲ ਹੋ ਗਏ ਹਨ।26 ਕਰੋੜ ਰੁਪਏ ਪ੍ਰਤੀ ਕਾਲਜ ਦੀ ਲਾਗਤ ਵਾਲੇ ਦੋ ਹੋਰ ਪੇਸ਼ੇਵਾਰਨਾ ਕਾਲਜ-ਆਰਟਸ ਐਂਡ ਸਪੋਰਟਸ ਕਾਲਜ, ਜਲੰਧਰ ਅਤੇ ਪੰਜਾਬ ਸਟੇਟ ਐਰੋਨਾਟਿਕ ਕਾਲਜ, ਪਟਿਆਲਾ ਮੁਕੰਮਲ ਹੋਣ ਵਾਲੇ ਹਨ।ਮੈਂ ਇਹ ਜ਼ਿਕਰ ਕਰਨਾ ਚਾਹਾਂਗਾ ਕਿ ਮੈਂ ਸਪੋਰਟਸ ਕਾਲਜ, ਜਲੰਧਰ ਦੀ ਅਪਗ੍ਰੇਡੇਸ਼ਨ ਦੇ ਚੱਲ ਰਹੇ ਕਾਰਜ ਨੂੰ ਮੁਕੰਮਲ ਕਰਨ ਲਈ ਸਾਲ 2018-19 ਵਿਚ 1.50 ਕਰੋੜ ਰੁਪਏ ਦਾ ਉਪਬੰਧ ਕਰ ਰਿਹਾ ਹਾਂ।

**ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਮਹਾਰਾਜਾ ਅਗਰਸੈਨ ਚੇਅਰ**

111. ਅਸੀਂ ਪੰਜਾਬ ਦੇ ਆਰਥਿਕ ਵਿਕਾਸ ਵਿਚ ਅਗਰਵਾਲ ਭਾਈਚਾਰੇ ਵੱਲੋਂ ਨਿਭਾਈ ਗਈ ਭੂਮਿਕਾ ਨੂੰ ਉਜਾਗਰ ਕਰਨ ਹਿੱਤ 7 ਕਰੋੜ ਰੁਪਏ ਦੇ ਰਾਖਵੇਂਕਰਨ ਨਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਮਹਾਰਾਜਾ ਅਗਰਸੈਨ ਚੇਅਰ ਦੀ ਸਥਾਪਨਾ ਕਰਨ ਦੀ ਤਜਵੀਜ਼ ਰੱਖਦੇ ਹਾਂ ਅਤੇ ਇਸ ਸਾਲ 2 ਕਰੋੜ ਰੁਪਏ ਦਾ ਆਰੰਭਕ ਬਜਟ ਰਾਖਵਾਂ ਕੀਤਾ ਗਿਆ ਹੈ।

**ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਮਹਾਰਾਣਾ ਪ੍ਰਤਾਪ ਚੇਅਰ**

112. ਸਾਡੇ ਦੇਸ਼ ਦੇ ਇੱਕ ਮਹਾਨ ਸਪੂਤ ਦਾ ਸਨਮਾਨ ਕਰਨ ਲਈ ਇੱਕ ਨਿਮਾਣੇ ਜਿਹੇ ਯਤਨ ਵਜੋਂ 7 ਕਰੋੜ ਰੁਪਏ ਦੇ ਰਾਖਵੇਂਕਰਨ ਨਾਲ ਅਸੀਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਮਹਾਰਾਣਾ ਪ੍ਰਤਾਪ ਚੇਅਰ ਦੀ ਸਥਾਪਨਾ ਕਰਨ ਦੀ ਤਜਵੀਜ਼ ਰੱਖਦੇ ਹਾਂ ਅਤੇ ਇਸ ਸਾਲ 2 ਕਰੋੜ ਰੁਪਏ ਦਾ ਆਰੰਭਕ ਰਾਖਵਾਂਕਰਨ ਕੀਤਾ ਗਿਆ ਹੈ।

**ਯੂਨੀਵਰਸਿਟੀਆਂ ਨੂੰ ਗ੍ਰਾਂਟ**

ਜਨਾਬ ਸਪੀਕਰ ਸਾਹਿਬ,

113. ਸਾਨੂੰ ਆਪਣੀ ਪੰਜਾਬ ਯੂਨੀਵਰਸਿਟੀ ਤੇ ਫਖ਼ਰ ਹੈ ਅਤੇ ਅਸੀਂ ਇਸ ਦੀ ਸਹਾਇਤਾ ਲਈ ਵਚਨਬੱਧ ਹਾਂ। ਇਸ ਸਾਲ ਤੋਂ ਆਰੰਭ ਕਰਦਿਆਂ ਅਸੀਂ ਦੇਸ਼ ਦੀਆਂ ਸਭ ਤੋਂ ਪੁਰਾਣੀਆਂ ਯੂਨੀਵਰਸਿਟੀਆਂ ਵਿਚੋਂ ਇੱਕ ਪੰਜਾਬ ਯੂਨੀਵਰਸਿਟੀ ਦੀ ਗ੍ਰਾਂਟ ਨੂੰ 33 ਕਰੋੜ ਰੁਪਏ ਦੀ ਮੌਜੂਦਾ ਗ੍ਰਾਂਟ ਤੋਂ ਵਧਾ ਕੇ ਸਾਲ 2018-19 ਵਿਚ 42.62 ਕਰੋੜ ਰੁਪਏ ਕਰਨ ਦਾ ਫ਼ੈਸਲਾ ਲਿਆ ਹੈ। ਇਸ ਵਿੱਚ ਵਿੱਤੀ ਘਾਟੇ ਨੂੰ ਪੂਰਾ ਕਰਨ ਲਈ ਯੂਨੀਵਰਸਿਟੀ ਦੀ ਸਹਾਇਤਾ ਲਈ ਇਸ ਸਾਲ 6 ਕਰੋੜ ਰੁਪਏ ਦੀ ਵਾਧੂ ਗ੍ਰਾਂਟ ਸ਼ਾਮਲ ਹੈ। ਇਸ ਦੇ ਸਬੰਧਿਤ ਕਾਲਜਾਂ ਲਈ ਵੀ ਮੈਂ 8 ਕਰੋੜ ਰੁਪਏ ਦੀ ਗ੍ਰਾਂਟ ਦੀ ਤਜਵੀਜ਼ ਕਰ ਰਿਹਾ ਹਾਂ।

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

114. ਇਸੇ ਤਰ੍ਹਾਂ ਰਾਜ ਦੀਆਂ ਹੋਰ ਯੂਨੀਵਰਸਿਟੀਆਂ ਜਿਵੇਂ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਗਡਵਾਸੂ, ਗੁਰੂ ਰਵੀਦਾਸ ਆਯੂਰਵੇਦਾ ਯੂਨੀਵਰਸਿਟੀ ਅਤੇ ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ ਨੂੰ ਦਿੱਤੀਆਂ ਜਾਣ ਵਾਲੀਆਂ ਗ੍ਰਾਂਟਾਂ ਵਿਚ ਪਿਛਲੇ ਸਾਲ ਦੇ ਮੁਕਾਬਲੇ ਘੱਟੋ-ਘੱਟ 6 ਫ਼ੀਸਦ ਦਾ ਵਾਧਾ ਕੀਤੇ ਜਾਣ ਦੀ ਤਜਵੀਜ਼ ਹੈ।

115. ਮੈਂ ਇਸ ਸਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਾਸਤੇ 50 ਕਰੋੜ ਰੁਪਏ ਦੀ ਇਕਮੁਸ਼ਤ ਵਾਧੂ ਗ੍ਰਾਂਟ ਦੀ ਤਜਵੀਜ਼ ਵੀ ਰੱਖਦਾ ਹਾਂ।

116. ਸਰਕਾਰ ਸਮੂਹ ਭਾਸ਼ਾਵਾਂ, ਵਿਸ਼ੇਸ਼ ਤੌਰ 'ਤੇ ਪੰਜਾਬੀ ਦੇ ਪ੍ਰਸਾਰ ਪ੍ਰਤੀ ਵਚਨਬੱਧ ਹੈ ਜਿਸ ਲਈ ਸਾਲ 2018-19 ਦੌਰਾਨ 25.01 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।

**ਕਾਲਜਾਂ ਵਿੱਚ ਵਾਈ-ਫਾਈ ਸੁਵਿਧਾ**

117. ਸਾਡੀ ਸਰਕਾਰ ਜਾਣਕਾਰੀ ਦੇ ਬਿਹਤਰ ਵਟਾਂਦਰੇ ਅਤੇ ਅਧਿਆਪਨ ਵਿਧੀਆਂ ਲਈ ਸਰਕਾਰੀ ਕਾਲਜਾਂ ਦੇ ਵਿਦਿਆਰਥੀਆਂ ਅਤੇ ਅਮਲੇ ਨੂੰ ਸਾਰੀਆਂ ਆਧੁਨਿਕ ਸੁਵਿਧਾਵਾਂ ਮੁਹੱਈਆ ਕਰਵਾਉਣ ਪ੍ਰਤੀ ਵਚਨਬੱਧ ਹੈ। ਇਸ ਲਈ ਅਸੀਂ ਸਮੁੱਚੇ 48 ਸਰਕਾਰੀ ਕਾਲਜਾਂ ਵਿਚ ਮੁਫ਼ਤ ਵਾਈ-ਫਾਈ ਸੇਵਾਵਾਂ ਮੁਹੱਈਆ ਕਰਵਾਉਣ ਦਾ ਫ਼ੈਸਲਾ ਲਿਆ ਹੈ। ਮੈਨੂੰ ਇਹ ਐਲਾਨ ਕਰਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਇਹ ਸੁਵਿਧਾ ਪਹਿਲਾਂ ਤੋਂ ਹੀ 23 ਕਾਲਜਾਂ ਵਿਚ ਕਾਰਜਸ਼ੀਲ ਹੋ ਚੁੱਕੀ ਹੈ ਅਤੇ ਬਾਕੀ ਦੇ ਕਾਲਜਾਂ ਵਿਚ ਜੁਲਾਈ, 2018 ਤੱਕ ਆਰੰਭ ਹੋ ਜਾਵੇਗੀ।

118. ਸਰਕਾਰ ਚਾਹੁੰਦੀ ਹੈ ਕਿ ਰਾਜ ਦੀਆਂ ਯੂਨੀਵਰਸਿਟੀਆਂ ਅਤੇ ਅਕਾਦਮਿਕ ਸੰਸਥਾਵਾਂ ਇੱਕ ਮਜ਼ਬੂਤ ਉਦਯੋਗਿਕ ਸੰਪਰਕ ਨਾਲ ਨਿਵੇਕਲੇ ਖੋਜ ਅਧਾਰਿਤ ਕੇਂਦਰ ਦੇ ਤੌਰ ਦੇ ਉਭਰ ਕੇ ਸਾਹਮਣੇ ਆਉਣ। ਇਸ ਲਈ ਅਸੀਂ ਉਦਯੋਗਾਂ ਦੀ ਸ਼ਮੂਲੀਅਤ ਨਾਲ ਵਿਦਿਅਕ ਅਦਾਰਿਆਂ ਨੂੰ ਆਪਣੇ ਸੰਸਥਾਵਾਂ ਵਿਚ ਇਨਕਿਊਬੇਟਰ ਅਤੇ ਖੋਜ ਕੇਂਦਰ ਆਰੰਭ ਕਰਨ ਲਈ ਪ੍ਰੋਤਸਾਹਿਤ ਅਤੇ ਸਹਾਇਤਾ ਕਰਾਂਗੇ।

**ਤਕਨੀਕੀ ਸਿੱਖਿਆ**

119. ਇਸ ਅਜ਼ੀਮ ਸਦਨ ਸਾਹਮਣੇ ਮੈਨੂੰ ਇਹ ਦੱਸਣ ਵਿਚ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਸਰਕਾਰੀ ਪੋਲੀਟੈਕਨਿਕ ਕਾਲਜਾਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੇ ਲਾਭ ਹਿੱਤ ਆਰੰਭ ਕੀਤੀ ਗਈ ਮੁੱਖ ਮੰਤਰੀ ਵਜ਼ੀਫਾ ਸਕੀਮ ਦੀ ਸਫ਼ਲ ਸ਼ੁਰੂਆਤ ਦੇ ਫਲਸਰੂਪ ਦਾਖਲਿਆਂ ਵਿਚ ਲਗਭਗ 25 ਫ਼ੀਸਦ ਦਾ ਵਾਧਾ ਹੋਇਆ ਹੈ।

**ਸਕਿਲ ਯੂਨੀਵਰਸਿਟੀ**

120. ਸਰਕਾਰ ਵੱਲੋਂ ਰੁਜ਼ਗਾਰ ਮੁਖੀ ਸਿਖਲਾਈ ਲਈ ਸ੍ਰੀ ਚਮਕੌਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ 100 ਏਕੜ ਵਿਚ ਇੱਕ ਸਕਿਲ ਯੂਨੀਵਰਸਿਟੀ ਸਥਾਪਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਆਗਾਮੀ ਸਮੇਂ ਵਿੱਚ ਇਸ ਮੰਤਵ ਲਈ ਲੋੜੀਂਦੇ ਬਜਟ ਉਪਬੰਧ ਕੀਤੇ ਜਾਣਗੇ।

**ਪੰਜਾਬ ਨੌਜਵਾਨ ਹੁਨਰ ਵਿਕਾਸ ਯੋਜਨਾ**

121. ਸਰਕਾਰ ਵੱਲੋਂ ਪੰਜਾਬ ਨੌਜਵਾਨ ਹੁਨਰ ਵਿਕਾਸ ਯੋਜਨਾ ਨਾਮ ਦੀ ਇੱਕ ਨਵੀਂ ਸਕੀਮ ਆਰੰਭ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ ਜਿਸ ਦਾ ਮੰਤਵ ਕਿਸੇ ਹੁਨਰ ਸਿਖਲਾਈ ਕੇਂਦਰ ਵਿਖੇ 18-35 ਸਾਲ ਦੀ ਉਮਰ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਮੁਫ਼ਤ ਹੁਨਰ ਸਿਖਲਾਈ ਪ੍ਰਦਾਨ ਕਰਨਾ ਹੈ। ਇਹ ਸਕੀਮ ਵਿਸ਼ੇਸ਼ ਤੌਰ ਤੇ ਅਨੁਸੂਚਿਤ ਜਾਤਾਂ, ਪਛੜੀਆਂ ਸ਼੍ਰੇਣੀਆਂ, ਅਪੰਗ, ਇਸਤਰੀਆਂ ਅਤੇ ਸਕੂਲ ਛੱਡ ਚੁੱਕੇ ਵਿਦਿਆਰਥੀਆਂ ਤੇ ਕੇਂਦਰਿਤ ਹੋਵੇਗੀ। ਇਸ ਮੰਤਵ ਲਈ ਮੈਂ ਸਾਲ 2018-19 ਦੌਰਾਨ 10 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਕਰਦਾ ਹਾਂ।

122. ਸਰਕਾਰ ਉਨ੍ਹਾਂ ਬਲਾਕਾਂ ਵਿਚ ਆਈ.ਟੀ.ਆਈ/ਪੁਨਰ ਵਿਕਾਸ ਕੇਂਦਰ ਲਗਾਉਣ ਦੀ ਯੋਜਨਾ ਵੀ ਬਣਾ ਰਹੀ ਹੈ ਜਿਥੇ ਇਨ੍ਹਾਂ ਵਿਚੋਂ ਕੋਈ ਵੀ ਨਹੀਂ ਲੱਗਿਆ ਹੋਇਆ। ਉਦਯੋਗਾਂ ਨੂੰ ਕਾਰਜਕੁਸ਼ਲ ਕਾਮਿਆਂ ਨਾਲ ਜੋੜਨ ਹਿੱਤ ਸਾਈਕਲ ਵੈਲੀ, ਲੁਧਿਆਣਾ ਵਿਖੇ ਪੀ.ਪੀ.ਪੀ. ਦੀ ਤਰਜ਼ ਤੇ ਆਈ.ਟੀ.ਆਈ. ਦੀ ਸਥਾਪਨਾ ਕੀਤੀ ਜਾਵੇਗੀ।

**ਸਿਹਤ ਅਤੇ ਪਰਿਵਾਰ ਭਲਾਈ**

123. ਸਾਡੀ ਸਰਕਾਰ ਸਮੁੱਚੀ ਆਬਾਦੀ, ਵਿਸ਼ੇਸ਼ ਤੌਰ ਤੇ ਲਾਭਵਿਹੂਣਿਆਂ ਨੂੰ ਬਰਾਬਰ, ਪਹੁੰਚਯੋਗ ਅਤੇ ਕਿਫ਼ਾਇਤੀ ਗੁਣਵੱਤਾ ਸਿਹਤ ਸੇਵਾਵਾਂ ਪ੍ਰਦਾਨ ਕਰਨ ਪ੍ਰਤੀ ਵਚਨਬੱਧ ਹੈ। ਸਰਕਾਰ ਆਪਣੀਆਂ ਮੁੱਢਲੀਆਂ ਅਤੇ ਦੂਜੇ ਦਰਜੇ ਦੀਆਂ ਸਿਹਤ ਸੰਭਾਲ ਸੇਵਾਵਾਂ ਲਈ ਵਿੱਤੀ ਸਾਲ 2018-19 ਦੌਰਾਨ 4015 ਕਰੋੜ ਰੁਪਏ ਦਾ ਕੁੱਲ ਰਾਖਵਾਂਕਰਨ ਕਰ ਰਹੀ ਹੈ ਜੋ ਕਿ ਪਿਛਲੇ ਸਾਲ ਦੇ ਬਜਟ ਅਨੁਮਾਨਾਂ ਨਾਲੋਂ 13 ਫ਼ੀਸਦ ਦਾ ਵਾਧਾ ਹੈ।

**ਨੈਸ਼ਨਲ ਹੈਲਥ ਮਿਸ਼ਨ (ਐੱਨ.ਐੱਚ.ਐੱਮ.)**

124. ਨੈਸ਼ਨਲ ਹੈਲਥ ਮਿਸ਼ਨ (ਐੱਨ.ਐੱਚ.ਐੱਮ.) ਦੇ ਫਲੈਗਸ਼ਿਪ ਪ੍ਰੋਗਰਾਮ ਦੇ ਅੰਤਰਗਤ ਮਰੀਜ਼ਾਂ ਲਈ ਸਿਹਤ ਬੁਨਿਆਦੀ ਢਾਂਚੇ, ਮਸ਼ੀਨਾਂ ਦੀ ਉਪਲਬਧਤਾ, ਰੋਗ ਨਿਦਾਨ ਅਤੇ ਮੁਫ਼ਤ ਦਵਾਈਆਂ ਲਈ ਵਿੱਤੀ ਸਾਲ 2018-19 ਦੌਰਾਨ 914.57 ਕਰੋੜ ਰੁਪਏ ਦੀ ਤਜਵੀਜ਼ ਰੱਖੀ ਗਈ ਹੈ। ਤਜਵੀਜ਼ ਕੀਤਾ ਗਿਆ ਰਾਖਵਾਂਕਰਨ ਪਿਛਲੇ ਸਾਲ 776.63 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤੁਲਨਾ ਵਿਚ 18 ਫ਼ੀਸਦ ਵੱਧ ਹੈ।

**ਨਵੇਂ ਹਸਪਤਾਲ ਅਤੇ ਟ੍ਰਾਮਾ ਸੈਂਟਰ**

125. ਸਰਕਾਰ ਵੱਲੋਂ ਲੁਧਿਆਣਾ ਵਿਚ ਦੋਰਾਹਾ ਅਤੇ ਪਟਿਆਲਾ ਵਿੱਚ ਘਨੌਰ ਵਿਖੇ ਨਵੇਂ ਹਸਪਤਾਲ ਵੀ ਬਣਾਏ ਜਾਣਗੇ ਅਤੇ ਸਿਵਲ ਹਸਪਤਾਲ, ਬਠਿੰਡਾ ਦਾ ਨਵੀਨੀਕਰਨ ਕੀਤਾ ਜਾਵੇਗਾ। ਸੜਕ ਹਾਦਸਿਆਂ ਦੇ ਸ਼ਿਕਾਰ ਵਿਅਕਤੀਆਂ ਤੇ ਤੁਰੰਤ ਧਿਆਨ ਦੇਣ ਲਈ ਅਸੀਂ ਮਹੱਤਵਪੂਰਨ ਰਾਜ ਮਾਰਗਾਂ ਤੇ ਟ੍ਰਾਮਾ ਸੈਂਟਰ ਬਣਾਉਣ ਦੀ ਤਜਵੀਜ਼ ਰੱਖਦੇ ਹਾਂ ਜਿਸ ਲਈ ਮੈਂ ਸਾਲ 2018-19 ਲਈ 20 ਕਰੋੜ ਰੁਪਏ ਦੇ ਆਰੰਭਕ ਰਾਖਵੇਂਕਰਨ ਦੀ ਤਜਵੀਜ਼ ਪੇਸ਼ ਕਰਦਾ ਹਾਂ।

**ਕੈਂਸਰ ਰੋਗੀਆਂ ਨੂੰ ਸਹਾਇਤਾ ਅਤੇ ਨਸ਼ਾ ਮੁਕਤੀ**

126. ਮੁੱਖ ਮੰਤਰੀ ਕੈਂਸਰ ਰਾਹਤ ਕੋਸ਼ ਦੇ ਅੰਤਰਗਤ 30 ਕਰੋੜ ਰੁਪਏ ਦੀ ਤਜਵੀਜ਼ ਰੱਖੀ ਗਈ ਹੈ ਜਿਸ ਵਿਚ 1.50 ਲੱਖ ਰੁਪਏ ਦੀ ਵਿੱਤੀ ਸਹਾਇਤਾ ਕੈਂਸਰ ਰੋਗੀਆਂ ਦੇ ਮੁਫ਼ਤ ਇਲਾਜ ਲਈ ਮੁਹੱਈਆ ਕਰਵਾਈ ਜਾਵੇਗੀ । 39 ਕਰੋੜ ਰੁਪਏ ਦੀ ਲਾਗਤ ਨਾਲ ਅੰਮ੍ਰਿਤਸਰ ਵਿਖੇ ਇਕ

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

ਸਟੇਟ ਕੈਂਸਰ ਇੰਸਟੀਚਿਊਟ ਅਤੇ 45 ਕਰੋੜ ਰੁਪਏ ਦੀ ਲਾਗਤ ਨਾਲ ਫਾਜ਼ਿਲਕਾ ਵਿਖੇ ਟਰਸ਼ਰੀ ਕੈਂਸਰ ਕੇਅਰ ਸੈਂਟਰ ਦੀ ਉਸਾਰੀ ਵੀ ਕੀਤੀ ਜਾਵੇਗੀ। ਰਾਜ ਵਿਚ ਕੈਂਸਰ ਨਿਦਾਨ ਅਤੇ ਇਲਾਜ ਬੁਨਿਆਦੀ ਢਾਂਚੇ ਦੇ ਵਿਸਥਾਰ ਅਤੇ ਨਸ਼ਾ ਮੁਕਤੀ ਦੀ ਨਵੀਂ ਨੀਤੀ ਨੂੰ ਲਾਗੂ ਕਰਨ ਵਿਚ ਮਦਦ ਕਰਨ ਲਈ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਬੋਰਡ (ਸੀਏਡੀਏ) ਨੂੰ 25 ਕਰੋੜ ਰੁਪਏ ਦੀ ਮਦਦ ਦਿੱਤੀ ਜਾਵੇਗੀ।

### ਕੌਮੀ ਸਿਹਤ ਸੁਰੱਖਿਆ ਸਕੀਮ (ਐਨ.ਐਚ.ਪੀ.ਐਸ.)

127. ਹਾਲ ਹੀ ਵਿਚ ਭਾਰਤ ਸਰਕਾਰ ਵੱਲੋਂ ਕੌਮੀ ਸਿਹਤ ਸੁਰੱਖਿਆ ਸਕੀਮ ਦਾ ਐਲਾਨ ਕੀਤਾ ਗਿਆ ਹੈ ਜਿਸ ਦੇ ਅੰਤਰਗਤ ਐਸ.ਈ.ਸੀ.ਸੀ. 2011 ਅਧੀਨ ਪਛਾਣੇ ਗਏ 15.06 ਲੱਖ ਗਰੀਬ ਪਰਿਵਾਰਾਂ ਨੂੰ 5 ਲੱਖ ਰੁਪਏ ਦੀ ਕਵਰੇਜ ਦਿੱਤੀ ਜਾਵੇਗੀ। ਰਾਜ ਵੱਲੋਂ ਐਨ.ਐਚ.ਪੀ.ਐਸ. ਸਕੀਮ ਨੂੰ ਨਾ ਕੇਵਲ ਅਪਣਾਇਆ ਜਾਵੇਗਾ ਸਗੋਂ ਅਜਿਹੀ ਕਵਰੇਜ ਐਸ.ਈ.ਸੀ.ਸੀ. ਸਰਵੇਖਣ ਦੇ ਨਾਲ ਐਨ.ਐਫ.ਐਸ. ਦੇ ਸਰਵੇਖਣ ਅਧੀਨ ਪਛਾਣੇ ਗਏ ਪਰਿਵਾਰਾਂ ਨੂੰ ਵੀ ਦਿੱਤੀ ਜਾਵੇਗੀ ਕਿਉਂ ਜੋ ਇਹ ਸਕੀਮ ਭਾਰਤ ਸਰਕਾਰ ਵੱਲੋਂ ਆਰੰਭ ਕੀਤੀ ਗਈ, ਬਜਟੀ ਰਾਖਵੇਂਕਰਨ ਵਿੱਚ ਉਚਿਤ ਸਮਾਵੇਸ਼ ਕੀਤੇ ਜਾਣਗੇ।

### ਸਿਹਤ ਅਤੇ ਅਰੋਗਤਾ ਕੇਂਦਰ

128. ਸਾਡੀ ਸਰਕਾਰ ਨੇ ਵੱਖ-ਵੱਖ ਵਰਗਾਂ ਦੇ ਘਰੋਂ-ਘਰੀ ਵਿਸਤ੍ਰਿਤ ਮੁਢਲੀਆਂ ਸਿਹਤ ਸੰਭਾਲ ਸੇਵਾਵਾਂ ਇੱਕ ਪੜਾਅਵਾਰ ਢੰਗ ਨਾਲ ਉਪਲੱਬਧ ਕਰਾਉਣ ਲਈ 2950 ਉਪ-ਕੇਂਦਰਾਂ ਅਤੇ ਸਿਹਤ ਅਤੇ ਅਰੋਗਤਾ ਕੇਂਦਰਾਂ ਨੂੰ ਮਜ਼ਬੂਤ ਬਣਾਉਣ ਦਾ ਫ਼ੈਸਲਾ ਵੀ ਕੀਤਾ ਹੈ। ਇਸ ਤੋਂ ਇਲਾਵਾ ਵਿੱਤੀ ਸਾਲ 2018-19 ਦੌਰਾਨ 600 ਹੋਰ ਸਿਹਤ ਅਤੇ ਅਰੋਗਤਾ ਕੇਂਦਰਾਂ ਦਾ ਮਜ਼ਬੂਤੀਕਰਨ ਅਤੇ ਕਾਰਜਸ਼ੀਲ ਬਣਾਇਆ ਜਾਵੇਗਾ। ਇਸ ਮੰਤਵ ਲਈ ਇਸ ਸਾਲ 22.50 ਕਰੋੜ ਰੁਪਏ ਦੇ ਉਪਬੰਧ ਕੀਤੇ ਜਾਣ ਦੀ ਤਜਵੀਜ਼ ਹੈ।

### ਆਯੂਸ਼

129. ਕੌਮੀ ਆਯੂਸ਼ ਮਿਸ਼ਨ ਅਧੀਨ ਆਯੁਰਵੈਦਿਕ ਅਤੇ ਹੋਮਿਓਪੈਥਿਕ ਡਿਸਪੈਂਸਰੀਆਂ ਦੇ ਮਜ਼ਬੂਤੀਕਰਨ ਲਈ ਅਤੇ ਦੋ ਆਯੁਰਵੈਦਿਕ ਹਸਪਤਾਲਾਂ ਦੀ ਉਸਾਰੀ ਲਈ 24 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਹੈ।

## ਮੈਡੀਕਲ ਸਿੱਖਿਆ ਅਤੇ ਖੋਜ

### ਨਵੇਂ ਮੈਡੀਕਲ ਕਾਲਜ

130. ਸਾਡੇ ਲੋਕਾਂ ਦੀ ਸਿਹਤ ਸੰਭਾਲ ਨੂੰ ਕਵਰ ਕਰਨ ਲਈ ਵਿਸਤ੍ਰਿਤ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਮੈਡੀਕਲ ਸਿੱਖਿਆ ਅਤੇ ਤੀਸਰੇ ਦਰਜੇ ਦੀ ਸਿਹਤ ਸੰਭਾਲ ਇਸ ਸਰਕਾਰ ਦੀ ਯੋਜਨਾ ਦਾ ਇਕ ਮਹੱਤਵਪੂਰਨ ਪੱਖ ਹੈ। ਇਸ ਉਦੇਸ਼ ਨੂੰ ਹੋਰ ਅੱਗੇ ਵਧਾਉਣ ਲਈ ਸਰਕਾਰ ਐਸ ਏ ਐਸ ਨਗਰ ਵਿਖੇ ਇਕ ਮੈਡੀਕਲ ਕਾਲਜ ਸਥਾਪਤ ਕਰਨ ਦੀ ਤਜਵੀਜ਼ ਰੱਖਦੀ ਹੈ ਅਤੇ ਦੋ ਹੋਰ ਨਵੇਂ ਮੈਡੀਕਲ ਕਾਲਜਾਂ ਦੀ ਸਥਾਪਨਾ ਵੀ ਕਰੇਗੀ।

**ਮੌਜੂਦਾ ਮੈਡੀਕਲ ਅਤੇ ਡੈਂਟਲ ਕਾਲਜਾਂ ਦਾ ਮਜ਼ਬੂਤੀਕਰਨ**

131. ਵਧੀਆ ਡਾਕਟਰੀ ਸੰਭਾਲ ਅਤੇ ਨਵੀਆਂ ਐਮ.ਬੀ.ਬੀ.ਐਸ. ਅਤੇ ਪੀ.ਜੀ. ਸੀਟਾਂ ਵਧਾਉਣ ਲਈ ਬੁਨਿਆਦੀ ਢਾਂਚਾ ਅਤੇ ਸਾਜ਼ੋ-ਸਮਾਨ ਦੇ ਪੱਖ ਤੋਂ ਸਾਡੇ ਲੋਕਾਂ ਦੀ ਸਿਹਤ ਸੰਭਾਲ ਲਈ ਪਟਿਆਲਾ ਅਤੇ ਅੰਮ੍ਰਿਤਸਰ ਵਿਚਲੇ ਮੌਜੂਦਾ ਸਰਕਾਰੀ ਮੈਡੀਕਲ ਕਾਲਜਾਂ ਅਤੇ ਦੂਸਰੇ ਅਤੇ ਤੀਸਰੇ ਦਰਜੇ ਦੇ ਸਿਹਤ ਸੰਭਾਲ ਕੇਂਦਰਾਂ ਦੇ ਸੁਧਾਰ ਦੀ ਸਖ਼ਤ ਜ਼ਰੂਰਤ ਹੈ। ਸਰਕਾਰੀ ਮੈਡੀਕਲ ਕਾਲਜ ਪਟਿਆਲਾ ਅਤੇ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਸੁਧਾਰ ਲਈ ਬਜਟ ਵਿਚ ਕੁੱਲ 73.34 ਕਰੋੜ ਰੁਪਏ ਦੀ ਰਾਸ਼ੀ ਤਜਵੀਜ਼ ਕੀਤੀ ਗਈ ਹੈ। ਅਸੀਂ ਸਰਕਾਰੀ ਮੈਡੀਕਲ ਕਾਲਜ ਫਰੀਦਕੋਟ ਅਤੇ ਐਡਵਾਂਸ ਕੈਂਸਰ ਹਸਪਤਾਲ ਬਠਿੰਡਾ ਦੇ ਸੁਧਾਰ ਲਈ ਵੀ ਤਜਵੀਜ਼ ਕੀਤੀ ਹੈ ਅਤੇ ਇਸ ਮੰਤਵ ਲਈ 10 ਕਰੋੜ ਰੁਪਏ ਤਜਵੀਜ਼ ਕੀਤੇ ਗਏ ਹਨ।

132. ਇਸ ਸਾਲ ਦੌਰਾਨ ਅਸੀਂ ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਸਥਿਤ ਡੈਂਟਲ ਕਾਲਜਾਂ ਨੂੰ ਅਪਗ੍ਰੇਡ ਕਰਨ ਦੀ ਤਜਵੀਜ਼ ਵੀ ਰੱਖਦੇ ਹਾਂ ਅਤੇ ਇਸ ਉਦੇਸ਼ ਲਈ ਬਜਟ ਵਿਚ 5 ਕਰੋੜ ਰੁਪਏ ਦੀ ਤਜਵੀਜ਼ ਕੀਤੀ ਜਾ ਰਹੀ ਹੈ।

**ਬੁਨਿਆਦੀ ਢਾਂਚਾ**

**ਸਥਾਨਕ ਸਰਕਾਰ**

133. ਪੰਜਾਬ ਵਿਚ 167 ਕਸਬੇ ਅਤੇ ਸ਼ਹਿਰ ਹਨ ਅਤੇ ਰਾਜ ਦੀ ਲਗਭਗ 40 ਫ਼ੀਸਦ ਵਸੋਂ ਸ਼ਹਿਰੀ ਖੇਤਰਾਂ ਵਿਚ ਰਹਿੰਦੀ ਹੈ ਅਤੇ ਰਾਜ ਆਪਣੇ ਜੀ.ਡੀ.ਪੀ. ਦਾ 60 ਫ਼ੀਸਦ ਇਨ੍ਹਾਂ ਸ਼ਹਿਰੀ ਖੇਤਰਾਂ ਤੋਂ ਪ੍ਰਾਪਤ ਕਰਦਾ ਹੈ।

ਜਨਾਬ ਸਪੀਕਰ ਸਾਹਿਬ,

134. ਪੰਜਾਬ ਨੇ ਹਮੇਸ਼ਾ ਹੀ ਦੇਸ਼ ਦੀ ਅਗਵਾਈ ਕੀਤੀ ਹੈ ਭਾਵੇਂ ਇਹ ਅਨਾਜ ਉਤਪਾਦਨ ਦੇ ਖੇਤਰ ਵਿਚ ਹੋਵੇ ਜਾਂ ਸਾਰੇ ਪਿੰਡਾਂ ਅਤੇ ਘਰਾਂ ਨੂੰ ਬਿਜਲੀ ਮੁਹੱਈਆ ਕਰਵਾਉਣ ਦੇ ਖੇਤਰ ਵਿਚ ਹੋਵੇ। ਮਾਣਯੋਗ ਕੈਪਟਨ ਅਮਰਿੰਦਰ ਸਿੰਘ ਜੀ ਦੀ ਇਹ ਸਰਕਾਰ "ਹਰ ਘਰ ਸਫਾਈ ਹਰ ਘਰ ਪਾਣੀ" ਲਈ ਵਚਨਬੱਧ ਹੈ।

**ਹਰ ਘਰ ਸਫ਼ਾਈ ਹਰ ਘਰ ਪਾਣੀ**

135. ਸਵੱਛ ਭਾਰਤ ਮਿਸ਼ਨ ਅਧੀਨ ਅਸੀਂ ਖੁੱਲ੍ਹੇ ਵਿਚ ਸ਼ੌਚ ਮੁਕਤ ਕਰਨ ਅਤੇ ਠੋਸ ਕੂੜਾ-ਪ੍ਰਬੰਧਨ ਦੇ ਵਿਗਿਆਨਕ ਪ੍ਰਬੰਧ ਉਪਰ ਧਿਆਨ ਕੇਂਦਰਿਤ ਕਰ ਰਹੇ ਹਾਂ। ਅਸੀਂ ਇਸ ਮਿਸ਼ਨ ਪ੍ਰਤੀ ਪੂਰਨ ਤੌਰ 'ਤੇ ਵਚਨਬੱਧ ਹਾਂ ਅਤੇ ਸਾਲ 2018-19 ਦੇ ਸਵੱਛ ਭਾਰਤ ਮਿਸ਼ਨ ਲਈ 100 ਕਰੋੜ ਰੁਪਏ ਰਾਖਵੇਂ ਕੀਤੇ ਜਾ ਰਹੇ ਹਨ। ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਇਸ ਮਿਸ਼ਨ ਵਿਚ ਫੰਡਾਂ ਦੀ ਕਮੀ ਨਹੀਂ ਆਉਣ ਦੇਵਾਂਗੇ। ਮਿਤੀ 30.06.2018 ਤੱਕ ਸਾਰੇ ਨਗਰ ਮਿਊਂਸਿਪਲ ਕਸਬਿਆਂ/ਖੇਤਰਾਂ ਨੂੰ ਖੁੱਲ੍ਹੇ ਵਿਚ ਸ਼ੌਚ ਤੋਂ ਮੁਕਤ ਕੀਤਾ ਜਾਵੇਗਾ।

136. ਅਸੀਂ ਸਾਰੇ ਇਸ ਗੱਲ ਤੋਂ ਚੇਤੰਨ ਹਾਂ ਕਿ ਸੂਬੇ ਦੇ ਜ਼ਮੀਨੀ ਪਾਣੀ ਦਾ ਪੱਧਰ ਤੇਜ਼ੀ ਨਾਲ ਘੱਟ ਰਿਹਾ ਹੈ ਅਤੇ ਇਸ ਤੱਥ ਦੀ ਗੰਭੀਰਤਾ ਨੂੰ ਦੇਖਦਿਆਂ ਵਿਸ਼ਵ ਬੈਂਕ ਅਤੇ ਏ.ਡੀ.ਬੀ. ਦੀ ਮਦਦ ਨਾਲ ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਅਤੇ ਜਲੰਧਰ ਲਈ 24 ਘੰਟੇ ਸਤਹੀ ਪੀਣਯੋਗ ਪਾਣੀ ਮੁਹੱਈਆ ਕਰਵਾਉਣ ਲਈ ਪ੍ਰੋਜੈਕਟ ਤਜਵੀਜ਼ਾਂ ਤਿਆਰ ਕੀਤੀਆਂ ਗਈਆਂ ਹਨ। ਇਹ ਪ੍ਰੋਜੈਕਟ ਅਗਲੇ ਤਿੰਨ ਸਾਲਾਂ ਦੌਰਾਨ ਮੁਕੰਮਲ ਕੀਤੇ ਜਾਣਗੇ।

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

137. ਸਾਲ 2018-19 ਦੌਰਾਨ ਰਾਜ ਦੇ ਕਸਬਿਆਂ ਅਤੇ ਸ਼ਹਿਰਾਂ ਦੀਆਂ 122 ਜਲ ਸਪਲਾਈ ਅਤੇ ਸੀਵਰੇਜ ਸਕੀਮਾਂ ਦੇ ਰਹਿੰਦੇ ਕਾਰਜਾਂ ਨੂੰ ਪੂਰਾ ਕਰਨ ਲਈ ਹੁੱਡਕੋ ਤੋਂ 1540 ਕਰੋੜ ਰੁਪਏ ਦੀ ਵਿਸ਼ੇਸ਼ ਸਹਾਇਤਾ ਵੀ ਲਈ ਜਾਵੇਗੀ।

**ਅਮਰੁਤ**

138. ਅਟਲ ਮਿਸ਼ਨ ਫਾਰ ਰਿਜ਼ੂਵੀਨੇਸ਼ਨ ਐਂਡ ਅਰਬਨ ਟ੍ਰਾਂਸਫਾਰਮੇਸ਼ਨ (ਅਮਰੁਤ) ਸਕੀਮ ਅਧੀਨ ਇਸ ਸਾਲ 500 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਇਸ ਸਕੀਮ ਅਧੀਨ ਬੁਨਿਆਦੀ ਢਾਂਚਾ ਕਾਰਜਾਂ ਜਿਵੇਂ ਕਿ ਜਲ ਸਪਲਾਈ, ਸੀਵਰੇਜ਼, ਸੈਪਟਿਕ ਟੈਂਕਾਂ ਦੀ ਸਫਾਈ, ਸ਼ਹਿਰੀ ਟ੍ਰਾਂਸਪੋਰਟ ਦੀ ਅਪਗ੍ਰੇਡੇਸ਼ਨ ਅਤੇ 1 ਲੱਖ ਤੋਂ ਵਧੇਰੇ ਆਬਾਦੀ ਵਾਲੇ 16 ਕਸਬਿਆਂ ਵਿਚ ਗ੍ਰੀਨ ਪਾਰਕ ਵਿਕਸਿਤ ਕਰਕੇ ਇਨ੍ਹਾਂ ਕਸਬਿਆਂ ਦੀ ਸੁਵਿਧਾ ਮਹੱਤਤਾ ਵਿਚ ਵਾਧਾ ਕੀਤਾ ਜਾਵੇਗਾ। ਇਨ੍ਹਾਂ ਕਸਬਿਆਂ ਵਿਚੋਂ ਹਰੇਕ ਕਸਬੇ ਵਿਚ ਘੱਟੋ-ਘੱਟ ਇਕ ਪਾਰਕ ਵਿਕਸਿਤ ਕਰਨ ਲਈ 40.93 ਕਰੋੜ ਰੁਪਏ ਦੇ ਕੁੱਲ ਨਿਵੇਸ਼ ਦੀ ਤਜਵੀਜ਼ ਕੀਤੀ ਗਈ ਹੈ।

**ਸਮਾਰਟ ਸਿਟੀਜ਼**

139. ਸਮਾਰਟ ਸਿਟੀਜ਼ ਮਿਸ਼ਨ (ਐੱਸ.ਸੀ.ਐੱਮ.) ਅਧੀਨ ਪੰਜਾਬ ਦੇ ਤਿੰਨ ਸ਼ਹਿਰ ਚੁਣੇ ਗਏ ਸਨ ਅਰਥਾਤ ਲੁਧਿਆਣਾ, ਅੰਮ੍ਰਿਤਸਰ, ਜਲੰਧਰ ਨੂੰ ਸਮਾਰਟ ਸਿਟੀ ਵਜੋਂ ਵਿਕਸਿਤ ਕੀਤਾ ਜਾਵੇਗਾ। ਇਸ ਮੰਤਵ ਲਈ ਸਾਲ 2018-19 ਵਿਚ 500 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

**ਸ਼ਹਿਰੀ ਟ੍ਰਾਂਸਪੋਰਟ ਫੰਡ**

140. ਜਨਤਕ ਨਿੱਜੀ ਭਾਈਵਾਲੀ ਰਾਹੀਂ ਬੁਨਿਆਦੀ ਢਾਂਚਾ ਅਤੇ ਸੰਚਾਲਨ ਅਤੇ ਸਾਂਭ ਸੰਭਾਲ ਸਮੇਤ ਸ਼ਹਿਰੀ ਟ੍ਰਾਂਸਪੋਰਟੇਸ਼ਨ ਸੁਵਿਧਾਵਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਅਸੀਂ ਸਾਲ 2018-19 ਦੌਰਾਨ ਲਗਭਗ 75 ਕਰੋੜ ਰੁਪਏ ਦੇ ਸ਼ਹਿਰੀ ਟ੍ਰਾਂਸਪੋਰਟ ਫੰਡ ਸਥਾਪਿਤ ਕਰਨ ਦੀ ਤਜਵੀਜ਼ ਕਰਦੇ ਹਾਂ।

## ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ

**ਪੰਜਾਬ ਸ਼ਹਿਰੀ ਆਵਾਸ ਯੋਜਨਾ**

141. ਰਾਜ ਸਰਕਾਰ ਨੇ 5 ਲੱਖ ਰੁਪਏ ਸਾਲਾਨਾ ਤੋਂ ਘੱਟ ਆਮਦਨ ਵਾਲੇ ਬੇਘਰੇ ਐੱਸ.ਸੀ./ਬੀ.ਸੀ. ਪਰਿਵਾਰਾਂ ਨੂੰ ਮੁਫ਼ਤ ਮਕਾਨ ਮੁਹੱਈਆ ਕਰਵਾਉਣ ਅਤੇ ਗੰਦੀਆਂ ਬਸਤੀਆਂ ਅਤੇ ਸ਼ਹਿਰੀ ਮੱਧ ਸ਼੍ਰੇਣੀਆਂ ਵਿਚ ਰਹਿ ਰਹੇ ਸਾਰੇ ਸ਼ਹਿਰੀ ਗਰੀਬਾਂ ਨੂੰ ਰਿਆਇਤੀ ਦਰ 'ਤੇ ਮਕਾਨ ਮੁਹੱਈਆ ਕਰਵਾਉਣ ਲਈ ਪੰਜਾਬ ਸ਼ਹਿਰੀ ਆਵਾਸ ਯੋਜਨਾ ਅਧਿਸੂਚਿਤ ਕੀਤੀ ਹੈ।

142. ਯੋਗ ਪਰਿਵਾਰਾਂ ਲਈ 10,000 ਈ.ਡਬਲਿਊ.ਐੱਸ. ਰਿਹਾਇਸ਼ੀ ਯੂਨਿਟਾਂ ਦਾ ਨਿਰਮਾਣ ਪੜਾਅਵਾਰ ਢੰਗ ਨਾਲ ਸ਼ੁਰੂ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਭਾਰਤ ਸਰਕਾਰ ਤੋਂ ਉਸਾਰੀ ਲਈ 1.50 ਲੱਖ ਰੁਪਏ ਪ੍ਰਤੀ ਘਰ ਦੀ ਦਰ ਨਾਲ ਕੇਂਦਰੀ ਸਹਾਇਤਾ ਪ੍ਰਾਪਤ ਕੀਤੀ ਜਾਵੇਗੀ ਅਤੇ ਬਕਾਇਆ ਫ਼ੰਡ ਅਤੇ ਜ਼ਮੀਨ ਰਾਜ ਸਰਕਾਰ ਦੁਆਰਾ ਮੁਹੱਈਆ ਕਰਵਾਈ ਜਾਵੇਗੀ। ਸਾਲ 2018-19 ਵਿਚ ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ 335 ਕਰੋੜ ਰੁਪਏ ਅਤੇ ਪੰਜਾਬ ਸ਼ਹਿਰੀ ਆਵਾਸ ਯੋਜਨਾ ਅਧੀਨ 38 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

**ਬਿਜਲੀ**

143. ਰਾਜ ਸਰਕਾਰ ਦਾ ਮੁੱਖ ਜ਼ੋਰ ਸੂਚਨਾ ਤਕਨਾਲੋਜੀ ਉਪਕਰਣਾਂ ਦੀ ਵਰਤੋਂ ਦੁਆਰਾ ਬਿਜਲੀ ਬੁਨਿਆਦੀ ਢਾਂਚੇ ਦੇ ਮਜ਼ਬੂਤੀਕਰਨ, ਲਾਈਨਾਂ ਦੇ ਨੁਕਸਾਨਾਂ ਨੂੰ ਘਟਾਉਣ ਅਤੇ ਬਿਲ ਪ੍ਰਕਿਰਿਆ ਵਿਚ ਪਾਰਦਰਸ਼ਤਾ ਲਿਆਉਣ ਉਪਰ ਹੈ। ਸਾਲ 2017-18 ਦੌਰਾਨ ਰਾਜ ਸਰਕਾਰ ਨੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਸਪਲਾਈ ਅਤੇ ਐੱਸ.ਸੀ. / ਬੀ.ਸੀ. ਅਤੇ ਗੈਰ ਐਸ.ਸੀ.- ਬੀ.ਪੀ.ਐਲ. ਸ਼੍ਰੇਣੀ ਨੂੰ ਰਿਆਇਤੀ ਦਰ 'ਤੇ ਬਿਜਲੀ ਸਪਲਾਈ ਜਾਰੀ ਰੱਖੀ। ਇਸ ਤੋਂ ਇਲਾਵਾ ਰਾਜ ਦੀ ਉਦਯੋਗਿਕ ਆਰਥਿਕਤਾ ਨੂੰ 5 ਰੁਪਏ ਪ੍ਰਤੀ ਯੂਨਿਟ ਦੀ ਪਰਿਵਰਤਨਯੋਗ ਦਰ ਨਾਲ ਬਿਜਲੀ ਮੁਹੱਈਆ ਕੀਤੀ ਜਾ ਰਹੀ ਹੈ। ਅਸੀਂ ਇਸ ਨੀਤੀ ਪ੍ਰਤੀ ਵਚਨਬੱਧ ਹਾਂ ਜਿਸ ਲਈ ਸਾਲ 2018-19 ਦੇ ਬਜਟ ਵਿੱਚ 8950 ਕਰੋੜ ਰੁਪਏ ਦਾ ਕੁਲ ਰਾਖਵਾਂਕਰਨ ਕੀਤਾ ਜਾ ਰਿਹਾ ਹੈ। ਇਸ ਵਿੱਚੋਂ 1254 ਕਰੋੜ ਰੁਪਏ ਐੱਸ.ਸੀ. / ਬੀ.ਸੀ. ਅਤੇ ਗ਼ੈਰ-ਐੱਸ.ਸੀ., ਬੀ.ਪੀ.ਐਲ. ਅਤੇ ਘਰੇਲੂ ਖਪਤਕਾਰਾਂ ਲਈ ਮੁਹੱਈਆ ਕਰਵਾਏ ਜਾ ਰਹੇ ਹਨ।

**ਉਤਪਾਦਨ**

144. ਮੌਜੂਦਾ ਸਮੇਂ ਸੂਬੇ ਦੀ ਕੁੱਲ ਸਥਾਪਤ ਸਮਰੱਥਾ 13182 ਮੈਗਾਵਾਟ ਹੈ ਜਿਸ ਨੂੰ 2017-18 ਦੇ ਅੰਤ ਤੱਕ 13660 ਮੈਗਾਵਾਟ ਤੱਕ ਵਧਾਇਆ ਜਾਵੇਗਾ। ਸਾਲ 2018-19 ਲਈ ਵੱਧ ਤੋਂ ਵੱਧ ਮੰਗ 11705 ਮੈਗਾਵਾਟ ਹੋਣ ਦੀ ਸੰਭਾਵਨਾ ਹੈ। ਜਿਸ ਨੂੰ ਕਿ ਸੁਖਾਲਿਆਂ ਹੀ ਪੂਰਾ ਕੀਤਾ ਜਾ ਸਕਦਾ ਹੈ। ਬਿਜਲੀ ਦੀ ਭਰੋਸੇਯੋਗਤਾ ਅਤੇ ਗੁਣਵੱਤਾ ਵਿਚ ਸੁਧਾਰ ਲਈ ਗੁਰੂ ਗੋਬਿੰਦ ਸਿੰਘ ਐਸ ਟੀ ਪੀ ਰੋਪੜ ਵਿਖੇ ਸੁਪਰ ਕ੍ਰਿਟੀਕਲ ਥਰਮਲ ਪਲਾਂਟ (5 × 800 ਮੈਗਾਵਾਟ) ਸਥਾਪਿਤ ਕਰਨ ਦੀ ਤਜਵੀਜ਼ ਹੈ। ਗੈਸ ਆਧਾਰਤ ਬਿਜਲੀ ਪਲਾਂਟ ਸਥਾਪਤ ਕਰਨ ਦੀ ਸੰਭਾਵਨਾ ਸਬੰਧੀ ਖੋਜ ਕੀਤੀ ਜਾ ਰਹੀ ਹੈ ਅਤੇ ਜੀ.ਐਨ.ਡੀ.ਟੀ.ਪੀ., ਬਠਿੰਡਾ ਦੇ ਰਾਖ ਖੇਤਰ ਵਿਚ 100 ਮੈਗਾਵਾਟ ਸੂਰਜੀ ਊਰਜਾ ਪਲਾਂਟ ਸਥਾਪਿਤ ਕਰਨ ਦੀ ਤਜਵੀਜ਼ ਵੀ ਵਿਚਾਰ ਅਧੀਨ ਹੈ।

**ਸੰਚਾਰ**

145. ਸਾਲ 2018-19 ਦੌਰਾਨ 16 ਨਵੇਂ ਸਬ-ਸਟੇਸ਼ਨਾਂ ਦੇ ਨਿਰਮਾਣ ਦੀ ਯੋਜਨਾ ਬਣਾਈ ਗਈ ਹੈ। 80 ਫ਼ੀਸਦ ਤੋਂ ਵੱਧ ਦੇ ਲੋਡ ਵਾਲੇ ਸਬ-ਸਟੇਸ਼ਨਾਂ ਦੀ ਸਮਰੱਥਾ ਵਿਚ ਵਾਧਾ ਕੀਤਾ ਜਾਵੇਗਾ ਜਾਂ ਹੋਰ ਟ੍ਰਾਂਸਫਾਰਮਰ ਮੁਹੱਈਆ ਕਰਵਾਏ ਜਾਣਗੇ। ਇਸ ਦੇ ਨਾਲ ਇਹ ਵੀ ਚਿਤਵਿਆ ਗਿਆ ਹੈ ਕਿ 1371 ਐਮ.ਵੀ.ਏ. ਦੀ ਕੁੱਲ ਸਮਰੱਥਾ ਨੂੰ ਸ਼ਾਮਲ ਕੀਤਾ ਜਾਵੇਗਾ। ਮੌਜੂਦਾ 66 ਕੇ.ਵੀ. ਸੰਚਾਰ ਲਾਈਨਾਂ ਦੇ ਲੋਡ ਨੂੰ ਵੀ ਘੱਟ ਕਰਨ ਅਤੇ ਸਬ-ਟ੍ਰਾਂਸਮਿਸ਼ਨ ਨੈੱਟਵਰਕ ਦੀ ਭਰੋਸੇਯੋਗਤਾ ਵਿਚ ਸੁਧਾਰ ਲਈ ਪੀ.ਐੱਸ.ਪੀ.ਸੀ.ਐੱਲ. ਸਾਲ ਦੌਰਾਨ 450 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ 800-1000 ਸੀ.ਕੇ.ਟੀ. ਕਿ.ਮੀ. ਸੰਚਾਰ ਲਾਈਨਾਂ ਦਾ ਨਿਰਮਾਣ ਵੀ ਕਰੇਗਾ।

**ਵੰਡ**

146. ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿਚ ਟ੍ਰਾਂਸਮਿਸ਼ਨ ਅਤੇ ਵੰਡ ਪ੍ਰਣਾਲੀ ਦੇ ਮਜ਼ਬੂਤੀਕਰਨ ਅਤੇ ਕੰਢੀ ਖੇਤਰ ਵਿਚ ਏ.ਪੀ. ਫੀਡਰਾਂ ਦੇ ਵੱਖਰਾਕਰਨ ਦੇ ਕਾਰਜ ਉਪਰ ਸਾਲ 2018-19 ਦੌਰਾਨ 900 ਕਰੋੜ ਰੁਪਏ ਖ਼ਰਚ ਕਰਨ ਦੀ ਤਜਵੀਜ਼ ਹੈ।

**ਸ਼ਹਿਰੀ ਹਵਾਬਾਜ਼ੀ**

147. ਪਟਿਆਲਾ ਵਿਖੇ ਐਰੋਨੋਟੀਕਲ ਇੰਜੀਨੀਅਰਿੰਗ ਕਾਲਜ ਇਸ ਸਾਲ ਮੁਕੰਮਲ ਕੀਤਾ ਜਾਵੇਗਾ ਅਤੇ ਇਹ ਇਸ ਸਾਲ ਆਪਣਾ ਅਕਾਦਮਿਕ ਅਧਿਆਪਨ ਆਰੰਭ ਕਰ ਦੇਵੇਗਾ। ਰਾਜ ਸਰਕਾਰ ਸਿਖਿਆਰਥੀ ਪਾਇਲਟਾਂ ਦੀ ਬਿਹਤਰ ਪਲੇਸਮੈਂਟ ਲਈ ਅੰਤਰ-ਰਾਸ਼ਟਰੀ ਏਜੰਸੀਆਂ ਨਾਲ ਸਾਡੇ ਫਲਾਇੰਗ ਕਲੱਬਾਂ ਦੀ ਹਿੱਸੇਦਾਰੀ ਦੀਆਂ ਸੰਭਾਵਨਾਵਾਂ ਦੀ ਤਲਾਸ਼ ਵੀ ਕਰ ਰਿਹਾ ਹੈ।

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

148. ਅਸੀਂ ਭਾਰਤ ਸਰਕਾਰ ਨਾਲ ਹਲਵਾਰਾ ਹਵਾਈ ਅੱਡੇ ਵਿਖੇ ਸਿਵਲ ਏਅਰ ਟਰਮੀਨਲ ਦੀ ਸਥਾਪਤੀ ਦੇ ਮਾਮਲੇ ਨੂੰ ਵੀ ਉਠਾ ਰਹੇ ਹਾਂ।

## ਸੜਕਾਂ ਅਤੇ ਪੁਲ

ਜਨਾਬ ਸਪੀਕਰ ਸਾਹਿਬ,

149. ਇਹ ਸਰਕਾਰ ਮਜ਼ਬੂਤ ਸੜਕਾਂ ਅਤੇ ਪੁਲ ਬੁਨਿਆਦੀ ਢਾਂਚੇ ਦੇ ਨਿਰਮਾਣ ਅਤੇ ਇਸ ਤੋਂ ਵਧੇਰੇ ਮਹੱਤਵਪੂਰਨ, ਮੌਜੂਦਾ ਬੁਨਿਆਦੀ ਢਾਂਚੇ ਦੀ ਸਾਂਭ-ਸੰਭਾਲ ਕਰਨ ਲਈ ਵਚਨਬੱਧ ਹੈ। ਨਵੀਆਂ ਸੜਕਾਂ, ਪੁਲ ਅਤੇ ਇਮਾਰਤਾਂ ਦੀ ਉਸਾਰੀ ਅਤੇ ਸਾਂਭ-ਸੰਭਾਲ ਲਈ ਇਸ ਸਾਲ ਲਈ ਰਾਖਵਾਂਕਰਨ 1067 ਕਰੋੜ ਰੁਪਏ ਵਧਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਮੁਹਾਲੀ, ਫ਼ਿਰੋਜ਼ਪੁਰ, ਪੱਟੀ, ਬਠਿੰਡਾ, ਲੁਧਿਆਣਾ, ਨਵਾਂ ਸ਼ਹਿਰ, ਬਾਬਾ ਬਕਾਲਾ ਅਤੇ ਮੁਕੇਰੀਆਂ ਵਿਖੇ ਚੱਲ ਰਹੇ ਕਾਰਜਾਂ ਅਤੇ ਨਵੇਂ ਬਣਾਏ ਜਾਣ ਵਾਲੇ ਜੁਡੀਸ਼ੀਅਲ ਕੋਰਟ ਕੰਪਲੈਕਸ ਲਈ ਸਾਲ 2018-19 ਵਿਚ 100 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਨਾਬਾਰਡ ਦੀ ਸਹਾਇਤਾ ਨਾਲ 75 ਪੇਂਡੂ ਸੜਕਾਂ ਅਤੇ 4 ਪੁਲਾਂ ਨੂੰ ਅਪਗ੍ਰੇਡ ਕਰਨ ਲਈ ਹੋਰ 230 ਕਰੋੜ ਰੁਪਏ ਰੱਖੇ ਗਏ ਹਨ। ਰਾਜ ਦੀਆਂ 5 ਸੜਕਾਂ ਨੂੰ ਸਿਧਾਂਤਕ ਰੂਪ ਵਿਚ ਕੌਮੀ ਸ਼ਾਹ ਮਾਰਗਾਂ ਵਜੋਂ ਘੋਸ਼ਿਤ ਕੀਤਾ ਹੈ ਅਤੇ ਇਨ੍ਹਾਂ ਸੜਕਾਂ ਨੂੰ ਅਪਗ੍ਰੇਡ ਕਰਨ ਦਾ ਕਾਰਜ 1200 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਕੀਤਾ ਜਾਵੇਗਾ।

## ਕੁਨੈਕਟੀਵਿਟੀ ਵਿੱਚ ਸੁਧਾਰ

150. ਮੇਰੀ ਸਰਕਾਰ ਸਾਲ 2018-19 ਵਿੱਚ ਸੜਕਾਂ ਅਤੇ ਪੁਲਾਂ ਨੂੰ ਅਪਗ੍ਰੇਡ ਕਰਨ, ਉਸਾਰੀ ਅਤੇ ਮੁਰੰਮਤ ਲਈ 315 ਕਰੋੜ ਰੁਪਏ ਦੀ ਰਕਮ ਦੇ ਰਾਖਵਾਂਕਰਨ ਵਿਚ ਖੁਸ਼ੀ ਮਹਿਸੂਸ ਕਰਦੀ ਹੈ ਜਿਸ ਵਿਚ ਗੁਰਦਾਸਪੁਰ, ਰਾਮਪੁਰਾਫੂਲ, ਗਿੱਦੜਬਾਹਾ, ਮੋਰਿੰਡਾ ਅਤੇ ਸੁਜਾਨਪੁਰ ਵਿਖੇ ਰੇਲ ਅੰਡਰ ਬ੍ਰਿਜ, ਢੱਕੀ, ਮੰਡੀ ਗੋਬਿੰਦਗੜ੍ਹ, ਮਲੇਰਕੋਟਲਾ, ਦੀਨਾ ਨਗਰ ਅਤੇ ਚੁਗਿਟੀ ਲਾਡੋਵਾਲੀ ਰੋਡ ਜਲੰਧਰ ਵਿਖੇ ਰੇਲ ਓਵਰ ਬ੍ਰਿਜ, ਪਠਾਨਕੋਟ ਵਿੱਚ ਤਲਵਾੜਾ ਜੱਟਾਂ ਵਿਖੇ ਹਾਈ ਲੈਵਲ ਬ੍ਰਿਜ ਅਤੇ ਆਨੰਦਪੁਰ ਸਾਹਿਬ ਅਤੇ ਫਿਰੋਜ਼ਪੁਰ ਵਿਚ ਸਤਲੁੱਜ ਦਰਿਆ ਉਤੇ ਪੈਨਟੂਨ ਬ੍ਰਿਜ ਦੀ ਉਸਾਰੀ ਵੀ ਸ਼ਾਮਲ ਹੋਵੇਗੀ।

## ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ (ਪੀ.ਐੱਮ.ਜੀ.ਐੱਸ.ਵਾਈ.) ਅਤੇ ਸੀ.ਆਰ.ਐੱਫ.

151. ਮੈਂ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ 410 ਕਿ.ਮੀ. ਸੜਕਾਂ ਦਾ ਕਾਰਜ ਮੁਕੰਮਲ ਕਰਨ ਲਈ 235 ਕਰੋੜ ਰੁਪਏ ਦੀ ਤਜਵੀਜ਼ ਰੱਖਦਾ ਹਾਂ। ਕੇਂਦਰੀ ਸੜਕ ਫੰਡ ਸਕੀਮ ਤਹਿਤ ਫਤਹਿਗੜ੍ਹ ਸਾਹਿਬ, ਬਰਨਾਲਾ, ਪਟਿਆਲਾ, ਅੰਮ੍ਰਿਤਸਰ, ਜਲੰਧਰ, ਮੁਕਤਸਰ, ਫਾਜ਼ਿਲਕਾ, ਫਰੀਦਕੋਟ ਅਤੇ ਤਰਨਤਾਰਨ ਜ਼ਿਲ੍ਹਿਆਂ ਵਿਚ ਸੜਕਾਂ ਦੇ 19 ਕਾਰਜਾਂ ਲਈ 300 ਕਰੋੜ ਰੁਪਏ ਦਾ ਉਪਬੰਧ ਰੱਖਿਆ ਗਿਆ ਹੈ ਜਿਸ ਨਾਲ 406 ਕਿ.ਮੀ. ਲੰਮੀਆਂ ਸੜਕਾਂ ਦਾ ਸੁਧਾਰ ਕੀਤਾ ਜਾਵੇਗਾ। ਵਿਸ਼ਵ ਬੈਂਕ ਦੀ ਸਹਾਇਤਾ ਨਾਲ ਅਪਗ੍ਰੇਡ ਕੀਤੇ ਸੜਕਾਂ ਦੇ ਓ ਪੀ ਆਰ ਸੀ ਨੈੱਟਵਰਕ ਦੀ ਸਾਂਭ-ਸੰਭਾਲ ਲਈ 20 ਕਰੋੜ ਰੁਪਏ ਵੀ ਰੱਖੇ ਗਏ ਹਨ।

## ਸੰਪਰਕ ਸੜਕਾਂ

152. ਇਸ ਤੋਂ ਇਲਾਵਾ ਰਾਜ ਸਰਕਾਰ ਲਗਭਗ 2000 ਕਰੋੜ ਰੁਪਏ ਦੀ ਲਾਗਤ ਨਾਲ ਲਿੰਕ ਸੜਕਾਂ ਦੀ 16000 ਕਿ.ਮੀ. ਦੀ ਮੁਰੰਮਤ ਲਈ ਵਿਸ਼ੇਸ਼ ਪ੍ਰੋਜੈਕਟ ਦਾ ਜ਼ਿੰਮਾ ਵੀ ਲਵੇਗੀ। 200 ਕਰੋੜ ਰੁਪਏ ਦੀ ਲਾਗਤ ਨਾਲ ਸੰਪਰਕ ਸੜਕਾਂ ਨਾਲ ਲਗਦੇ ਟੁੱਟੇ ਹੋਏ ਅਤੇ ਤੰਗ ਪੁਲਾਂ ਨੂੰ ਚੌੜਾ ਕਰਨ/ਅਪਗ੍ਰੇਡ ਕਰਨ/ਪੁਨਰ-ਨਿਰਮਾਣ ਲਈ ਇਕ ਹੋਰ ਪ੍ਰੋਜੈਕਟ 31.12.18 ਤੱਕ ਮੁਕੰਮਲ ਹੋ ਜਾਵੇਗਾ।

## ਟ੍ਰਾਂਸਪੋਰਟ

### ਨਵੇਂ ਬੱਸ ਸਟੈਂਡ

ਜਨਾਬ ਸਪੀਕਰ ਸਾਹਿਬ,

153. ਸ਼ਹਿਰੀ ਖੇਤਰਾਂ ਵਿਚ ਜਨਸੰਖਿਆ ਦੀ ਘਣਤਾ ਦੇ ਵਧਣ ਨਾਲ ਸ਼ਹਿਰੀ ਖੇਤਰਾਂ ਦੇ ਅੰਦਰੂਨੀ ਭਾਗਾਂ ਵਿਚ ਸਥਿਤ ਬੱਸ ਸਟੈਂਡਾਂ ਕਾਰਣ ਭਾਰੀ ਟਰੈਫਿਕ ਦੀਆਂ ਸਮੱਸਿਆਵਾਂ ਬਹੁਤ ਹੀ ਗੰਭੀਰ ਬਣ ਗਈ ਹੈ। ਇਸ ਸਾਲ ਦੌਰਾਨ ਅਸੀਂ ਜਨਤਕ ਨਿੱਜੀ ਭਾਈਵਾਲੀ ਨਾਲ 16 ਨਵੇਂ ਬੱਸ ਸਟੈਂਡ ਜਿਨ੍ਹਾਂ ਵਿਚ ਅੰਮ੍ਰਿਤਸਰ, ਬਰਨਾਲਾ, ਬਟਾਲਾ, ਬਠਿੰਡਾ, ਬਲਾਚੌਰ, ਧੂਰੀ, ਮਾਨਸਾ, ਗੁਰਦਾਸਪੁਰ, ਨਕੋਦਰ, ਕਰਤਾਰਪੁਰ, ਪਟਿਆਲਾ, ਲੁਧਿਆਣਾ, ਸਰਹਿੰਦ, ਜਲੰਧਰ, ਰਾਏਕੋਟ ਅਤੇ ਰੋਪੜ ਦੇ ਵਿਕਾਸ ਦੀ ਤਜਵੀਜ਼ ਹੈ।

154. ਵਾਤਾਵਰਣ ਦੀ ਸੁਰੱਖਿਆ ਦੀ ਵਚਨਬੱਧਤਾ ਵਜੋਂ ਰਾਜ ਵਿਚ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਬਿਜਲਈ ਵਾਹਨਾਂ ਦੀ ਵਰਤੋਂ ਲਈ ਟਰਾਂਸਪੋਰਟ ਵਿਭਾਗ ਇਕ ਨਵੀਂ ਨੀਤੀ ਲਿਆਏਗਾ।

## ਸਰਹੱਦੀ ਖੇਤਰ ਵਿਕਾਸ ਪ੍ਰੋਗਰਾਮ

155. ਸਰਹੱਦੀ ਖੇਤਰ ਵਿਕਾਸ ਪ੍ਰੋਗਰਾਮ ਦੀ ਸ਼ੁਰੂਆਤ 1986-87 ਵਿਚ ਭਾਰਤ ਸਰਕਾਰ ਦੁਆਰਾ ਮੁਕੰਮਲ ਰੂਪ ਵਿਚ ਕੇਂਦਰੀ ਫੰਡਾਂ ਨਾਲ ਉਪਲੱਬਧ ਸਕੀਮ ਸ਼ੁਰੂ ਕੀਤੀ ਗਈ ਸੀ। ਪੰਜਾਬ ਨੂੰ ਇਸ ਅਧੀਨ ਬਿਲਕੁਲ ਨਿਗੂਣੇ ਜਿਹੇ ਫੰਡ ਹੀ ਪ੍ਰਾਪਤ ਹੋਏ ਕਿਉਂਕਿ ਪੰਜਾਬ ਵਰਗੇ ਛੋਟੇ ਰਾਜਾਂ ਨੂੰ ਫੰਡਾਂ ਦੀ ਵੰਡ ਦੇ ਅਪਣਾਏ ਗਏ ਮਾਪਦੰਡ ਇਸ ਦੇ ਹਿੱਤ ਵਿੱਚ ਨਹੀਂ ਸਨ। ਇਸ ਨਿਗੂਣੀ ਰਕਮ ਨਾਲ, ਕੇਵਲ ਛੋਟੇ ਬੁਨਿਆਦੀ ਢਾਂਚੇ ਦੇ ਕੰਮ ਹੀ ਕੀਤੇ ਜਾ ਸਕੇ। ਸਾਲ 2016-17 ਤੋਂ ਪ੍ਰੋਗਰਾਮ ਫੰਡਿੰਗ ਦੀ ਪ੍ਰਣਾਲੀ ਨੂੰ ਠੀਕ ਕਰਨ ਲਈ ਸਾਡੀਆਂ ਵਾਰ ਵਾਰ ਕੀਤੀਆਂ ਪ੍ਰਤੀ-ਬੇਨਤੀਆਂ ਤੇ ਇਸ ਨੂੰ 60:40 ਦੇ ਅਨੁਸਾਰ ਹੀ ਤਬਦੀਲ ਕੀਤਾ ਗਿਆ ਹੈ।

156. ਸਰਹੱਦੀ ਖੇਤਰ ਦੇ ਲੋਕਾਂ ਨੂੰ ਪੇਸ਼ ਆ ਰਹੀਆਂ/ਵਿਕਾਸ ਦੀਆਂ/ਜ਼ਰੂਰਤਾਂ/ਮੁਸ਼ਕਲਾਂ ਨੂੰ ਵੇਖਦੇ ਹੋਏ ਰਾਜ ਸਰਕਾਰ ਨੇ ਇਨ੍ਹਾਂ ਖੇਤਰਾਂ ਦੀ ਬਿਹਤਰੀ ਲਈ ਇਕ ਵਿਸ਼ੇਸ਼ ਪੈਕੇਜ ਬਣਾਇਆ ਹੈ ਜਿਸ ਵਿੱਚ ਇਕ ਨਵੇਂ ਸਮਾਜਿਕ ਅਤੇ ਉਦਯੋਗਿਕ ਬੁਨਿਆਦੀ ਢਾਂਚੇ ਦੀ ਸਿਰਜਨਾ ਸ਼ਾਮਲ ਹੈ। ਅੰਤਰ-ਰਾਸ਼ਟਰੀ ਸੀਮਾ ਦੇ 30 ਕਿਲੋਮੀਟਰ ਵਿਚ ਪੈਂਦੀ ਸੀਮਾ ਵਿਚ ਐਕਸਟਰੀਮ ਬਾਰਡਰ ਜ਼ੋਨ (ਈ.ਬੀ.ਜ਼ੈੱਡ) ਵਿਚ ਨਵੇਂ ਉਦਯੋਗਾਂ ਦੀ ਸਥਾਪਨਾ ਕਰਨ ਲਈ ਨਵੀਂ ਉਦਯੋਗਿਕ ਅਤੇ ਵਪਾਰਕ ਵਿਕਾਸ ਨੀਤੀ 2017 ਅਨੁਸਾਰ ਵਿਸ਼ੇਸ਼ ਪ੍ਰੋਤਸਾਹਨ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਸਰਹੱਦੀ ਖੇਤਰ ਦੇ ਵਿਕਾਸ ਨੂੰ ਹੁਲਾਰਾ ਦੇਣ ਲਈ, ਪ੍ਰੋਜੈਕਟਾਂ ਦੇ ਬੁਨਿਆਦੀ ਢਾਂਚੇ ਦੇ ਨਾਲ ਨਾਲ ਖੇਤਰੀ ਵਿਸ਼ੇਸ਼ ਪ੍ਰੋਜੈਕਟ ਵੀ ਇਸ ਸਾਲ ਦੌਰਾਨ ਆਰੰਭ ਕੀਤੇ ਜਾਣਗੇ। ਖੇਤਰ ਵਿਸ਼ੇਸ਼ ਪ੍ਰੋਜੈਕਟ ਦੇ ਤੌਰ 'ਤੇ ਸਰਕਾਰ ਵੱਲੋਂ ਕੰਡਿਆਲਾ ਸਰਹਾਲੀ ਨਾਲ ਜੋੜਨ ਲਈ ਪੱਟੀ ਨਾਲਾ ਉੱਤੇ ਬੀ ਆਰ ਪੁੱਲ ਦੀ ਉਸਾਰੀ ਕੀਤੀ ਜਾਵੇਗੀ। ਇਸ ਸਬੰਧ ਵਿਚ ਮੈਂ ਇਸ ਸਾਲ ਲਈ ਸਰਹੱਦੀ ਖੇਤਰਾਂ ਲਈ 300 ਕਰੋੜ ਰੁਪਏ ਦੀ ਤਜਵੀਜ਼ ਰੱਖਦਾ ਹਾਂ ਜੋ ਕਿ ਕੇਂਦਰੀ ਸਹਾਇਤਾ ਪ੍ਰਾਪਤ ਸਰਹੱਦੀ ਖੇਤਰ ਵਿਕਾਸ ਪ੍ਰੋਗਰਾਮ ਅਧੀਨ ਦਿੱਤੀ ਜਾਣ ਵਾਲੀ 58.34 ਕਰੋੜ ਰੁਪਏ ਦੀ ਰਾਸ਼ੀ ਤੋਂ ਵੱਖਰੀ ਹੈ।

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

**ਜਲ ਸਪਲਾਈ ਅਤੇ ਸਵੱਛਤਾ**

**ਹਰ ਘਰ ਸਫ਼ਾਈ ਹਰ ਘਰ ਪਾਣੀ**

157. ਸਾਡੀ ਸਰਕਾਰ ''ਹਰ ਘਰ ਸਫ਼ਾਈ ਹਰ ਘਰ ਪਾਣੀ'' ਲਈ ਵਚਨਬੱਧ ਹੈ ਅਤੇ ਇਸ ਮੰਤਵ ਦੀ ਪੂਰਤੀ ਲਈ ਸਾਲ 2021 ਤੱਕ ਪਾਈਪਾਂ ਰਾਹੀਂ ਪੀਣਯੋਗ ਪਾਣੀ ਜਲ ਸਪਲਾਈ ਯੋਜਨਾ ਤੋਂ ਵਿਅਕਤੀਗਤ ਘਰੇਲੂ ਕੁਨੈਕਸ਼ਨਾਂ ਰਾਹੀਂ ਪੇਂਡੂ ਘਰਾਂ ਦੀ 100 ਫ਼ੀਸਦ ਕਵਰੇਜ ਕਰਨ ਦੀ ਤਜਵੀਜ਼ ਰੱਖਦੇ ਹਾਂ। ਸਾਲ 2018-19 ਲਈ 1489 ਕਰੋੜ ਰੁਪਏ ਦੀ ਵਧਾਈ ਹੋਈ ਰਕਮ ਮੁਹੱਈਆ ਕਰਵਾਈ ਗਈ ਹੈ ਤਾਂ ਜੋ ਰਾਜ ਦੇ ਪੇਂਡੂ ਖੇਤਰ ਦਾ ਹਰ ਵਸਨੀਕ ਸਾਫ਼ ਅਤੇ ਸੁਰੱਖਿਅਤ ਪਾਣੀ ਪ੍ਰਾਪਤ ਕਰ ਸਕੇ।

ਜਨਾਬ ਸਪੀਕਰ ਸਾਹਿਬ,

158. ਜਿਥੇ ਹੋਰ ਰਾਜ ਆਪਣੇ ਨਾਗਰਿਕਾਂ ਨੂੰ ਪਿੰਡਾਂ ਵਿਚ ਪੀਣਯੋਗ ਪਾਣੀ ਦਾ ਘੱਟੋ-ਘੱਟ ਇਕ ਸ੍ਰੋਤ ਮੁਹੱਈਆ ਕਰਨ ਲਈ ਜੂਝ ਰਹੇ ਹਨ, ਅਸੀਂ ਪੰਜਾਬ ਨੂੰ ਸਾਰੇ ਘਰਾਂ ਵਿੱਚ ਪੀਣਯੋਗ ਪਾਣੀ ਮੁਹੱਈਆ ਕਰਵਾਉਣ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣਾਉਣ ਦਾ ਟੀਚਾ ਰੱਖਦੇ ਹਾਂ।

159. ਮੌਜੂਦਾ ਜਲ ਸਪਲਾਈ ਵਿਚ ਵਾਧਾ ਕਰਕੇ 800 ਆਬਾਦੀਆਂ ਨੂੰ 600 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਕਵਰ ਕੀਤਾ ਜਾਵੇਗਾ। 1200 ਹੋਰ ਪਿੰਡਾਂ ਲਈ ਘਰਾਂ ਵਿਚ ਕੁਨੈਕਸ਼ਨ ਅਤੇ ਚਲ ਰਹੇ ਕੁਨੈਕਸ਼ਨਾਂ ਦੇ ਸੁਧਾਰ ਲਈ ਪਾਣੀ ਤੱਕ ਪਹੁੰਚਯੋਗ ਬਣਾਉਣ ਲਈ ਹੋਰ 60 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ। ਇਸ ਤੋਂ ਇਲਾਵਾ ਸਾਲ 2018-19 ਦੌਰਾਨ ਨਾਬਾਰਡ ਦੀ ਸਹਾਇਤਾ ਨਾਲ 175 ਕਰੋੜ ਰੁਪਏ ਦੀ ਲਾਗਤ ਨਾਲ 257 ਸਕੀਮਾਂ ਨੂੰ ਅਪਗ੍ਰੇਡ ਕੀਤਾ ਜਾਵੇਗਾ।

160. ਭਾਰਤ ਸਰਕਾਰ ਨੇ ਨੈਸ਼ਨਲ ਵਾਟਰ ਕੁਆਲਿਟੀ ਸਬ-ਮਿਸ਼ਨ ਅਧੀਨ 777 ਆਰਸੈਨਿਕ ਅਤੇ ਫਲੋਰਾਈਡ ਪ੍ਰਭਾਵਿਤ ਆਬਾਦੀਆਂ ਨੂੰ ਦੀਰਘਕਾਲੀ ਸਥਾਈ ਉਪਾਅ ਅਧੀਨ ਕਵਰ ਕਰਨ ਲਈ 50 ਫ਼ੀਸਦ ਫੰਡ ਮੁਹੱਈਆ ਕਰਨ ਦੀ ਸਹਿਮਤੀ ਦੇ ਦਿੱਤੀ ਹੈ। ਪਟਿਆਲਾ, ਫਤਹਿਗੜ੍ਹ ਸਾਹਿਬ, ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਨਹਿਰੀ ਪਾਣੀ ਅਧਾਰਤ ਜਲ ਸਪਲਾਈ ਯੋਜਨਾਵਾਂ ਨੂੰ ਕਵਰ ਕਰਨ ਲਈ 550 ਕਰੋੜ ਰੁਪਏ ਦੀ ਲਾਗਤ ਨਾਲ ਇਕ ਤਜਵੀਜ਼ ਭਾਰਤ ਸਰਕਾਰ ਨੂੰ ਭੇਜੀ ਗਈ ਹੈ। ਬਾਕੀ ਜ਼ਿਲ੍ਹਿਆਂ ਲਈ ਸਾਲ 2018-19 ਵਿਚ ਜ਼ਮੀਨੀ ਜਲ ਪਾਈਪਾਂ ਰਾਹੀਂ ਜਲ ਸਪਲਾਈ ਯੋਜਨਾਵਾਂ ਉਲੀਕੀਆਂ ਜਾਣਗੀਆਂ।

161. ਸਾਲ 2018-19 ਦੌਰਾਨ 20 ਕਰੋੜ ਰੁਪਏ ਦੀ ਲਾਗਤ ਨਾਲ ਪਠਾਨਕੋਟ, ਹੁਸ਼ਿਆਰਪੁਰ, ਨਵਾਂ ਸ਼ਹਿਰ, ਰੋਪੜ ਅਤੇ ਮੁਹਾਲੀ ਜ਼ਿਲ੍ਹਿਆਂ ਦੇ ਕੰਢੀ ਖੇਤਰਾਂ ਅਧੀਨ ਪੈਂਦੇ 55 ਪਿੰਡਾਂ ਵਿਚ ਜਲ ਸਪਲਾਈ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕੀਤਾ ਜਾਵੇਗਾ।

162. ਰਾਜ ਸਰਕਾਰ ਵੱਲੋਂ ਭਾਰਤ ਗ੍ਰਾਮੀਣ ਮਿਸ਼ਨ ਅਧੀਨ 720 ਕਰੋੜ ਰੁਪਏ ਦੀ ਲਾਗਤ ਨਾਲ ਸਾਲ 2017-18 ਤੱਕ 4,80,000 ਵਿਅਕਤੀਗਤ ਘਰੇਲੂ ਪਖਾਨੇ (ਆਈ.ਐੱਚ.ਐੱਚ.ਐੱਲ.) ਦੀ ਉਸਾਰੀ ਦਾ ਟੀਚਾ ਨਿਸ਼ਚਿਤ ਕੀਤਾ ਗਿਆ ਸੀ। ਪੇਂਡੂ ਖੇਤਰਾਂ ਦੇ 13 ਜ਼ਿਲ੍ਹਿਆਂ ਵਿਚ ਪੈਂਦੇ 87 ਬਲਾਕਾਂ ਦੇ 10351 ਪਿੰਡਾਂ ਨੂੰ ਸਾਲ 2018 ਤੱਕ ਖੁੱਲ੍ਹੇ ਵਿਚ ਸ਼ੌਚ ਮੁਕਤ ਐਲਾਨਿਆ ਗਿਆ ਅਤੇ ਬਾਕੀ 9 ਜ਼ਿਲ੍ਹੇ, 57 ਬਲਾਕ ਅਤੇ 2034 ਪਿੰਡਾਂ ਨੂੰ ਜੂਨ 2018 ਤੱਕ ਖੁੱਲ੍ਹੇ ਵਿਚ ਸ਼ੌਚ ਮੁਕਤ ਐਲਾਨਿਆ ਜਾਵੇਗਾ। ਇਸ ਉਦੇਸ਼ ਦੀ ਪ੍ਰਾਪਤੀ ਲਈ ਸਾਲ 2018-19 ਵਿੱਚ ਸਵੱਛ ਭਾਰਤ ਮਿਸ਼ਨ ਗ੍ਰਾਮੀਣ ਲਈ 150 ਕਰੋੜ ਰੁਪਏ ਮੁਹੱਈਆ ਕਰਵਾਏ ਜਾ ਰਹੇ ਹਨ।

163. ਸਵੱਛਤਾ ਦਰਪਣ, ਸਵੱਛ ਭਾਰਤ ਮਿਸ਼ਨ ਗ੍ਰਾਮੀਣ ਅਧੀਨ ਜ਼ਿਲ੍ਹਿਆਂ ਦੀ ਕਾਰਗੁਜ਼ਾਰੀ ਦੀ ਦਰਜਾਬੰਦੀ ਦੀ ਰੈਂਕਿੰਗ ਕਰਨ ਲਈ ਭਾਰਤ ਸਰਕਾਰ ਦੇ ਪੀਣਯੋਗ ਪਾਣੀ ਅਤੇ ਸਵੱਛਤਾ ਮੰਤਰਾਲੇ ਦੁਆਰਾ ਆਨਲਾਈਨ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ। ਚਾਰ ਜ਼ਿਲ੍ਹਿਆਂ - ਲੁਧਿਆਣਾ, ਫਤਹਿਗੜ੍ਹ ਸਾਹਿਬ, ਬਰਨਾਲਾ ਅਤੇ ਐੱਸ.ਏ.ਐੱਸ. ਨਗਰ ਨੇ ਸਮੁੱਚੇ ਦੇਸ਼ ਦੀ ਸਵੱਛਤਾ ਦਰਪਣ ਰੈਂਕਿੰਗ ਵਿਚ ਪਹਿਲਾ ਪੁਰਸਕਾਰ ਪ੍ਰਾਪਤ ਕੀਤਾ ਹੈ।

## ਜਲ ਸ੍ਰੋਤ

ਜਨਾਬ ਸਪੀਕਰ ਸਾਹਿਬ,

### ਪਾਣੀ ਬਚਾਓ ਪੰਜਾਬ ਬਚਾਓ

164. ਜਿਵੇਂ ਕਿ ਧਰਤੀ ਮਾਂ ਨੇ ਹੋਰਨਾਂ ਰਾਜਾਂ ਨੂੰ ਕੋਲਾ, ਲੋਹਾ, ਧਾਤ ਆਦਿ ਧਰਤੀ ਹੇਠਲੇ ਖਣਿਜਾਂ ਨਾਲ ਨਿਵਾਜਿਆ ਹੈ, ਸਾਨੂੰ ਪਾਣੀ ਦੀ ਦਾਤ ਬਖਸ਼ੀ ਸੀ। ਜਦੋਂ ਵੀ ਦੇਸ਼ ਨੇ ਆਵਾਜ਼ ਮਾਰੀ ਅਸੀਂ ਦੇਸ਼ ਦੀਆਂ ਅਨਾਜ ਲੋੜਾਂ ਨੂੰ ਪੂਰੀਆਂ ਕਰਨ ਲਈ ਇਸ ਬਖਸ਼ਿਸ਼ ਨੂੰ ਵਰਤਿਆ। ਅੱਜ ਸਮੇਂ ਦੀ ਲੋੜ ਹੈ ਕਿ ਧਰਤੀ ਹੇਠਲੇ ਘਟਦੇ ਜਾ ਰਹੇ ਪਾਣੀ ਸ੍ਰੋਤਾਂ ਦਾ ਸਥਾਈ ਪ੍ਰਬੰਧ **"ਪਾਣੀ ਬਚਾਓ, ਪੰਜਾਬ ਬਚਾਓ"** ਰਾਹੀਂ ਕਰੀਏ। ਰਾਜ ਵਿਚ ਸਾਡੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਪਾਣੀ ਦੇ ਭਵਿੱਖੀ ਯੋਜਨਾਵਾਂ ਲਈ ਸਾਰੇ ਸੰਭਵ ਯਤਨਾਂ ਨੂੰ ਧਿਆਨ ਵਿਚ ਰੱਖਦਿਆਂ ਇਕ ਮਿਸ਼ਨ ਡਾਇਰੈਕਟੋਰੇਟ ਆਫ ਗਰਾਊਂਡ ਵਾਟਰ ਮੈਨੇਜਮੈਂਟ ਸਥਾਪਿਤ ਕੀਤਾ ਗਿਆ ਹੈ ਅਤੇ ਇਹ ਕਾਰਜਸ਼ੀਲ ਹੋਣ ਦੀ ਪ੍ਰਕਿਰਿਆ ਅਧੀਨ ਹੈ। ਮੈਂ ਇਸ ਮੁੱਖ ਉਦੇਸ਼ ਨੂੰ ਮਨ ਵਿਚ ਰੱਖਦਿਆਂ ਅਜਿਹੇ ਪ੍ਰੋਜੈਕਟਾਂ ਦੇ ਉਪਬੰਧਾਂ ਦੀ ਤਜਵੀਜ਼ ਰੱਖਦਾ ਹਾਂ।

165. ਰਾਜਸਥਾਨ ਫੀਡਰ ਕੈਨਾਲ ਅਤੇ ਸਰਹਿੰਦ ਫੀਡਰ ਕੈਨਾਲ ਦੀ ਬੁਰੀ ਤਰ੍ਹਾਂ ਨੁਕਸਾਨ ਗ੍ਰਸਤ ਲਾਈਨਿੰਗ ਨਾਲ ਪਾਣੀ ਰਿਸਣ ਦੀ ਸਮੱਸਿਆ ਨਾਲ ਨਜਿੱਠਣ ਲਈ ਦੂਹਰੇ ਕੈਨਾਲ ਪ੍ਰੋਜੈਕਟਾਂ ਲਈ ਅੰਤਰ-ਰਾਸ਼ਟਰੀ ਬੋਲੀ ਮੁਕਾਬਲਿਆਂ ਦਾ ਮੁੱਢਲਾ ਕਾਰਜ ਮੁਕੰਮਲ ਕਰ ਲਿਆ ਹੈ ਜਦੋਂ ਕਿ ਇਸ ਪ੍ਰੋਜੈਕਟ ਨੂੰ ਭਾਰਤ ਸਰਕਾਰ ਵੱਲੋਂ ਹਰੀ ਝੰਡੀ ਦੀ ਉਡੀਕ ਹੈ, ਇਨ੍ਹਾਂ ਦੋਹਾਂ ਪ੍ਰੋਜੈਕਟਾਂ ਲਈ ਸਾਲ 2018-19 ਵਿਚ 152 ਕਰੋੜ ਰੁਪਏ ਦਾ ਰਾਖਵਾਂਕਰਨ ਕੀਤਾ ਗਿਆ ਹੈ।

166. ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਵਿੱਚ 60,729 ਹੈਕਟੇਅਰ ਸੇਮ ਵਾਲੀ ਜ਼ਮੀਨ ਨੂੰ ਖਾਰਾ ਮੁਕਤ ਅਤੇ ਵਾਹੀਯੋਗ ਬਣਾਇਆ ਜਾਵੇਗਾ ਜਿਸ ਲਈ ਬਜਟ ਵਿੱਚ 145 ਕਰੋੜ ਰੁਪਏ ਰਾਖਵੇਂ ਕੀਤੇ ਗਏ। ਇਸ ਤੋਂ ਇਲਾਵਾ ਰਾਜ ਵਿਚ ਪਾਣੀ ਭਰਨ ਅਤੇ ਹੜ੍ਹਾਂ ਦੀ ਸਮੱਸਿਆ ਨਾਲ ਨਜਿੱਠਣ ਲਈ ਕੁੱਲ ਲਾਗਤ ਵਜੋਂ 10 ਕਰੋੜ ਰੁਪਏ ਵੀ ਸ਼ਾਮਲ ਕੀਤੇ ਗਏ ਹਨ।

167. ਪੰਜਾਬ ਦੀ ਸਿੰਜਾਈ ਪ੍ਰਣਾਲੀ ਹਰੀ ਕ੍ਰਾਂਤੀ ਦੀ ਸਫਲਤਾ ਦਾ ਇਕ ਪ੍ਰਮੁੱਖ ਤੱਤ ਸੀ ਅਤੇ ਸਾਨੂੰ ਇਸ ਨੂੰ ਨਿਰੰਤਰ ਮਜ਼ਬੂਤ ਬਣਾਉਣਾ ਚਾਹੀਦਾ ਹੈ। ਭਾਰਤ ਸਰਕਾਰ ਦੀ ਸਿੰਜਾਈ ਫ਼ਾਸਲੇ ਨੂੰ ਭਰਨ ਲਈ ਲਾਭ ਦੇਣ ਵਾਲੀ ਸਕੀਮ ਅਧੀਨ ਵੱਖ-ਵੱਖ ਪ੍ਰੋਜੈਕਟਾਂ ਅਤੇ ਪ੍ਰਣਾਲੀਆਂ ਦੇ ਅੰਤਰਗਤ ਅਣਵਰਤੀ ਸਿੰਜਾਈ ਸਮਰੱਥਾ ਦਾ ਪਤਾ ਲਗਾਉਣ ਲਈ ਇਕ ਪ੍ਰੋਜੈਕਟ ਉਲੀਕਿਆ ਗਿਆ ਹੈ।

168. ਕੰਢੀ ਖੇਤਰ ਦੇ ਲੋਕਾਂ ਦੀ ਭਾਰੀ ਮੰਗ ਨੂੰ ਮੱਦੇਨਜ਼ਰ ਰੱਖਦਿਆਂ ਸਾਲ 2018-19 ਵਿਚ 72 ਬਦਲਵੇਂ ਡੂੰਘੇ ਟਿਊਬਵੈਲ ਲਗਾਏ ਜਾਣ ਲਈ ਉਪਬੰਧ ਵੀ ਕੀਤਾ ਗਿਆ ਹੈ।

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

169. ਪਹਿਲੀ ਪਟਿਆਲਾ ਫੀਡਰ ਅਤੇ ਕੋਟਲਾ ਬ੍ਰਾਂਚ ਦੇ ਚੈਨਲਾਂ ਦੀ ਰੀਲਾਈਨਿੰਗ ਅਤੇ ਕੰਢੀ ਕੈਨਾਲ ਦਾ ਹੁਸ਼ਿਆਰਪੁਰ ਤੋਂ ਬਲਾਚੌਰ ਤੱਕ ਦੇ ਵਿਸਥਾਰ ਨਾਂ ਦੇ 2 ਪ੍ਰੋਜੈਕਟ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਦਾ ਮੰਤਵ ਸਿੰਜਾਈ ਸਮਰੱਥਾ ਨੂੰ ਵਧਾਉਣਾ ਹੈ ਅਤੇ ਇਨ੍ਹਾਂ ਦੀ ਕ੍ਰਮਵਾਰ ਲਾਗਤ 19.80 ਕਰੋੜ ਰੁਪਏ ਅਤੇ 11.68 ਕਰੋੜ ਰੁਪਏ ਹੈ।

170. ਇਸ ਸਾਲ ਆਰੰਭ ਕੀਤੇ ਜਾਣ ਵਾਲੇ ਹੋਰ ਪ੍ਰੋਜੈਕਟ ਹੇਠ ਲਿਖੇ ਹਨ :

- 50 ਕਰੋੜ ਰੁਪਏ ਦੀ ਲਾਗਤ ਨਾਲ ਬਿਸਤ ਦੁਆਬ ਕੈਨਾਲ ਦੀ ਰੀਲਾਈਨਿੰਗ।
- 7.66 ਕਰੋੜ ਰੁਪਏ ਦੀ ਲਾਗਤ ਨਾਲ ਬਨੂੜ ਬੰਨ ਅਤੇ ਬਨੂੜ ਕੈਨਾਲ ਪ੍ਰਣਾਲੀ ਦੀ ਲਾਈਨਿੰਗ।
- 50 ਕਰੋੜ ਰੁਪਏ ਦੀ ਲਾਗਤ ਨਾਲ ਸੂਇਆਂ/ਨਾਲਿਆਂ ਦੀ ਮੁਰੰਮਤ ਅਤੇ ਪੁਨਰ ਉਸਾਰੀ।
- 8.46 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਜ਼ਿਲ੍ਹਾ ਫਾਜ਼ਿਲਕਾ ਦੇ ਅਬੋਹਰ ਇਲਾਕੇ ਵਿਚ ਲਘੂ ਸਿੰਜਾਈ ਪ੍ਰਣਾਲੀਆਂ ਅਤੇ ਖਾਲਿਆਂ ਦੀ ਮੁਰੰਮਤ/ਪੁਨਰਵਾਸ/ਪੁਨਰ ਉਸਾਰੀ ਦੇ ਤਿੰਨ ਪ੍ਰੋਜੈਕਟ
- 9.22 ਕਰੋੜ ਰੁਪਏ ਦੀ ਲਾਗਤ ਨਾਲ ਜ਼ਿਲ੍ਹਾ ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਕਪੂਰਥਲਾ ਵਿਖੇ ਬਿਆਸ ਦਰਿਆ ਦੇ ਖੱਬੇ ਅਤੇ ਸੱਜੇ ਪਾਸਿਆਂ ਦੇ ਨਾਲ-ਨਾਲ ਹੜ੍ਹ ਰੋਕੂ ਕਾਰਜਾਂ ਦਾ ਨਿਰਮਾਣ।
- ਸਾਲ 2018-19 ਦੌਰਾਨ ਲਘੂ ਪ੍ਰਣਾਲੀ ਅਤੇ ਖਾਲ੍ਹਿਆਂ ਦੀ ਮੁਰੰਮਤ/ਪੁਨਰਵਾਸ/ਪੁਨਰ ਉਸਾਰੀ ਦੇ ਤਿੰਨ ਪ੍ਰੋਜੈਕਟ ਜਿਨ੍ਹਾਂ ਵਿੱਚ 12 ਕਰੋੜ ਦੀ ਲਾਗਤ ਵਾਲਾ ਪੰਜਵਾੜਾ ਡਿਸਟ੍ਰੀਬਿਊਟਰੀ ਪ੍ਰੋਜੈਕਟ, 13.52 ਕਰੋੜ ਰੁਪਏ ਦੀ ਲਾਗਤ ਵਾਲਾ ਦੌਲਤਪੁਰਾ ਲਘੂ ਪ੍ਰੋਜੈਕਟ ਅਤੇ 16.50 ਕਰੋੜ ਰੁਪਏ ਲਾਗਤ ਵਾਲਾ ਮਲੂਕਪੁਰ ਡਿਸਟ੍ਰੀਬਿਊਟਰ ਪ੍ਰੋਜੈਕਟ ਸ਼ਾਮਲ ਹਨ, ਨੂੰ ਆਰੰਭ ਕਰਨ ਦੀ ਤਜਵੀਜ਼ ਹੈ।

171. ਪੰਜਾਬ ਅਤੇ ਜੰਮੂ ਅਤੇ ਕਸ਼ਮੀਰ ਵਿਚ 206 ਮੈਗਾਵਾਟ ਦੀ ਵਾਧੂ ਬਿਜਲੀ ਉਤਪਾਦਨ ਸਮਰੱਥਾ ਦੀ ਸਥਾਪਨਾ ਅਤੇ 37.143 ਹੈਕਟੇਅਰ ਵਾਧੂ ਸਿੰਜਾਈ ਸਮਰੱਥਾ ਦੇ ਨਿਰਮਾਣ ਕਰਨ ਤੋਂ ਇਲਾਵਾ ਪੀਕਿੰਗ ਸਟੇਸ਼ਨ ਵਜੋਂ ਇਕ ਆਰ.ਐਸ.ਡੀ. ਪਾਵਰ ਸਟੇਸ਼ਨ ਨੂੰ ਸਮਰੱਥ ਬਣਾਉਣ ਲਈ ਸਰਕਾਰ ਆਉਣ ਵਾਲੇ ਵਿੱਤੀ ਸਾਲ ਦੌਰਾਨ ਸ਼ਾਹਪੁਰ ਕੰਢੀ ਡੈਮ ਕੌਮੀ ਪ੍ਰੋਜੈਕਟ ਦਾ ਉਸਾਰੀ ਕਾਰਜ ਮੁੜ ਆਰੰਭ ਕਰਨਾ ਚਾਹੁੰਦੀ ਹੈ ਅਤੇ ਇਸ ਪ੍ਰੋਜੈਕਟ ਲਈ 70 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।

172. ਸਾਲ 2018-19 ਦੌਰਾਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਖੇਤੀਬਾੜੀ ਨੂੰ ਉਤਸ਼ਾਹਿਤ ਕਰਨ ਦੇ ਮੰਤਵ ਲਈ 46 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਇਕ ਵਿਸ਼ੇਸ਼ ਲਿਫਟ ਸਿੰਜਾਈ ਸਕੀਮ ਆਰੰਭ ਕੀਤੀ ਜਾਵੇਗੀ। ਮੈਂ ਸਾਲ 2018-19 ਵਿੱਚ ਇਸ ਪ੍ਰੋਜੈਕਟ ਵਾਸਤੇ 9 ਕਰੋੜ ਰੁਪਏ ਦੇ ਮੁਢਲੇ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ।

## ਨਿਰੰਤਰ ਵਿਕਾਸ

173. ਇਹ ਸਰਕਾਰ ਵਿਕਾਸ ਦੀ ਪਰਿਸਥਿਤੀ ਮੂਲਕ ਵਿਭਿੰਨਤਾ ਦੇ ਨਿਰੰਤਰ ਵਿਕਾਸ ਅਤੇ ਸੰਭਾਲ ਪ੍ਰਤੀ ਵਚਨਬੱਧ ਹੈ। ਮੈਂ ਮਾਣਯੋਗ ਸਪੀਕਰ ਸਾਹਿਬ ਦਾ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਸਾਨੂੰ ਇਕ ਮਜ਼ਬੂਤ ਹਰੀ ਪਹਿਲਕਦਮੀ ਦੀ ਸ਼ੁਰੂਆਤ ਕਰਦਿਆਂ ਇਸ ਬਜਟ ਨੂੰ ਸਾਫਟ ਕਾਪੀ ਵਜੋਂ ਪੇਸ਼

ਕਰਨ ਦੀ ਇਜਾਜ਼ਤ ਦਿੱਤੀ ਜਿਸ ਦੇ ਫਲਸਰੂਪ 48 ਲੱਖ ਰੁਪਏ ਦੀ ਬੱਚਤ ਹੋਈ, ਪਰ ਇਸ ਤੋਂ ਕਿਤੇ ਜ਼ਿਆਦਾ ਅਹਿਮ ਗੱਲ ਇਹ ਹੈ ਕਿ ਇਸ ਨਾਲ ਸੂਬਾ 200 ਰੁੱਖ ਬਚਾਉਣ ਵਿਚ ਸਫ਼ਲ ਹੋਇਆ ਹੈ। ਇਸ ਸਾਲ ਦੌਰਾਨ ਸਾਡਾ ਇਹ ਯਤਨ ਹੋਵੇਗਾ ਕਿ ਸਮੂਹ ਸਰਕਾਰੀ ਵਿਭਾਗਾਂ ਵਿਖੇ ਕਾਗਜ਼ ਦੀ ਖਪਤ ਨੂੰ ਘੱਟ ਕੀਤਾ ਜਾਵੇ।

**ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ**

174. ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ ਵਿਭਾਗ ਨੇ ਨਵੀਂ ਤਕਨਾਲੋਜੀ ਦੇ ਨਾਲ ਤਾਲਮੇਲ ਰੱਖਣ ਅਤੇ ਖੋਜ ਅਤੇ ਵਿਕਾਸ ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ ਕਈ ਕਦਮ ਚੁੱਕੇ ਹਨ। ਖੇਤਾਂ ਵਿਚ ਪਰਾਲੀ ਜਲਾਉਣ ਨੂੰ ਠੱਲ੍ਹ ਪਾਉਣ ਲਈ ਇਕ ਵੱਡੀ ਜਾਗਰੂਕਤਾ ਮੁਹਿੰਮ ਆਰੰਭ ਕੀਤੀ ਗਈ। ਪਿਛਲੇ ਸਾਲ ਵਿਚ ਨਾੜ ਜਲਾਉਣ ਦੀਆਂ ਘਟਨਾਵਾਂ ਦੇ ਮੁਕਾਬਲੇ ਇਸ ਸਾਲ ਇਨ੍ਹਾਂ ਘਟਨਾਵਾਂ ਵਿਚ ਲਗਭਗ 23 ਫ਼ੀਸਦ ਕਮੀ ਆਉਣ ਦਾ ਅਨੁਮਾਨ ਹੈ।

175. 58 ਮਿਲੀਅਨ ਲੀਟਰ ਪ੍ਰਤੀ ਦਿਨ ਗੰਦੇ ਪਾਣੀ ਦੇ ਸ਼ੁੱਧੀਕਰਨ ਲਈ ਛੇ ਨਵੇਂ ਸੀਵਰੇਜ ਸ਼ੁੱਧੀਕਰਨ ਪਲਾਂਟ ਲਗਾਏ ਅਤੇ ਆਰੰਭ ਕੀਤੇ ਗਏ। ਇਸ ਤੋਂ ਇਲਾਵਾ ਗ੍ਰੀਨ ਬ੍ਰਿਜ ਤਕਨਾਲੋਜੀ ਦੇ ਲਾਗੂਕਰਨ ਨਾਲ ਬੁੱਢਾ ਨਾਲੇ ਵਿਚ ਪਾਣੀ ਦੇ ਬੀ.ਓ.ਡੀ. ਵਿੱਚ ਲਗਭਗ 20 ਫ਼ੀਸਦ ਦੀ ਕਮੀ ਹੋ ਸਕਦੀ ਹੈ।

176. ਯੂ ਐਨ ਦੀ ਵਰਲਡ ਇਨਟੈਲੈਕਚੂਅਲ ਪ੍ਰਾਪਰਟੀ ਆਰਗੇਨਾਈਜੇਸ਼ਨ ਦੀ ਅਗਵਾਈ ਅਧੀਨ ਭਾਰਤ ਦਾ ਪਹਿਲਾ ਤਕਨਾਲੋਜੀ ਐਂਡ ਇਨੋਵੇਸ਼ਨ ਸਪੋਰਟ ਸੈਂਟਰ ਪੰਜਾਬ ਸਟੇਟ ਕਾਊਂਸਲਰ ਫਾਰ ਸਾਇੰਸ ਐਂਡ ਤਕਨਾਲੋਜੀ ਸਥਾਪਤ ਕੀਤਾ ਗਿਆ ਹੈ ਤਾਂ ਜੋ ਇਨਟੈਲੈਕਚੂਅਲ ਪ੍ਰਾਪਰਟੀ ਰਾਈਟਸ 'ਤੇ ਅੰਤਰ-ਰਾਸ਼ਟਰੀ ਸੁਵਿਧਾਵਾਂ ਤੱਕ ਪਹੁੰਚ ਦੀ ਸੁਵਿਧਾ ਦਿੱਤੀ ਜਾ ਸਕੇ।

177. ਪੰਜਾਬ ਵਿਚ ਫੂਡ ਪ੍ਰੋਸੈਸਿੰਗ ਉਦਯੋਗ ਨੂੰ ਤਕਨੀਕੀ ਸਹਾਇਤਾ ਮੁਹੱਈਆ ਕਰਵਾਉਣ ਲਈ ਸਾਲ 2018-19 ਵਿੱਚ ਭਾਰਤ ਸਰਕਾਰ ਦੀ ਬਾਇਓਟੈਕਨਾਲੋਜੀ ਇੰਡਸਟਰੀ ਰਿਸਰਚ ਅਸਿਸਟੈਂਸ ਕਾਊਂਸਲ ਦੀ ਸਹਾਇਤਾ ਨਾਲ ਸੈਕੰਡਰੀ ਖੇਤੀਬਾੜੀ/ਫੂਡ ਪ੍ਰੋਸੈਸਿੰਗ ਉੱਦਮੀ ਨੈੱਟਵਰਕ ਸਥਾਪਤ ਕੀਤਾ ਜਾਵੇਗਾ।

**ਜੰਗਲਾਤ ਅਤੇ ਜੰਗਲੀ ਜੀਵ**

**ਘਰ-ਘਰ ਹਰਿਆਲੀ**

ਜਨਾਬ ਸਪੀਕਰ ਸਾਹਿਬ,

178. ਸਾਡਾ ਇਹ ਅਹਿਮ ਫਰਜ਼ ਹੈ ਕਿ ਅਸੀਂ ਇਸ ਧਰਤੀ ਨੂੰ ਆਉਣ ਵਾਲੀਆਂ ਪੁਸ਼ਤਾਂ ਲਈ ਹਰਾ ਭਰਾ ਅਤੇ ਸੁਰੱਖਿਅਤ ਰੱਖੀਏ। ਮੈਂ ਆਪਣੇ ਪੰਜਾਬੀ ਮਿੱਤਰਾਂ ਨੂੰ ਇਹ ਗੁਜਾਰਿਸ਼ ਕਰਾਂਗਾ ਕਿ ਇਸ ਮੁਹਿੰਮ ਵਿਚ ਸ਼ਾਮਲ ਹੋਣ ਅਤੇ ਮੈਨੂੰ ਇਕ ਨਵੀਂ ਸਕੀਮ ਦੀ ਘੋਸ਼ਣਾ ਕਰਦੇ ਹੋਏ ਖੁਸ਼ੀ ਮਹਿਸੂਸ ਹੋ ਰਹੀ ਹੈ ਅਰਥਾਤ "ਘਰ ਘਰ ਹਰਿਆਲੀ-ਹਰੇਕ ਵਿਅਕਤੀ ਪੰਜਾਬ ਦੀ ਹਰਿਆਲੀ ਲਈ ਤਿੰਨ ਪੌਦੇ ਲਗਾਵੇ।" ਇਸ ਸਕੀਮ ਅਧੀਨ ਰਾਜ ਹਰੇਕ ਘਰ ਨੂੰ ਦੇਸੀ ਵੰਨਗੀ ਦੇ 15 ਪੌਦੇ ਮੁਹੱਈਆ ਕਰਵਾਏਗਾ ਜਿਵੇਂ ਕਿ ਸ਼ੀਸ਼ਮ, ਕਿੱਕਰ, ਅੰਬ, ਜਾਮੁਨ, ਆਂਵਲਾ ਅਤੇ ਨਿੰਮ ਆਦਿ।

**ਜੈਵਿਕ ਵਿਭਿੰਨਤਾ ਪਾਰਕ**

179. ਮੈਂ ਬਠਿੰਡਾ, ਗਿੱਦੜਬਾਹਾ ਅਤੇ ਸੰਗਰੂਰ ਵਿਖੇ ਜੈਵਿਕ ਵਿਭਿੰਨਤਾ ਪਾਰਕਾਂ ਦੀ ਸਥਾਪਤੀ ਦੀ ਤਜਵੀਜ਼ ਵੀ ਕਰਦਾ ਹਾਂ।

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

**ਨਵੀਂ ਅਤੇ ਪੁਨਰ ਨਵਿਆਉਣਯੋਗ ਊਰਜਾ**

180. ਸਾਲ 2017-22 ਦੌਰਾਨ ਪੰਜਾਬ ਸਰਕਾਰ ਨੇ 5 ਸਾਲ ਦੇ ਸਮੇਂ ਵਿੱਚ ਵੱਖ-ਵੱਖ ਤਕਨਾਲੋਜੀ ਪ੍ਰੋਜੈਕਟਾਂ ਦੀ ਸਥਾਪਤੀ ਕਰਕੇ ਲਗਭਗ 3200 ਮੈਗਾਵਾਟ ਨਵਿਆਉਣਯੋਗ ਊਰਜਾ ਦੇ ਉਤਪਾਦਨ ਦਾ ਟੀਚਾ ਮਿੱਥਿਆ ਹੈ। ਇਸ ਟੀਚੇ ਵਿਚ ਲਗਭਗ 2000 ਮੈਗਾਵਾਟ ਦਾ ਸੋਲਰ ਪਾਵਰ ਪ੍ਰੋਜੈਕਟ, 350 ਮੈਗਾਵਾਟ ਦਾ ਬਾਇਓਮਾਸ ਆਧਾਰਤ ਪਾਵਰ ਪ੍ਰੋਜੈਕਟ, (ਬਾਇਓ-ਐਥਨੋਲ, ਕੰਪਰੈਸਡ ਬਾਇਓਗੈਸ ਅਤੇ ਪਾਵਰ), 550 ਮੈਗਾਵਾਟ ਦਾ ਸਹਿ-ਉਤਪਾਦਨ ਪ੍ਰੋਜੈਕਟ, 250 ਮੈਗਾਵਾਟ ਦਾ ਮਿੰਨੀ ਹਾਈਡਲ ਪ੍ਰੋਜੈਕਟ ਅਤੇ ਕੁਝ ਹੋਰ ਨਵੀਨ ਆਰ ਈ ਪ੍ਰੋਜੈਕਟ ਸ਼ਾਮਲ ਹਨ। ਇਹ ਹਰਾ ਊਰਜਾ ਪ੍ਰੋਜੈਕਟ ਵਾਤਾਵਰਣ ਨੂੰ ਜ਼ਹਿਰੀਲੀਆਂ ਗੈਸਾਂ ਤੋਂ ਬਚਾਉਣ ਵਿਚ ਮਦਦ ਕਰਨਗੇ ਅਤੇ ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਦਾ ਸ੍ਰੋਤ ਵੀ ਸਾਬਤ ਹੋਣਗੇ।

181. ਸਾਡੀ ਯੋਜਨਾ ਖੇਤੀਬਾੜੀ ਪੰਪ ਸੈਟਾਂ ਦਾ ਸੂਰਜੀਕਰਣ ਕਰਨ ਦੀ ਵੀ ਹੈ। ਸਾਲ 2018-19 ਦੌਰਾਨ 5000 ਸੋਲਰ ਪੰਪ ਲਗਾਏ ਜਾਣ ਦੀ ਤਜਵੀਜ਼ ਹੈ। ਉਕਤ ਤੋਂ ਇਲਾਵਾ, ਸਾਲ 2018-19 ਦੌਰਾਨ 25000 ਸੋਲਰ ਸਟਰੀਟ ਲਾਈਟਾਂ ਅਤੇ 3500 ਬਾਇਓਗੈਸ ਪਲਾਂਟ ਵੀ ਲਗਾਏ ਜਾਣਗੇ।

**ਗ੍ਰਹਿ ਮਾਮਲੇ ਤੇ ਨਿਆਂ**

182. ਰਾਜ ਸਰਕਾਰ ਸਮੁੱਚੇ ਰਾਜ ਵਿਚ ਪੂਰਾ ਹਫਤਾ 24 ਘੰਟੇ ਲੋਕ ਸੁਰੱਖਿਆ ਨਾਲ ਸਬੰਧਿਤ ਸੇਵਾਵਾਂ ਉਪਲੱਬਧ ਕਰਵਾਉਣ ਲਈ ਵਚਨਬੱਧ ਹੈ ਅਤੇ ਇਸ ਸਾਲ ਦੌਰਾਨ ਪੂਰੇ ਪੰਜਾਬ ਤੋਂ, ਜਿਸ ਵਿਚ ਦੂਰ ਦੁਰਾਡੇ ਵਾਲੇ ਇਲਾਕੇ ਵੀ ਸ਼ਾਮਲ ਹਨ, ਸਾਰੀਆਂ ਐਮਰਜੈਂਸੀ ਕਾਲਾਂ ਸੁਣਨ ਲਈ ਇੱਕ ਕੇਂਦਰੀ ਸੰਪਰਕ ਕੇਂਦਰ ਸਥਾਪਿਤ ਕੀਤਾ ਜਾਵੇਗਾ।

183. ਸਾਲ 2018-19 ਦੌਰਾਨ ਰਾਜ ਵਿਚ ਕਾਨੂੰਨ ਅਤੇ ਵਿਵਸਥਾ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਵੱਖ-ਵੱਖ ਸਕੀਮਾਂ ਦੇ ਅੰਤਰਗਤ 124 ਕਰੋੜ ਰੁਪਏ ਦੀ ਰਾਸ਼ੀ ਮੁਹੱਈਆ ਕਰਵਾਈ ਗਈ ਹੈ।ਨੈਸ਼ਨਲ ਈ-ਗਵਰਨੈਂਸ ਪ੍ਰੋਗਰਾਮ ਦੇ ਅਧੀਨ "ਕਰਾਈਮ ਐਂਡ ਕਰਿਮੀਨਲ ਟਰੈਕਿੰਗ ਨੈਟਵਰਕ ਸਿਸਟਮ" ਨਾਂ ਦੇ ਇੱਕ ਮਿਸ਼ਨ ਮੋਡ ਪ੍ਰਾਜੈਕਟ ਉੱਤੇ ਕੁੱਲ 600 ਸਾਈਟ (400 ਪੁਲਿਸ ਸਟੇਸ਼ਨ, 200 ਉੱਚ ਦਫ਼ਤਰ) ਨੈੱਟਵਰਕ ਤੇ ਲਿਆਂਦੇ ਗਏ ਹਨ। ਰਾਜ ਦੇ ਸਮੂਹ ਪੁਲਿਸ ਸਟੇਸ਼ਨ ਡਿਜੀਟਲੀ ਜੁੜੇ ਹੋਏ ਹਨ। "ਸਾਂਝ ਕੇਂਦਰਾਂ" ਰਾਹੀਂ ਮੁਹੱਈਆ ਕਰਵਾਈਆਂ ਜਾਂਦੀਆਂ ਨਾਗਰਿਕ ਸੇਵਾਵਾਂ ਨੂੰ ਸੀ.ਸੀ.ਟੀ.ਐਨ.ਐਸ. ਡਾਟਾਬੇਸ ਨਾਲ ਲਿੰਕ ਕੀਤਾ ਗਿਆ ਹੈ। ਸੀਸੀਟੀ ਐਨਐਸ ਅਧੀਨ ਰਾਜ ਦੇ ਸਮੁੱਚੇ ਪੁਲਿਸ ਸਟੇਸ਼ਨਾਂ ਵਿਚ ਸੋਲਰ ਪਾਵਰ ਬੈਕ-ਅੱਪ ਸਿਸਟਮ ਲਗਾਏ ਗਏ ਹਨ ਅਤੇ 69 ਹੋਰ ਸੋਲਰ ਪਾਵਰ ਬੈਕ-ਅੱਪ ਸਿਸਟਮ ਲਗਾਏ ਜਾ ਰਹੇ ਹਨ।

**ਮਾਲੀਆ**

184. ਮਾਲ ਵਿਭਾਗ ਅਤੇ ਖੇਤੀਬਾੜੀ ਆਰਥਿਕਤਾ ਦਾ ਹਮੇਸ਼ਾ ਤੋਂ ਹੀ ਇੱਕ ਮਜ਼ਬੂਤ ਗੱਠਜੋੜ ਹੈ। ਰਾਜ ਸਰਕਾਰ ਮਾਲ ਰਿਕਾਰਡ ਦੇ ਦਸਤਾਵੇਜ਼ਾਂ ਨੂੰ ਆਨਲਾਈਨ ਕਰਨ ਅਤੇ ਇਸ ਵੱਲੋਂ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦਾ ਕੰਪਿਊਟਰੀਕਰਣ ਕਰਨ ਤੇ ਕੇਂਦਰਿਤ ਹੈ।

ਜਨਾਬ ਸਪੀਕਰ ਸਾਹਿਬ,

185. ਇਹ ਸਰਕਾਰ ਇੱਕ ਸਾਫ-ਸੁਥਰੇ, ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਰਾਜ ਪ੍ਰਬੰਧ ਪ੍ਰਤੀ ਵਚਨਬੱਧ ਹੈ। ਹੁਣ ਤੋਂ ਨਿਸ਼ਾਨਦੇਹੀਆਂ ਵੀ ਇਲੈਕਟ੍ਰੋਨਿਕ ਟੋਟਲ ਸਟੇਸ਼ਨ ਦੀ ਵਰਤੋਂ ਨਾਲ ਕੀਤੀਆਂ ਜਾਣਗੀਆਂ। ਇਸ ਸਾਲ ਇਹ ਪ੍ਰਾਜੈਕਟ ਪਹਿਲਾਂ ਤੋਂ ਹੀ ਪਟਿਆਲਾ, ਐੱਸ.ਏ.ਐੱਸ. ਨਗਰ, ਲੁਧਿਆਣਾ ਅਤੇ ਜਲੰਧਰ ਜ਼ਿਲ੍ਹਿਆਂ ਵਿਚ ਆਰੰਭ ਕਰ ਦਿੱਤਾ ਗਿਆ ਹੈ ਅਤੇ ਸਾਲ 2018-19 ਦੌਰਾਨ ਸਾਡਾ ਟੀਚਾ ਬਾਕੀ ਰਹਿੰਦੇ ਜ਼ਿਲ੍ਹਿਆਂ ਨੂੰ ਕਵਰ ਕਰਨ ਦਾ ਹੈ।

186. ਅਸੀਂ ਮਾਲ ਰਿਕਾਰਡ ਦੀ ਦੇਖ-ਰੇਖ ਅਤੇ ਸਾਂਭ-ਸੰਭਾਲ ਲਈ ਅਤਿ ਆਧੁਨਿਕ ਰਿਕਾਰਡ ਰੂਮ ਬਣਾਉਣ ਦੀ ਯੋਜਨਾ ਵੀ ਤਿਆਰ ਕਰ ਰਹੇ ਹਾਂ।

187. ਖੁਦ ਨੂੰ ਕੁਦਰਤੀ ਆਫ਼ਤਾਂ ਲਈ ਤਿਆਰ ਕਰਨ ਹਿੱਤ ਕਸਬਿਆਂ ਅਤੇ ਸ਼ਹਿਰਾਂ ਵਿਚ 34.70 ਕਰੋੜ ਰੁਪਏ ਅੱਗ ਸੁਰੱਖਿਆ ਯੰਤਰਾਂ ਦੀ ਖਰੀਦ ਲਈ ਮੁਹੱਈਆ ਕਰਵਾਏ ਗਏ ਹਨ ਅਤੇ 1.55 ਕਰੋੜ ਰੁਪਏ ਸਟੇਟ ਡਿਜ਼ਾਸਟਰ ਰਿਸਪਾਂਸ ਫੋਰਸ ਨੂੰ ਖੋਜ ਅਤੇ ਬਚਾਅ ਮਸ਼ੀਨਰੀ ਲਈ ਉਪਲੱਬਧ ਕਰਵਾਏ ਗਏ।

## ਗੁੱਡਜ਼ ਐਂਡ ਸਰਵਿਸ ਟੈਕਸ (ਜੀ.ਐੱਸ.ਟੀ.)

188. 1 ਜੁਲਾਈ, 2017 ਤੋਂ ਦੇਸ਼ ਵਿਚ ਜੀ.ਐੱਸ.ਟੀ. ਲਾਗੂ ਕੀਤਾ ਗਿਆ। ਰਾਜ ਦੇ ਮਾਲੀਏ ਦੀ ਨਕਦੀ ਦੇ ਪ੍ਰਵਾਹ ਵਿਚ ਇਸ ਦਾ ਇੰਨਾ ਗੰਭੀਰ ਅਸਰ ਹੋਇਆ ਕਿ ਲਾਗੂ ਹੋਣ ਦੇ ਸ਼ੁਰੂਆਤੀ ਮਹੀਨਿਆਂ ਵਿਚ ਪ੍ਰਾਪਤੀਆਂ ਅਤੇ ਸਮਾਂ ਸੀਮਾਂ ਦੋਵਾਂ ਦਾ ਹੀ ਪੂਰਵ ਅਨੁਮਾਨ ਲਗਾਉਣਾ ਸੰਭਵ ਨਹੀਂ ਸੀ, ਸਾਨੂੰ ਆਸ ਹੈ ਕਿ ਇਸ ਵਿੱਤੀ ਸਾਲ ਦੇ ਅੰਤ ਤੱਕ ਰਾਜ ਇਸ ਦੇ ਸੁਨਿਸ਼ਚਿਤ ਮਾਲੀਏ ਨੂੰ ਪ੍ਰਾਪਤ ਕਰੇਗਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਅਨਿਸ਼ਚਿਤਤਾ ਦਾ ਅਸਰ ਰਾਜ ਦੇ ਵਿਕਾਸ ਕਾਰਜਾਂ ਲਈ ਫੰਡ ਜਾਰੀ ਕਰਨ ਦੀ ਸਮਰੱਥਾ 'ਤੇ ਵੀ ਪਿਆ ਹੈ।

189. ਰਾਜ ਵੱਲੋਂ ਜੀ.ਐੱਸ.ਟੀ. ਅਧੀਨ ਆਉਂਦੀਆਂ ਪ੍ਰਕਿਰਿਆਵਾਂ ਅਤੇ ਵਿਧੀਆਂ ਨੂੰ ਵਣਜ ਅਤੇ ਉਦਯੋਗ ਵੱਲੋਂ ਸੁਖਾਲੇ ਢੰਗ ਨਾਲ ਅਪਣਾਏ ਜਾਣ ਲਈ ਮਦਦ ਅਤੇ ਸੁਵਿਧਾਵਾਂ ਦੇਣ ਦੇ ਹਰ ਸੰਭਵ ਯਤਨ ਕੀਤੇ ਹਨ। ਟੈਕਸ ਅਦਾ ਕਰਤਾਵਾਂ ਨੂੰ ਜਾਣਕਾਰੀ ਮੁਹੱਈਆ ਕਰਵਾਉਣ ਲਈ ਸਟੇਕ ਹੋਲਡਰਾਂ ਲਈ ਲਗਭਗ 1000 ਵਰਕਸ਼ਾਪਾਂ ਲਗਾਈਆਂ ਗਈਆਂ ਹਨ। ਸਮੂਹ ਉਪ ਦਫਤਰਾਂ ਸਮੇਤ ਹਰ ਜ਼ਿਲ੍ਹੇ ਵਿਚ ਸੁਵਿਧਾ ਕੇਂਦਰ ਸਥਾਪਿਤ ਕੀਤੇ ਗਏ ਹਨ। ਚੋਣਾਂ ਤੋਂ ਪਹਿਲਾਂ ਸਾਡੇ ਵੱਲੋਂ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਦਿਆਂ ਢੋ-ਢੁਆਈ ਵਾਹਨਾਂ ਦੀ ਮੁਫ਼ਤ ਆਵਾਜਾਈ ਲਈ ਮਿਤੀ 31.8.2017 ਤੋਂ ਸਮੂਹ ਅੰਤਰਰਾਜੀ ਸਰਹੱਦਾਂ ਤੋਂ ਸਾਰੇ 41 ਸੂਚਨਾ ਇਕੱਤ੍ਰਣ ਕੇਂਦਰ ਹਟਾ ਲਏ ਗਏ ਹਨ।

## ਬਜਟ ਇਕ ਝਾਤ

190. ਸਾਲ 2018-19 ਲਈ ਕੁੱਲ ਬਜਟ ਆਕਾਰ 129698 ਕਰੋੜ ਰੁਪਏ ਹੈ। ਪ੍ਰੰਤੂ ਵਾਸਤਵਿਕ ਬਜਟ ਦਾ ਆਕਾਰ 102198 ਕਰੋੜ ਰੁਪਏ ਹੈ ਕਿਉਂ ਜੋ ਉਕਤ ਰਕਮ ਵਿਚ ਮੌਜੂਦ ਉਪਾਅ ਤੇ ਸਾਧਨ ਲੈਣ ਦੇਣ ਲਈ 27500 ਕਰੋੜ ਰੁਪਏ ਦਾ ਬਜਟ ਉਪਬੰਧ ਸ਼ਾਮਲ ਹੈ।

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]
ਕੁੱਲ ਪ੍ਰਾਪਤੀਆਂ 122923 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ। ਇਸ ਦੇ ਵੇਰਵੇ ਹੇਠ ਅਨੁਸਾਰ ਹਨ :-

| ਲੜੀ ਨੰ. | ਮੱਦ | ਸੋਧੇ ਅਨੁਮਾਨ 2017-18 (ਕਰੋੜ ਰੁਪਏ) | ਬਜਟ ਅਨੁਮਾਨ 2018-19 (ਕਰੋੜ ਰੁਪਏ) |
|---|---|---|---|
| **1.** | **ਮਾਲੀਆ ਪ੍ਰਾਪਤੀਆਂ (2+3+4+5+6)** | **56872** | **73812** |
| 2. | ਰਾਜ ਦਾ ਆਪਣਾ ਕਰ ਮਾਲੀਆ | 35490 | 41064 |
| 3. | ਰਾਜ ਦਾ ਆਪਣਾ ਗ਼ੈਰ-ਕਰ ਮਾਲੀਆ | 5096 | 10249 |
| 4. | ਕੇਂਦਰੀ ਟੈਕਸਾਂ ਦਾ ਹਿੱਸਾ | 10617 | 12429 |
| 5. | ਕੇਂਦਰ ਤੋਂ ਗ੍ਰਾਂਟ-ਇਨ-ਏਡ | 5668 | 8570 |
| 6. | ਵਾਧੂ ਸਰੋਤ ਜੁਟਾਉਣਾ | - | 1500 |
| **7** | **ਪੂੰਜੀਗਤ ਪ੍ਰਾਪਤੀਆਂ (8+9+10)** | **45808** | **49111** |
| 8. | ਉਪਾਅ ਤੇ ਸਾਧਨ ਪੇਸ਼ਗੀਆਂ ਤੋਂ ਇਲਾਵਾ ਜਨਤਕ ਕਰਜ਼ | 18233 | 21555 |
| 9. | ਉਪਾਅ ਅਤੇ ਸਾਧਨ ਪੇਸ਼ਗੀਆਂ | 27500 | 27500 |
| 10. | ਕਰਜ਼ਿਆਂ ਦੀ ਵਸੂਲੀ | 75 | 56 |
| **11.** | **ਕੁੱਲ ਪ੍ਰਾਪਤੀਆਂ (1+7)** | **102680** | **122923** |
| **12.** | **ਮਾਲੀਆ ਖ਼ਰਚ (13+14+15+16)** | **71182** | **86351** |
| 13. | ਤਨਖਾਹਾਂ ਅਤੇ ਉਜਰਤਾਂ | 24938 | 25709 |
| 14. | ਪੈਨਸ਼ਨ ਅਤੇ ਰਿਟਾਇਰਮੈਂਟ ਲਾਭ | 9469 | 10305 |
| 15. | ਵਿਆਜ਼ ਅਤੇ ਅਦਾਇਗੀਆਂ | 15175 | 16260 |
| 16. | ਹੋਰ ਮਾਲੀਆ ਖ਼ਰਚ | 21600 | 34078 |
| **17.** | **ਪੂੰਜੀਗਤ ਖ਼ਰਚ** | **4389** | **6385** |
| 18. | ਉਪਾਅ ਅਤੇ ਸਾਧਨ ਪੇਸ਼ਗੀਆਂ ਤੋਂ ਇਲਾਵਾ ਜਨਤਕ ਕਰਜ਼ ਦਾ ਭੁਗਤਾਨ | 7530 | 8610 |
| 19. | ਉਪਾਅ ਅਤੇ ਸਾਧਨ ਪੇਸ਼ਗੀਆਂ ਦਾ ਭੁਗਤਾਨ | 27500 | 27500 |
| 20. | ਕਰਜ਼ਾ ਪੇਸ਼ਗੀਆਂ | 2197 | 851 |
| **21.** | **ਕੁੱਲ ਖ਼ਰਚ (12+17+18+19+20)** | **112797** | **129698** |
| **22.** | **ਮਾਲੀਆ ਘਾਟਾ (12-1)** | **14310** | **12539** |
| **23.** | **ਵਿੱਤੀ ਘਾਟਾ (22+20+17-10)** | **20821** | **19720** |
| 24. | ਮੁਢਲਾ ਘਾਟਾ (23-15) | 5646 | 3460 |
| **25.** | **ਬਕਾਇਆ ਕਰਜ਼** | **195978** | **211523** |
| | ਚਲੰਤ ਕੀਮਤਾਂ ਤੇ ਜੀ ਐਸ ਡੀ ਪੀ | 477482 | 518165 |

* ਅੰਕੜੇ ਰਾਊਂਡ ਆਫ ਕਰ ਦਿੱਤੇ ਗਏ ਹਨ।

191. ਮੇਰੀਆਂ ਬਜਟ ਤਜਵੀਜ਼ਾਂ ਵਿਚ ਮੈਂ ਐਡੀਸ਼ਨਲ ਰਿਸੋਰਸ ਮੋਬਲਾਈਜੇਸ਼ਨ (ਏ.ਆਰ.ਐਮ.) ਉਪਾਵਾਂ ਰਾਹੀਂ 1500 ਕਰੋੜ ਰੁਪਏ ਜੁਟਾਉਣ ਦੀ ਤਜਵੀਜ਼ ਰੱਖੀ ਹੈ। ਜਿਨ੍ਹਾਂ ਵਿੱਚੋਂ ਕੁਝ ਤੇ ਮੈਂ ਚਾਨਣਾ ਪਾ ਰਿਹਾ ਹਾਂ। ਸਰਕਾਰ ਨੇ ਕੇਵਲ ਆਮਦਨ ਕਰ ਅਦਾ ਕਰਤਾਵਾਂ ਉਤੇ, ਜੋ ਕਿ ਕਿੱਤਿਆਂ, ਵਣਜ, ਕਾਲਿੰਗਜ਼ ਅਤੇ ਰੁਜ਼ਗਾਰ ਵਿਚ ਲੱਗੇ ਹੋਏ ਹਨ, 200 ਰੁਪਏ ਪ੍ਰਤੀ ਮਹੀਨੇ ਦੀ ਦਰ

ਨਾਲ ਇਕ ਮਾਮੂਲੀ ਵਿਕਾਸ ਟੈਕਸ ਲਗਾਉਣ ਲਈ ਇਕ ਕਾਨੂੰਨ ਲਿਆਉਣ ਦਾ ਫ਼ੈਸਲਾ ਕੀਤਾ ਹੈ। ਮਹਾਰਾਸ਼ਟਰ, ਗੁਜਰਾਤ, ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਜਿਹੇ ਕਈ ਪ੍ਰਗਤੀਸ਼ੀਲ ਸੂਬੇ ਬਹੁਤ ਲੰਮੇ ਸਮੇਂ ਤੋਂ ਅਜਿਹਾ ਵਿਕਾਸ ਟੈਕਸ ਲੈ ਰਹੇ ਹਨ। ਰਾਜ ਸਮਾਜ ਦੇ ਕਮਜ਼ੋਰ ਵਰਗਾਂ ਪ੍ਰਤੀ ਆਪਣੀ ਪ੍ਰਤੀਬੱਧਤਾ 'ਤੇ ਪੂਰਾ ਉਤਰਨ ਲਈ ਇਕ ਨਿਵੇਕਲੇ ਫੰਡ ਦੀ ਸਿਰਜਣਾ ਲਈ ਇਕ ਵਿਸ਼ੇਸ਼ ਸਮਾਜਿਕ ਸੁਰੱਖਿਆ ਕਾਨੂੰਨ ਵੀ ਲਿਆਉਣ 'ਤੇ ਵਿਚਾਰ ਕਰ ਰਿਹਾ ਹੈ। ਇਸ ਤੋਂ ਇਲਾਵਾ ਇਸ ਸਾਲ ਦੌਰਾਨ ਅਸੀਂ ਆਪਣੇ ਗ਼ੈਰ-ਕਰ ਮਾਲੀਏ ਨੂੰ ਵੀ ਤਰਕਪੂਰਨ ਬਣਾਉਣਾ ਚਾਹੁੰਦੇ ਹਾਂ।

192. ਪ੍ਰੰਤੂ, ਇਸ ਸਾਲ ਹੁਣ ਵੀ 4175 ਕਰੋੜ ਰੁਪਏ ਦਾ ਗ਼ੈਰ-ਫੰਡਿਡ ਸ੍ਰੋਤ ਅੰਤਰ ਮੌਜੂਦ ਹੈ। ਮੈਨੂੰ ਆਸ ਹੈ ਕਿ ਟੈਕਸ ਪਾਲਣਾ ਅਤੇ ਪ੍ਰਸ਼ਾਸਨ ਵਿਚ ਕੁਸ਼ਲ ਸੁਧਾਰਾਂ ਅਤੇ ਜਨਤਕ ਸੇਵਾਵਾਂ ਦੀ ਵਧੀਆ ਸਪੁਰਦਗੀ ਨਾਲ ਅਸੀਂ ਖ਼ਰਚੇ ਵਿੱਚ ਸੰਜਮ ਲਿਆਉਣ ਦੇ ਯੋਗ ਹੋ ਜਾਵਾਂਗੇ ਅਤੇ ਇਸ ਪ੍ਰਤੱਖ ਅੰਤਰ ਨੂੰ ਘੱਟ ਕਰਨ ਵਿਚ ਯੋਗ ਹੋ ਜਾਵਾਂਗੇ।

193. ਮੈਨੂੰ ਇਹ ਦੱਸਦਿਆਂ ਅਤਿ ਪ੍ਰਸੰਨਤਾ ਹੋ ਰਹੀ ਹੈ ਕਿ ਪਿਛਲੇ ਸਾਲ ਵਿਚ ਸਾਡੀ ਸਰਕਾਰ ਦੀ ਮਾਲੀ ਸੰਜਮਤਾ ਦੇ ਫਲਸਰੂਪ ਰਾਜ ਖਜ਼ਾਨੇ ਦੇ ਓਵਰ ਡਰਾਫਟ ਵਿਚ ਰਹਿਣ ਵਾਲੇ ਦਿਨਾਂ ਨੂੰ ਘਟਾ ਸਕਿਆ, ਜੋ ਸਾਲ 2016-17 ਵਿਚ 179 ਦਿਨਾਂ ਦੇ ਮੁਕਾਬਲੇ ਵਿਚ ਸਾਲ 2017-18 ਵਿਚ 98 ਦਿਨਾਂ ਲਈ ਓਵਰ ਡਰਾਫਟ ਰਿਹਾ। ਇਸ ਨਾਲ ਰਾਜ ਦੁਆਰਾ ਘੱਟੋ-ਘੱਟ 5 ਕਰੋੜ ਵਿਆਜ ਦੇਣਦਾਰੀ ਨੂੰ ਘਟਾਇਆ ਹੈ। ਸਾਲ 2016-17 ਵਿਚ ਰਾਜ 29 ਦਿਨਾਂ ਲਈ ਡਬਲ ਓਵਰ ਡਰਾਫਟ ਰਿਹਾ, ਸਾਨੂੰ ਆਸ ਹੈ ਕਿ ਸਾਲ 2017-18 ਵਿਚ ਇਕ ਦਿਨ ਲਈ ਵੀ ਰਾਜ ਡਬਲ ਓਵਰ ਡਰਾਫਟ ਨਹੀਂ ਹੋਵੇਗਾ।

**ਸਿੱਟਾ**

194. ਨੇਕ ਦਿਲ ਤੇ ਮਿਹਨਤਕਸ਼ ਕੌਮਾਂ ਲਈ ਕਿਸੇ ਵੀ ਮੰਜ਼ਿਲ ਨੂੰ ਹਾਸਲ ਕਰਨਾ ਨਾ-ਮੁਮਕਿਨ ਨਹੀਂ ਹੁੰਦਾ। ਤਕਦੀਰ ਬਹਾਦਰ ਕੌਮਾਂ ਦੀ ਭਾਈਵਾਲ ਹੈ। ਆਉਣ ਵਾਲੀਆਂ ਨਸਲਾਂ ਕਦੇ ਸਾਡੇ ਤੇ ਇਹ ਤੋਹਮਤ ਨਾ ਕਸਣ ਕਿ ਸਾਡੀ ਇਸ ਪੰਜਾਬੀ ਪੀੜ੍ਹੀ ਵਿੱਚ ਹਿੰਮਤ ਦੀ ਘਾਟ ਸੀ, ਕਦੇ ਇਹ ਇਲਜ਼ਾਮ ਨਾ ਲਾਉਣ ਕਿ ਅਸੀਂ ਮੈਦਾਨ ਆਪਣੇ ਵਿਰੋਧੀਆਂ ਲਈ ਛੱਡ ਦਿੱਤਾ। 'ਅਸੀਂ ਬਹੁਤ ਦੂਰ ਗੁਜ਼ਰ ਚੁੱਕੇ ਹਾਂ। ਅਸੀਂ ਬਹੁਤ ਕੁਰਬਾਨੀਆਂ ਦੇ ਚੁੱਕੇ ਹਾਂ।' ਹੁਣ ਸੁਨਹਿਰੀ ਭਵਿੱਖ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ।

ਜਨਾਬ ਸਪੀਕਰ ਸਾਹਿਬ,

195. ਇਸ ਮੌਕੇ 'ਤੇ ਮੈਨੂੰ ਅਜ਼ੀਮ ਸ਼ਾਇਰ ਅਲਾਮਾ ਇਕਬਾਲ ਦਾ ਸ਼ੇਅਰ ਯਾਦ ਆ ਰਿਹਾ ਹੈ:

ਨਹੀਂ ਹੈ ਨਾ-ਉਮੀਦ ਇਕਬਾਲ
ਆਪਨੀ ਕਿਸ਼ਤ-ਏ-ਵੈਰਾਨ ਸੇ,
ਜ਼ਰਾ ਨਮ ਹੋ ਤੋ ਯੇ ਮਿੱਟੀ,
ਬਹੁਤ ਜ਼ਰਖੇਜ਼ ਹੈ ਸਾਕੀ।

196. ਪੰਜਾਬ ਦੇ ਲੋਕਾਂ ਦਾ ਜ਼ਜ਼ਬਾ ਉਸ ਲਾਟ ਵਰਗਾ ਹੈ ਜੋ ਲੁਕਾਈ ਤਾਂ ਜਾ ਸਕਦੀ ਹੈ ਪਰ ਕਦੇ ਵੀ ਬੁਝਾਈ ਨਹੀਂ ਜਾ ਸਕਦੀ। ਸਾਡੀ ਸਰਕਾਰ ਦਾ ਬੁਨਿਆਦੀ ਫਰਜ਼ ਹੈ ਕਿ ਇੱਕ ਵਾਰ ਫਿਰ ਦੁਨੀਆ ਭਰ ਦੇ ਸਾਹਮਣੇ ਇਸ ਸ਼ਾਨਦਾਰ ਲਾਟ ਨੂੰ ਉਜਾਗਰ ਕਰੀਏ।

[ਵਿੱਤ, ਯੋਜਨਾ ਅਤੇ ਰੋਜ਼ਗਾਰ ਉਤਪਤੀ ਮੰਤਰੀ]

197. ਪੰਜਾਬ ਦਾ ਬਿਹਤਰੀਨ ਭਵਿੱਖ ਬਣਾਉਣ ਲਈ ਸੱਚੇ ਪੰਜਾਬੀਆਂ ਵਿਚੋਂ ਮੈਂ ਇਕ ਹਾਂ, ਜੋ ਹਰ ਰੋਜ਼ ਫ਼ਿਕਰਮੰਦ ਰਹਿੰਦਾ ਹਾਂ। ਮੈਂ ਇਸ ਹਾਊਸ ਨੂੰ ਸਾਵਧਾਨ ਕਰਨਾ ਚਾਹੁੰਦਾ ਹਾਂ ਕਿ ਅਸੀਂ ਖੋਖਲੀਆਂ ਗੱਲਾਂ, ਜੋ ਵਕਤੀ ਤੌਰ ਤੇ ਚੰਗੀਆਂ ਲੱਗਦੀਆਂ ਹਨ ਉਨ੍ਹਾਂ ਤੋਂ ਗੁਰੇਜ਼ ਕਰੀਏ ਅਤੇ ਉਨ੍ਹਾਂ ਨੂੰ ਅਹਿਮੀਅਤ ਨਾ ਦੇਈਏ। ਮੈਂ ਸਭ ਨੂੰ ਗੁਜ਼ਾਰਿਸ਼ ਕਰਾਂਗਾ ਕਿ ਅਸੀਂ ਸਾਰੇ ਮਿਲ ਜੁਲ ਕੇ ਸਰਕਾਰ ਦਾ ਹਿਫਾਜ਼ਤੀ ਢਾਂਚਾ ਤਿਆਰ ਕਰੀਏ। ਆਦਰਸ਼ਾਂ ਦੀ ਹਿੰਮਤ ਨਾਲ ਪੈਰਵਾਈ ਦੇ ਕਾਬਿਲ ਅਸੀਂ ਉਸ ਸਮੇਂ ਹੋਵਾਂਗੇ, ਜਦ ਆਦਰਸ਼ ਸਾਡੇ ਦਿਲਾਂ ਦੇ ਕਰੀਬ ਹੋਣਗੇ।

198. ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਲੋਕਾਂ ਦੀ ਕਚਹਿਰੀ ਵਿੱਚੋਂ ਸੁਰਖਰੂ ਹੋ ਕੇ ਨਿਕਲੀ ਹੈ। ਪੰਜਾਬ ਦਾ ਭਰੋਸਾ ਸਾਡੇ ਲਈ ਇੱਕ ਅਜ਼ੀਮ ਜ਼ਿੰਮੇਵਾਰੀ ਅਤੇ ਮੁਕੱਦਸ ਇਮਾਨਤ ਹੈ। ਪੰਜਾਬ ਅੱਜ ਉਸ ਦੁਰਸਤੇ ਤੇ ਖੜ੍ਹਾ ਹੈ ਜਿਸ ਦਾ ਇੱਕ ਰਸਤਾ ਕਠਿਨ ਹੈ ਅਤੇ ਲੰਬਾ ਹੈ ਜੋ ਖੁਸ਼ਹਾਲੀ ਵੱਲ ਜਾਂਦਾ ਹੈ ਅਤੇ ਦੂਸਰਾ ਅਸਾਨ ਰਸਤਾ ਹੈ ਜੋ ਕਿ ਬਰਬਾਦੀ ਵੱਲ ਜਾਂਦਾ ਹੈ।

199. ਜਨਾਬ ਸਪੀਕਰ ਸਾਹਿਬ, ਮੈਂ ਇਸ ਸਦਨ ਵਿੱਚ ਸਭ ਤੋਂ ਮਜ਼ਬੂਤ ਇਲਫਾਜ਼ ਵਿੱਚ ਬਿਆਨ ਕਰਨਾ ਚਾਹੁੰਦਾ ਹਾਂ ਕਿ ਤੁਹਾਡੀ ਸਰਕਾਰ ਨੇ ਕਠਿਨ ਰਸਤਾ ਚੁਣਿਆ ਹੈ। ਅਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ ਲਈ ਇੱਕ ਖੁਸ਼ਹਾਲੀ ਵਾਲਾ ਰਸਤਾ ਚੁਣਿਆ ਹੈ।

200. ਮੈਂ ਆਖ਼ਿਰ ਵਿੱਚ ਮੁੱਖ ਮੰਤਰੀ ਪੰਜਾਬ, ਕੈਪਟਨ ਅਮਰਿੰਦਰ ਸਿੰਘ ਜੀ, ਅਵਾਮੀ ਲੀਡਰ ਅਤੇ ਦੋਸਤ, ਦੀ ਰਹਿਨੁਮਾਈ ਦੀ ਰੌਸ਼ਨੀ, ਜਿਸ ਦੇ ਬਗੈਰ ਮੈਂ ਅਧੂਰਾ ਹਾਂ, ਦਾ ਧੰਨਵਾਦ ਕਰਦਾ ਹਾਂ।

201. ਜਨਾਬ ਸਪੀਕਰ ਸਾਹਿਬ, ਮੈਂ ਤੁਹਾਡਾ ਅਤੇ ਕਾਬਿਲੇ ਕਦਰ ਹਾਊਸ ਦੇ ਤਮਾਮ ਮੈਂਬਰਾਨ ਦਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਇਸ ਬਜਟ ਦੀਆਂ ਤਜਵੀਜ਼ਾਂ ਨੂੰ ਅਦਬ ਅਤੇ ਸਬਰ ਨਾਲ ਸੁਣਿਆ।

202. ਸਪੀਕਰ ਸਾਹਿਬ, ਸਰਕਾਰ ਦੀ ਤਰਫੋਂ ਮੈਂ ਪ੍ਰਧਾਨ, ਮਹਾਂਲੇਖਾਕਾਰ (ਆਡਿਟ), ਪੰਜਾਬ, ਵੱਲੋਂ ਹਾਸਲ ਹੋਈ ਬੇਸ਼ਕੀਮਤੀ ਇਮਦਾਦ ਸਦਕਾ ਉਨ੍ਹਾਂ ਦਾ ਮਸ਼ਕੂਰ ਹਾਂ।

203. ਜਨਾਬ ਸਪੀਕਰ ਸਾਹਿਬ, ਆਖ਼ਿਰ ਵਿੱਚ ਮੈਂ ਆਪਣੀ ਵਜ਼ਾਰਤ ਦੇ ਅਫ਼ਸਰ ਸਾਹਿਬਾਨ ਜਿਨ੍ਹਾਂ ਵਿੱਚ ਵਿੱਤ ਅਤੇ ਆਰਥਿਕ ਨੀਤੀ ਅਤੇ ਯੋਜਨਾਬੰਦੀ ਵਿਭਾਗ ਦੇ ਸ਼੍ਰੀ ਡੀ.ਕੇ. ਤਿਵਾੜੀ, ਸਕੱਤਰ ਖ਼ਰਚ, ਹੋਰ ਅਧਿਕਾਰੀ ਸਾਹਿਬਾਨ ਅਤੇ ਅਮਲਾ ਅਤੇ ਵਿਸ਼ੇਸ਼ ਤੌਰ 'ਤੇ ਸ਼੍ਰੀ ਅਨੀਰੁਧ ਤਿਵਾੜੀ, ਪ੍ਰਮੁੱਖ ਸਕੱਤਰ, ਵਿੱਤ, ਜਿਨ੍ਹਾਂ ਨੇ ਆਪਣੀ ਕਾਬਲੀਅਤ ਸਦਕਾ ਇਸ ਮਹਿਕਮੇ ਵਿੱਚ ਆਪਣੀ ਅਮਿੱਟ ਛਾਪ ਛੱਡੀ ਹੈ ਅਤੇ ਹੋਰ ਸਟਾਫ ਦੀ ਤਾਰੀਫ਼ ਕਰਾਂਗਾ ਜਿਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਹੀ ਅੱਜ ਪੰਜਾਬ ਦੀ ਮੌਜੂਦਾ ਮਾਲੀ ਹਾਲਤ ਦੀ ਸਹੀ ਤਸਵੀਰ ਆਪ ਜੀ ਸਾਹਮਣੇ ਪੇਸ਼ ਕਰ ਸਕੇ ਹਾਂ। ਮੈਂ ਮੰਨਦਾ ਹਾਂ ਕਿ ਇਹ ਕੰਮ ਬਹੁਤ ਮੁਸ਼ਕਲ ਅਤੇ ਜ਼ਿੰਮੇਵਾਰੀ ਵਾਲਾ ਸੀ, ਜਿਸ ਨੂੰ ਅਸੀਂ ਬਿਨਾਂ ਕਿਸੇ ਦਿਖਾਵੇ ਦੇ ਸਰ ਅੰਜਾਮ ਦਿੱਤਾ ਹੈ।

204. ਮੈਨੂੰ ਯਕੀਨ ਹੈ ਕਿ ਫਾਈਨੈਂਸ ਮਹਿਕਮੇ ਦੀ ਸਤਰਕਤਾ ਅਤੇ ਮਾਣਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਦੀ ਦੂਰ-ਅੰਦੇਸ਼ੀ ਅਤੇ ਖਾਸ ਤਵੱਜੋ ਨੂੰ ਇਹ ਸਦਨ ਸੱਚੇ ਦਿਲ ਨਾਲ ਪ੍ਰਵਾਨ ਕਰੇਗਾ ਜਿਸ ਦਾ ਸਬੱਬ, ਪੰਜਾਬ ਦੇ ਲੋਕਾਂ ਦੇ ਕਲਿਆਣ ਦੀ ਹਿਫ਼ਾਜ਼ਤ ਹੈ। ਇਸ ਸਦਨ ਦੀ ਇਹੋ ਬੁਨਿਆਦੀ ਜ਼ਿੰਮੇਵਾਰੀ ਹੈ।

ਇਨ੍ਹਾਂ ਲਫਜ਼ਾਂ ਨਾਲ ਮੈਂ ਸਾਲ 2018-19 ਦੇ ਬਜਟ ਮਨਸੂਬਿਆਂ ਨੂੰ ਇਸ ਕਾਬਿਲੇ ਕਦਰ ਸਦਨ ਦੇ ਰੂਬਰੂ ਪ੍ਰਵਾਨਗੀ ਲਈ ਪੇਸ਼ ਕਰਦਾ ਹਾਂ।

ਜੈ ਹਿੰਦ (ਥੰਪਿੰਗ)

**ਮਾਨਯੋਗ ਸਪੀਕਰ :** ਹੁਣ ਸਦਨ, ਸੋਮਵਾਰ, ਮਿਤੀ 26 ਮਾਰਚ, 2018 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*12.10 ਵਜੇ ਬਾ:ਦੁ:) (*ਇਸ ਉਪਰੰਤ ਸਦਨ ਸੋਮਵਾਰ, ਮਿਤੀ 26 ਮਾਰਚ, 2018 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

-----------

APPENDIX
TO
PUNJAB VIDHAN SABHA
DEBATES
Saturday, 24th March 2018
Vol. IV- No- 5

UNSTARRED QUESTION AND ANSWER

**ਲੋਕਲ ਆਡਿਟ ਵਿਭਾਗ ਦੇ ਸੇਵਾ-ਮੁਕਤ ਕਰਮਚਾਰੀਆਂ ਦੀ ਗਿਣਤੀ**

190. **ਸ਼੍ਰੀ** ਰਾਕੇਸ਼ ਪਾਂਡੇ :- ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਲੋਕਲ ਆਡਿਟ ਵਿਭਾਗ ਦੇ ਸੇਵਾ-ਮੁਕਤ ਕਰਮਚਾਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ, ਜਿਨ੍ਹਾਂ ਦੇ ਸੇਵਾ-ਮੁਕਤੀ ਦੇ ਲਾਭ ਸਬੰਧੀ ਭੁਗਤਾਨ ਅਜੇ ਤੱਕ ਜਾਰੀ ਨਹੀਂ ਕੀਤੇ ਗਏ;

(ਅ) ਉਕਤ ਕਰਮਚਾਰੀਆਂ ਦੇ ਭੁਗਤਾਨ ਕਿੰਨੇ ਸਮੇਂ ਤੋਂ ਲੰਬਿਤ ਪਏ ਹਨ ਅਤੇ ਇਸ ਵਿੱਚ ਕੁੱਲ ਕਿੰਨੀ ਰਕਮ ਸ਼ਾਮਿਲ ਹੈ;

(ੲ) ਇਹ ਅਦਾਇਗੀਆਂ ਕਦੋਂ ਤੱਕ ਜਾਰੀ ਹੋਣ ਦੀ ਸੰਭਾਵਨਾ ਹੈ?

**ਸਰਦਾਰ ਮਨਪ੍ਰੀਤ ਸਿੰਘ ਬਾਦਲ :- (ੳ) ਸ਼੍ਰੀ**ਮਾਨ ਜੀ, ਮਿਤੀ 31.03.2018 ਤੱਕ ਲੋਕਲ ਆਡਿਟ ਦਫ਼ਤਰ ਨਾਲ ਸਬੰਧਤ 11 ਸੇਵਾ-ਮੁਕਤ ਕਰਮਚਾਰੀਆਂ ਨੂੰ ਅਜੇ ਸੇਵਾ-ਮੁਕਤੀ ਦੇ ਲਾਭਾਂ ਸਬੰਧੀ ਭੁਗਤਾਨ ਜਾਰੀ ਨਹੀਂ ਕੀਤੇ ਗਏ।

(ਅ) ਜਿਹੜੇ 11 ਸੇਵਾ ਨਿਵਿਰਤ ਕਰਮਚਾਰੀਆਂ ਨੂੰ ਜਿਸ ਮਿਤੀ ਤੋਂ ਇਹ ਅਦਾਇਗੀਆਂ ਲੰਬਿਤ ਹਨ, ਬਾਰੇ ਵੇਰਵਾ ਅਨੁਲੱਗ-1 ਤੇ ਰੱਖਿਆ ਹੈ। ਇਨ੍ਹਾਂ 11 ਕਰਮਚਾਰੀਆਂ ਨੂੰ ਗਰੈਚੂਟੀ ਵਜੋਂ 95,38,183/- ਰੁਪਏ ਅਤੇ ਲੀਵ ਇਨਕੈਸ਼ਮੈਂਟ ਵਜੋਂ 54,64,930/- ਰੁਪਏ ਦੀ ਅਦਾਇਗੀ ਲੰਬਿਤ ਹੈ।

(ੲ) ਇਸ ਸਬੰਧੀ ਵੇਰਵਾ ਬਤੌਰ ਅਨੁਲੱਗ-2 ਹੈ।

(ii)

ਅਨੁਲੱਗ-1

| ਲੜੀ ਨੰ: | ਕਰਮਚਾਰੀ / ਅਧਿਕਾਰੀ ਦਾ ਨਾਂ ਸ./ਸ਼੍ਰੀ/ਸ਼੍ਰੀਮਤੀ | ਸੇਵਾ-ਮੁਕਤੀ ਲਾਭ ਜਿਸ ਮਿਤੀ ਤੋਂ ਲੰਬਿਤ ਹਨ | ਗਰੈਚੂਟੀ ਦੀ ਰਕਮ ਰੁਪਏ | ਲੀਵ ਇਨਕੈਸ਼ਮੈਂਟ ਦੀ ਰਕਮ ਰੁਪਏ |
|---|---|---|---|---|
| 1. | ਨਰਿੰਦਰ ਪ੍ਰਕਾਸ਼ ਸੈਣੀ | 01.04.2015 | 10 ਲੱਖ | 7,07,590/- |
| 2. | ਸੁਭਾਸ਼ ਚੰਦਰ ਸ਼ਰਮਾ | 01.11.2016 | 10 ਲੱਖ | 8,38,990/- |
| 3. | ਕਮਲੇਸ਼ ਜੈਨ | 01.09.2015 | 10 ਲੱਖ | 6,66,260/- |
| 4. | ਮਨਜੀਤ ਸਿੰਘ | 01.11.2015 | 10 ਲੱਖ | 6,86,290/- |
| 5. | ਸੁਨੀਤਾ ਰਾਣੀ | 01.01.2016 | 10 ਲੱਖ | 6,86,290/- |
| 6. | ਭੋਲਾ ਸਿੰਘ | 01.07.2017 | 10 ਲੱਖ | -- |
| 7. | ਸੁਖਮਿੰਦਰ ਸਿੰਘ | 28.09.2017 | 10 ਲੱਖ | 7,73,780/- |
| 8. | ਸਰਦਾਰ ਸਿੰਘ | 01.11.2017 | 6,37,365/- | -- |
| 9. | ਸਰੋਜ ਬਾਲਾ | 01.03.2018 | 5,42,455/- | -- |
| 10. | ਅਮਰਜੀਤ ਸਿੰਘ | 01.04.2018 | 7,43,411/- | 6,32,690/- |
| 11. | ਰਾਮ ਲਾਲ | 01.04.2018 | 6,14,952/- | 4,73,040/- |
|  |  |  | 95,38,183/- | 54,64,930/- |

# ਅਨੁਲੱਗ–2

| ਲੜੀ ਨੰ: | ਕਰਮਚਾਰੀ / ਅਧਿਕਾਰੀ ਦਾ ਨਾਂ ਸ./ਸ਼੍ਰੀ/ਸ਼੍ਰੀਮਤੀ | ਸੇਵਾ ਮੁਕਤੀ ਲਾਭ ਜਾਰੀ ਹੋਣ ਦੀ ਸੰਭਾਵਨਾ ਬਾਰੇ ਸੂਚਨਾ |
|---|---|---|
| 1. | ਨਰਿੰਦਰ ਪ੍ਰਕਾਸ਼ ਸੈਣੀ | ਇਸ ਕਰਮਚਾਰੀ ਨੂੰ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਰੀ ਕਰਨ ਕਾਰਨ ਉਸ ਵਿਰੁੱਧ ਚੱਲ ਰਹੀ ਵਿਭਾਗੀ ਪੜਤਾਲ ਸਬੰਧੀ ਕਾਰਵਾਈ ਮੁਕੰਮਲ ਹੋਣ ਤੇ ਉਨ੍ਹਾਂ ਦੇ ਸੇਵਾ ਮੁਕਤੀ ਲਾਭਾਂ ਸਬੰਧੀ ਕੇਸ ਮਹਾਂਲੇਖਾਕਾਰ, ਪੰਜਾਬ ਨੂੰ ਜ਼ਰੂਰੀ ਤਸਦੀਕ/ ਪ੍ਰਵਾਨਗੀ ਲਈ ਭੇਜਿਆ ਜਾਵੇਗਾ। ਮਹਾਂਲੇਖਾਕਾਰ, ਪੰਜਾਬ ਪਾਸੋਂ ਤਸਦੀਕ ਰਿਪੋਰਟ ਪ੍ਰਾਪਤ ਹੋਣ ਉਪਰੰਤ ਇਸ ਕਰਮਚਾਰੀ ਦੇ ਸੇਵਾ ਮੁਕਤੀ ਲਾਭਾਂ ਦੀ ਅਦਾਇਗੀ ਕਰ ਦਿੱਤੀ ਜਾਵੇਗੀ। |
| 2. | ਸੁਭਾਸ਼ ਚੰਦਰ ਸ਼ਰਮਾ | –ਉਹੀ– |
| 3. | ਕਮਲੇਸ਼ ਜੈਨ | –ਉਹੀ– |
| 4. | ਮਨਜੀਤ ਸਿੰਘ | –ਉਹੀ– |
| 5. | ਸੁਨੀਤਾ ਰਾਣੀ | –ਉਹੀ– |
| 6. | ਭੋਲਾ ਸਿੰਘ | ਚੌਕਸੀ ਵਿਭਾਗ ਵੱਲੋਂ ਸ੍ਰੀ ਅਮਰੀਕ ਸਿੰਘ, ਪੰਚਾਇਤ ਸਕੱਤਰ ਵਿਰੁੱਧ ਕੇਸ ਰਜਿਸਟਰਡ ਕਰਨ ਕਰਕੇ ਇਸ ਕਰਮਚਾਰੀ ਨੂੰ ਖਾਨਾ ਨੰ: 2 ਵਿੱਚ ਰੱਖਿਆ ਗਿਆ ਸੀ। ਹੁਣ ਚੌਕਸੀ ਵਿਭਾਗ ਅਤੇ ਵਿੱਤੀ ਵਿਭਾਗ ਵੱਲੋਂ ਦਿੱਤੀ ਸਲਾਹ ਦੇ ਮੱਦੇ ਨਜ਼ਰ ਕਰਮਚਾਰੀ ਦਾ ਪੈਨਸ਼ਨ ਕੇਸ ਮਹਾਂਲੇਖਾਕਾਰ, ਪੰਜਾਬ ਨੂੰ ਜ਼ਰੂਰੀ ਤਸਦੀਕ/ਪ੍ਰਵਾਨਗੀ ਲਈ ਭੇਜ ਦਿੱਤਾ ਗਿਆ ਹੈ। ਤਸਦੀਕ ਰਿਪੋਰਟ ਪ੍ਰਾਪਤ ਹੋਣ ਤੇ ਸੇਵਾ ਮੁਕਤੀ ਲਾਭਾਂ ਦੀ ਅਦਾਇਗੀ ਕਰ ਦਿੱਤੀ ਜਾਵੇਗੀ। |
| 7. | ਸੁਖਮਿੰਦਰ ਸਿੰਘ | ਚੌਕਸੀ ਵਿਭਾਗ ਵੱਲੋਂ ਮਿਤੀ 20.09.2017 ਨੂੰ ਉਸ ਨੂੰ ਰੰਗੇ ਹੱਥੀਂ ਗ੍ਰਿਫਤਾਰ ਕਰਨ ਕਾਰਨ ਅਤੇ ਉਸ ਵਿਰੁੱਧ ਕੇਸ ਰਜਿਸਟਰਡ ਹੋਣ ਕਾਰਨ ਇਸ ਕਰਮਚਾਰੀ ਦੇ ਸੇਵਾ ਮੁਕਤੀ ਲਾਭਾਂ ਦੀ ਅਦਾਇਗੀ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ। |

| | | |
|---|---|---|
| | | ਚੌਕਸੀ ਵਿਭਾਗ ਪਾਸੋਂ ਉਸ ਵਿਰੁੱਧ ਰਜਿਸਟਰਡ ਕੇਸ ਦਾ ਜੋ ਵੀ ਫੈਸਲਾ ਕੀਤਾ ਜਾਵੇਗਾ, ਉਸ ਫੈਸਲੇ ਅਨੁਸਾਰ ਸੇਵਾ ਮੁਕਤੀ ਲਾਭਾਂ ਦੀ ਅਦਾਇਗੀ ਕਰਨ ਬਾਰੇ ਉਸ ਸਮੇਂ ਕਾਰਵਾਈ ਕੀਤੀ ਜਾਵੇਗੀ। |
| 8. | ਸਰਦਾਰ ਸਿੰਘ | ਇਸ ਕਰਮਚਾਰੀ ਵੱਲੋਂ ਆਡਿਟ ਰਿਪੋਰਟਾਂ ਲੇਟ ਭੇਜਣ ਕਾਰਨ ਉਸ ਦਾ ਬੇ-ਬਾਕੀ ਸਰਟੀਫਿਕੇਟ ਹੁਣ ਜਾਰੀ ਕਰਕੇ ਪੈਨਸ਼ਨ ਕੇਸ ਮਹਾਂਲੇਖਾਕਾਰ ਪੰਜਾਬ ਨੂੰ ਜ਼ਰੂਰੀ ਤਸਦੀਕ/ਪ੍ਰਵਾਨਗੀ ਲਈ ਭੇਜ ਦਿੱਤਾ ਗਿਆ ਹੈ। ਤਸਦੀਕ ਪੱਤਰ ਪ੍ਰਾਪਤ ਹੋਣ ਤੇ ਸੇਵਾ ਮੁਕਤੀ ਲਾਭ ਰਿਲੀਜ਼ ਕਰ ਦਿੱਤੇ ਜਾਣਗੇ। |
| 9. | ਸਰੋਜ ਬਾਲਾ | ਮਹਾਂਲੇਖਾਕਾਰ, ਪੰਜਾਬ ਵੱਲੋਂ 49 ਛਿਮਾਹੀਆਂ ਦੀ ਥਾਂ ਤੇ 52 ਛਿਮਾਹੀਆਂ ਦਾ ਲਾਭ ਦਿੱਤਾ ਹੋਣ ਕਾਰਨ ਇਸ ਵਿੱਚ ਲੋੜੀਂਦੀ ਸੋਧ ਲਈ ਮੁੜ ਮਹਾਂਲੇਖਾਕਾਰ, ਪੰਜਾਬ ਨੂੰ ਲਿਖਿਆ ਹੋਇਆ ਹੈ। ਸ਼ੁੱਧੀ ਉਪਰੰਤ ਤਸਦੀਕ ਪੱਤਰ ਪ੍ਰਾਪਤ ਹੋਣ ਤੇ ਸੇਵਾ ਮੁਕਤੀ ਲਾਭ ਰਿਲੀਜ਼ ਕਰ ਦਿੱਤੇ ਜਾਣਗੇ। |
| 10. | ਅਮਰਜੀਤ ਸਿੰਘ | ਸੇਵਾ ਮੁਕਤੀ ਲਾਭਾਂ ਦਾ ਕੇਸ ਮਹਾਂਲੇਖਾਕਾਰ, ਪੰਜਾਬ ਨੂੰ ਜ਼ਰੂਰੀ ਤਸਦੀਕ ਲਈ ਭੇਜਿਆ ਹੋਇਆ ਹੈ। ਲੋੜੀਂਦੀ ਤਸਦੀਕ ਰਿਪੋਰਟ ਪ੍ਰਾਪਤ ਹੋਣ ਤੇ ਸੇਵਾ ਮੁਕਤੀ ਲਾਭ ਰਿਲੀਜ਼ ਕਰ ਦਿੱਤੇ ਜਾਣਗੇ। |
| 11. | ਰਾਮ ਲਾਲ | ਸੇਵਾ ਮੁਕਤੀ ਲਾਭਾਂ ਦਾ ਕੇਸ ਮਹਾਂਲੇਖਾਕਾਰ, ਪੰਜਾਬ ਨੂੰ ਜ਼ਰੂਰੀ ਤਸਦੀਕ ਲਈ ਭੇਜਿਆ ਹੋਇਆ ਹੈ। ਲੋੜੀਂਦੀ ਤਸਦੀਕ ਰਿਪੋਰਟ ਪ੍ਰਾਪਤ ਹੋਣ ਤੇ ਸੇਵਾ ਮੁਕਤੀ ਲਾਭ ਰਿਲੀਜ਼ ਕਰ ਦਿੱਤੇ ਜਾਣਗੇ। |

© 2018

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਪਟਿਆਲਾ ਵਿਖੇ ਟਾਈਪਸੈਟ ਕਰਵਾਕੇ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ ਤੋਂ ਛਾਪੀ ਗਈ।